Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA




Vol. 19, Issue- 863, 17 to 23 July, 2025, Ph: 916-320-9444, E-mail: punjabmailusa@yahoo.com, Web: punjabmailusa.com

## ਅਮਰੀਕਾ ਵੀਜ਼ਾ ਬੁਲੇਟਿਨ
## ਪਰਿਵਾਰਕ ਸਪਾਂਸਰਡ ਵੀਜ਼ਾ ਅਰਜ਼ੀਆਂ ਦੇ ਨਿਪਟਾਰੇ 'ਚ ਹੋਈ ਮਾਮੂਲੀ ਹਿਲਜੁੱਲ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਯੂ.ਐੱਸ. ਡਿਪਾਰਟਮੈਂਟ ਆਫ ਸਟੇਟ ਵੱਲੋਂ ਅਗਸਤ 2025 ਦਾ ਵੀਜ਼ਾ ਬੁਲੇਟਿਨ ਜਾਰੀ ਕਰ ਦਿੱਤਾ ਗਿਆ ਹੈ। ਇਸ ਮਹੀਨੇ ਮਾਮੂਲੀ ਜਿਹੀ ਹਿਲਜੁਲ ਦੇਖਣ ਨੂੰ ਮਿਲੀ ਹੈ।




ਫਾਈਨਲ ਐਕਸ਼ਨ ਡੇਟ ਵਿਚ F-1 ਕੈਟਾਗਰੀ 'ਚ ਆਉਂਦੇ ਅਮਰੀਕਨ ਸਿਟੀਜ਼ਨ ਦੇ 21 ਸਾਲ ਤੋਂ ਘੱਟ ਉਮਰ ਦੇ ਅਣਵਿਆਹੇ ਬੱਚੇ, ਉਨ੍ਹਾਂ ਦੀ ਸਮਾਂ ਸੂਚੀ 15 ਜੁਲਾਈ, 2016 ਦਰਸਾ ਰਹੀ ਹੈ।

ਗਰੀਨ ਕਾਰਡ ਹੋਲਡਰ ਪਤੀ-ਪਤਨੀ ਦੇ 21 ਸਾਲ ਤੋਂ ਘੱਟ ਬੱਚੇ, ਜਿਹੜੇ ਕਿ F-2A ਕੈਟਾਗਰੀ 'ਚ ਆਉਂਦੇ ਹਨ, ਉਨ੍ਹਾਂ ਦੀ ਤਰੀਕ 1 ਸਤੰਬਰ, 2022 ਚੱਲ ਰਹੀ ਹੈ।

ਗਰੀਨ ਕਾਰਡ ਹੋਲਡਰ ਵੱਲੋਂ ਅਪਲਾਈ ਕੀਤੇ 21 ਸਾਲ ਤੋਂ ਵੱਧ ਉਮਰ ਦੇ ਬੱਚੇ, ਜੋ ਕਿ F-2B ਕੈਟਾਗਰੀ ਨਾਲ ਸੰਬੰਧਤ ਹਨ, ਅਰਜ਼ੀਕਾਰਾਂ ਦੀ ਉਡੀਕ ਮਿਤੀ ਇਸ ਵੇਲੇ 15 ਅਕਤੂਬਰ, 2016 ਚੱਲ ਰਹੀ ਹੈ।

ਯੂ.ਐੱਸ. ਸਿਟੀਜ਼ਨ ਦੇ ਵਿਆਹੇ ਹੋਏ ਬੱਚੇ ਤੇ ਉਨ੍ਹਾਂ ਦੇ ਅੱਗਿਓਂ ਛੋਟੇ ਬੱਚੇ ਯਾਨੀ ਕਿ F-3 ਕੈਟਾਗਰੀ ਲਈ ਜਿਨ੍ਹਾਂ ਨੇ ਅਪਲਾਈ ਕੀਤਾ ਹੈ, ਉਨ੍ਹਾਂ ਦੀ ਤਰੀਕ 1 ਅਗਸਤ, 2011 ਦਰਸਾ ਰਹੀ ਹੈ।

ਅਮਰੀਕਾ ਦੇ ਜਿਹੜੇ ਸਿਟੀਜ਼ਨ ਨਾਗਰਿਕਾਂ ਵੱਲੋਂ ਭਾਰਤ 'ਚ ਰਹਿ ਰਹੇ ਆਪਣੇ ਭੈਣਾਂ-ਭਰਾਵਾਂ ਨੂੰ F-4 ਕੈਟਾਗਰੀ ਲਈ ਅਪਲਾਈ ਕੀਤਾ ਹੈ, ਅਤੇ ਭੈਣ-ਭਰਾਵਾਂ ਅਤੇ ਉਨ੍ਹਾਂ ਦੇ ਬੱਚੇ ਜਿਹੜੇ 21 ਸਾਲ ਤੋਂ ਘੱਟ ਹਨ, ਉਨ੍ਹਾਂ ਲਈ ਤਰੀਕ 1 ਨਵੰਬਰ, 2006 ਚੱਲ ਰਹੀ ਹੈ।

ਪਰਿਵਾਰਕ ਸਪਾਂਸਰਡ ਵੀਜ਼ਾ ਅਰਜ਼ੀਆਂ ਭਰਨ ਦੀਆਂ ਤਾਰੀਖ਼ਾਂ ਲਈ ਅਗਸਤ ਵੀਜ਼ਾ ਬੁਲੇਟਿਨ ਦੀਆਂ ਤਰੀਕਾਂ ਇਸ ਤਰ੍ਹਾਂ ਹਨ :

F-4 ਕੈਟਾਗਰੀ ਲਈ 1 ਦਸੰਬਰ, 2006, F-3 ਕੈਟਾਗਰੀ ਲਈ 22 ਜੁਲਾਈ, 2012, F-2B ਕੈਟਾਗਰੀ ਲਈ 1 ਜਨਵਰੀ, 2017, F-2A ਕੈਟਾਗਰੀ ਲਈ 1 ਅਪ੍ਰੈਲ 2025 ਅਤੇ F-1 ਕੈਟਾਗਰੀ ਲਈ 1 ਸਤੰਬਰ 2017 ਵਾਲਿਆਂ ਕੋਲੋਂ ਸਪੋਰਟਿੰਗ ਪੇਪਰ ਮੰਗਵਾਏ ਜਾ ਰਹੇ ਹਨ।

## ਪੰਜਾਬ ਵਿਧਾਨ ਸਭਾ ਵੱਲੋਂ ਬੇਅਦਬੀ-ਰੋਕੂ ਬਿਲ ਸਿਲੈਕਟ ਕਮੇਟੀ ਕੋਲ ਭੇਜਣ ਦਾ ਫ਼ੈਸਲਾ

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੇ ਆਖਰੀ ਦਿਨ ਸਦਨ ਨੇ ਬੇਅਦਬੀ ਖ਼ਿਲਾਫ਼ ਬਿੱਲ ਵਿਧਾਨ ਸਭਾ ਦੀ ਸਿਲੈਕਟ ਕਮੇਟੀ ਹਵਾਲੇ ਕਰਨ ਦਾ ਫ਼ੈਸਲਾ ਕੀਤਾ, ਤਾਂ ਜੋ ਕਾਨੂੰਨ ਬਣਾਉਣ ਤੋਂ ਪਹਿਲਾਂ ਪ੍ਰਸਤਾਵਿਤ ਬਿੱਲ 'ਤੇ ਲੋਕਾਂ ਦੀ ਰਾਇ ਲਈ ਜਾ ਸਕੇ। ਮੁੱਖ ਮੰਤਰੀ ਭਗਵੰਤ ਮਾਨ ਨੇ ਸੋਮਵਾਰ ਨੂੰ ਸਦਨ 'ਚ 'ਪੰਜਾਬ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧ ਰੋਕਥਾਮ ਬਿੱਲ-2025' ਪੇਸ਼ ਕੀਤਾ ਸੀ, ਜਿਸ 'ਤੇ ਕਈ ਘੰਟੇ ਬਹਿਸ ਹੋਈ। ਬਿੱਲ ਬਾਰੇ ਲੋਕਾਂ ਤੋਂ ਸਲਾਹ-ਮਸ਼ਵਰਾ ਲੈਣ ਲਈ ਮੁੱਖ ਮੰਤਰੀ ਨੇ ਇਹ ਬਿੱਲ ਸਿਲੈਕਟ ਕਮੇਟੀ ਕੋਲ ਭੇਜਣ ਦਾ ਫ਼ੈਸਲਾ ਲਿਆ। ਬਹਿਸ ਦੌਰਾਨ ਹਾਕਮ ਧਿਰ ਨੇ ਬੇਅਦਬੀ ਦੀਆਂ ਘਟਨਾਵਾਂ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਅਤੇ ਇਸ



ਮਾਮਲੇ 'ਚ ਨਿਆਂ 'ਚ ਦੇਰੀ ਲਈ ਕਾਂਗਰਸ ਨੂੰ ਜ਼ਿੰਮੇਵਾਰ ਦੱਸਿਆ। ਵਿਰੋਧੀ ਧਿਰ ਨੇ ਮੋੜਵੇਂ ਜੁਆਬ ਤਹਿਤ ਹਾਕਮ ਧਿਰ ਨੂੰ ਬੇਅਦਬੀ ਦੇ ਮਾਮਲਿਆਂ 'ਚ 24 ਘੰਟੇ ਦੇ ਅੰਦਰ ਇਨਸਾਫ਼ ਦਿਵਾਉਣ ਵਾਲੇ ਚੋਣ ਵਾਅਦਿਆਂ ਦਾ ਚੇਤਾ ਕਰਾਇਆ। ਭਖਵੀਂ ਬਹਿਸ ਮਗਰੋਂ ਪੰਜਾਬ ਵਿਧਾਨ ਸਭਾ ਦਾ ਚਾਰ ਰੋਜ਼ਾ ਵਿਸ਼ੇਸ਼ ਇਜਲਾਸ ਸਮਾਪਤ ਹੋ ਗਿਆ ਅਤੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਬੇਅਦਬੀ ਖ਼ਿਲਾਫ਼ ਬਿੱਲ ਤੇ ਨਸ਼ਿਆਂ ਦੇ ਮੁੱਦੇ 'ਤੇ ਬਹਿਸ ਮੁਕੰਮਲ ਹੋਣ ਮਗਰੋਂ ਸਦਨ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤਾ।

ਬੇਅਦਬੀ ਖ਼ਿਲਾਫ਼ ਬਿੱਲ 'ਤੇ ਬਹਿਸ ਨੂੰ ਸਿਖਰ ਦਿੰਦਿਆਂ ਮੁੱਖ ਮੰਤਰੀ ਨੇ ਬਿੱਲ ਨੂੰ ਸਿਲੈਕਟ ਕਮੇਟੀ ਕੋਲ ਭੇਜ ਕੇ ਚਾਰ ਮਹੀਨੇ ਦੀ ਸਮਾਂ-ਸੀਮਾ ਤੈਅ ਕਰਨ ਦਾ ਮਸ਼ਵਰਾ ਦਿੱਤਾ।

■ ਬਾਕੀ ਖਬਰ ਸਫਾ 19 'ਤੇ

## ਡੌਂਕੀ ਰੂਟ ਮਾਮਲਾ: ਈ.ਡੀ. ਦੇ ਛਾਪਿਆਂ ਦੌਰਾਨ ਫ਼ਰਜ਼ੀ ਦਸਤਾਵੇਜ਼ ਬਰਾਮਦ

**ਜਲੰਧਰ, (ਪੰਜਾਬ ਮੇਲ)**- ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਗ਼ੈਰਕਾਨੂੰਨੀ 'ਡੰਕੀ ਰੂਟ' ਨੈੱਟਵਰਕ ਖ਼ਿਲਾਫ਼ ਕਾਰਵਾਈ ਕਰਦਿਆਂ ਪੰਜਾਬ ਤੇ ਹਰਿਆਣਾ ਦੇ ਕਈ ਸ਼ਹਿਰਾਂ 'ਚ ਮਾਰੇ ਛਾਪਿਆਂ ਦੌਰਾਨ ਵੱਡੀ ਮਾਤਰਾ 'ਚ ਫ਼ਰਜ਼ੀ ਦਸਤਾਵੇਜ਼, ਕਈ ਦੇਸ਼ਾਂ ਦੀਆਂ ਜਾਅਲੀ ਮੋਹਰਾਂ, ਵੀਜ਼ਾ ਟੈਂਪਲੇਟ ਅਤੇ ਇਤਰਾਜ਼ਯੋਗ ਸਮੱਗਰੀ ਬਰਾਮਦ ਕੀਤੀ ਹੈ। ਈ.ਡੀ. ਨੇ ਪੰਜਾਬ ਦੇ ਮਾਨਸਾ ਅਤੇ ਹਰਿਆਣਾ ਦੇ ਕੁਰੂਕਸ਼ੇਤਰ ਤੇ ਕਰਨਾਲ ਸਮੇਤ ਕਈ ਥਾਵਾਂ 'ਤੇ ਛਾਪੇ ਮਾਰੇ ਸਨ। ਈ.ਡੀ. ਅਧਿਕਾਰੀਆਂ ਵੱਲੋਂ ਜਾਰੀ ਅਧਿਕਾਰਿਤ ਬਿਆਨ ਅਨੁਸਾਰ, ਇਹ ਕਾਰਵਾਈ 9 ਜੁਲਾਈ ਨੂੰ ਮਾਰੇ



ਛਾਪਿਆਂ ਦੌਰਾਨ ਮਿਲੇ ਸਬੂਤਾਂ ਦੇ ਆਧਾਰ 'ਤੇ ਕੀਤੀ ਗਈ ਸੀ। ਮੰਨਿਆ ਜਾ ਰਿਹਾ ਹੈ ਕਿ ਇਨ੍ਹਾਂ ਜਾਅਲੀ ਦਸਤਾਵੇਜ਼ਾਂ ਦੀ ਵਰਤੋਂ ਗੈਰ-ਕਾਨੂੰਨੀ ਢੰਗ ਨਾਲ ਵਿਦੇਸ਼ਾਂ 'ਚ ਪੈਸੇ ਭੇਜਣ ਵਾਲੇ ਰੈਕੇਟ ਵੱਲੋਂ ਕੀਤੀ ਜਾ ਰਹੀ ਸੀ। ਅਮਰੀਕਾ ਵੱਲੋਂ ਪਿਛਲੇ ਸਮੇਂ ਦੌਰਾਨ ਕੁੱਝ ਪੰਜਾਬੀਆਂ ਨੂੰ ਡਿਪੋਰਟ ਕਰਕੇ ਫੌਜੀ ਜਹਾਜ਼ਾਂ ਰਾਹੀਂ ਅੰਮ੍ਰਿਤਸਰ ਏਅਰਪੋਰਟ ਭੇਜਿਆ ਗਿਆ ਸੀ।

■ ਬਾਕੀ ਖਬਰ ਸਫਾ 19 'ਤੇ

## ਮੈਰਾਥਨ ਦੌੜਾਕ ਫੌਜਾ ਸਿੰਘ ਨੂੰ ਟੱਕਰ ਮਾਰਨ ਵਾਲਾ ਦੋਸ਼ੀ ਗ੍ਰਿਫ਼ਤਾਰ

**ਜਲੰਧਰ, (ਪੰਜਾਬ ਮੇਲ)**- ਪੁਲਿਸ ਨੇ ਮੈਰਾਥਨ ਦੌੜਾਕ ਫੌਜਾ ਸਿੰਘ ਨੂੰ ਟੱਕਰ ਮਾਰਨ ਵਾਲੇ ਵਿਅਕਤੀ ਨੂੰ ਫਾਰਚੂਨਰ ਗੱਡੀ ਸਣੇ ਕਾਬੂ ਕਰ ਲਿਆ ਹੈ। ਫੌਜਾ ਸਿੰਘ ਦੀ ਬੀਤੇ ਦਿਨੀਂ ਸੜਕ ਹਾਦਸੇ 'ਚ ਮੌਤ ਹੋ ਗਈ ਸੀ। ਐੱਸ.ਐੱਸ.ਪੀ. ਜਲੰਧਰ ਦਿਹਾਤੀ ਹਰਵਿੰਦਰ ਐੱਸ. ਵਿਰਕ ਨੇ ਕਾਰ ਨੰਬਰ ਪੀਬੀ 20 ਸੀ 7100 ਵਾਲੀ ਗੱਡੀ ਦੇ ਹਿੱਟ ਐਂਡ ਰਨ ਕੇਸ 'ਚ ਸ਼ਾਮਲ ਹੋਣ ਦੀ ਪੁਸ਼ਟੀ 'ਤੇ ਕਿਹਾ ਕਿ ਦੋਸ਼ੀ ਅੰਮ੍ਰਿਤਪਾਲ ਸਿੰਘ ਢਿੱਲੋਂ (26) ਵਾਸੀ ਦਾਸੂਪੁਰ ਨੂੰ ਉਸ ਦੇ ਘਰੋਂ ਵਾਹਨ ਸਣੇ ਕਾਬੂ ਕੀਤਾ ਗਿਆ ਹੈ। ਅੰਮ੍ਰਿਤਪਾਲ ਸਿੰਘ ਹਾਲ ਹੀ ਵਿਚ ਕੈਨੇਡਾ ਤੋਂ ਵਾਪਸ ਆਇਆ ਸੀ।

ਉਨ੍ਹਾਂ ਦੱਸਿਆ ਕਿ ਇਸ ਕਾਰ ਦੀ ਪਛਾਣ ਹਾਦਸੇ ਵਾਲੀ ਥਾਂ



- ਹਾਦਸੇ 'ਚ ਵਰਤੀ ਗਈ ਫਾਰਚੂਨਰ ਗੱਡੀ ਵੀ ਬਰਾਮਦ
- ਪੁਲਿਸ ਨੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਮਦਦ ਨਾਲ ਕੀਤੀ ਦੋਸ਼ੀ ਦੀ ਭਾਲ



ਡਿੱਗੀ ਹੈੱਡਲਾਈਟ ਤੇ ਬੰਪਰ ਦੇ ਹਿੱਸੇ ਸਣੇ ਇਸ ਦੇ ਗੁੰਮ ਹੋਏ ਹਿੱਸਿਆਂ ਤੋਂ ਹੋਈ ਸੀ। ਉਨ੍ਹਾਂ ਦੱਸਿਆ ਕਿ ਹਾਦਸੇ ਵਾਲੀ ਥਾਂ 'ਤੇ ਕੋਈ ਸੀ.ਸੀ.ਟੀ.ਵੀ. ਨਹੀਂ ਸੀ, ਜਿਸ ਕਰਕੇ ਪੁਲਿਸ ਟੀਮਾਂ ਨੂੰ ਘਟਨਾ ਸਥਾਨ ਦੇ ਨੇੜਲੀਆਂ ਥਾਵਾਂ ਤੋਂ ਸੀ.ਸੀ.ਟੀ.ਵੀ. ਫੁਟੇਜ ਇਕੱਠੀ ਕਰਨ 'ਚ ਕਾਫੀ ਸਮਾਂ ਲੱਗਾ।

■ ਬਾਕੀ ਖਬਰ ਸਫਾ 19 'ਤੇ

### ਮੈਰਾਥਨ ਦੌੜਾਕ ਫੌਜਾ ਸਿੰਘ ਅਸਧਾਰਨ ਸਨ : ਪ੍ਰਧਾਨ ਮੰਤਰੀ ਮੋਦੀ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 114 ਸਾਲਾ ਬਜ਼ੁਰਗ ਮੈਰਾਥਨ ਫੌਜਾ ਸਿੰਘ, ਜਿਨ੍ਹਾਂ ਦੀ ਸੋਮਵਾਰ ਨੂੰ ਇਕ ਸੜਕ ਹਾਦਸੇ ਵਿਚ ਮੌਤ ਹੋ ਗਈ ਸੀ, ਨੂੰ ਨਿੱਘੀ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਉਹ ਆਪਣੀ ਵਿਲੱਖਣ ਸ਼ਖ਼ਸੀਅਤ ਅਤੇ ਭਾਰਤ ਦੇ ਨੌਜਵਾਨਾਂ ਨੂੰ ਤੰਦਰੁਸਤੀ ਦੇ ਵਿਸ਼ੇ ਬਾਰੇ ਪ੍ਰੇਰਿਤ ਕਰਨ ਦੇ ਤਰੀਕੇ ਕਰਕੇ ਅਸਾਧਾਰਨ ਸਨ। ਪ੍ਰਧਾਨ ਮੰਤਰੀ ਨੇ ਕਿਹਾ, "ਫੌਜਾ ਸਿੰਘ ਜੀ ਆਪਣੀ ਵਿਲੱਖਣ ਸ਼ਖ਼ਸੀਅਤ ਅਤੇ ਤੰਦਰੁਸਤੀ ਜਿਹੇ ਮਹੱਤਵਪੂਰਨ ਵਿਸ਼ੇ 'ਤੇ ਭਾਰਤ ਦੇ ਨੌਜਵਾਨਾਂ ਨੂੰ ਪ੍ਰੇਰਿਤ ਕਰਨ ਦੇ ਤਰੀਕੇ ਕਰਕੇ ਅਸਾਧਾਰਨ ਸਨ।

### ਮੁੱਖ ਮੰਤਰੀ ਮਾਨ ਵੱਲੋਂ ਵੀ ਫੌਜਾ ਸਿੰਘ ਦੇ ਦੇਹਾਂਤ 'ਤੇ ਦੁੱਖ ਜ਼ਾਹਿਰ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਉੱਘੇ ਪੰਜਾਬੀ ਸਿੱਖ ਦੌੜਾਕ ਫੌਜਾ ਸਿੰਘ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਫੌਜਾ ਸਿੰਘ ਜੀ ਨੇ ਆਪਣੀਆਂ ਲੰਬੀਆਂ ਦੌੜਾਂ ਦੀ ਬਦੌਲਤ ਪੂਰੀ ਦੁਨੀਆਂ ਵਿਚ ਸਿੱਖ ਕੌਮ ਦਾ ਨਾਂ ਰੌਸ਼ਨ ਕੀਤਾ। ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਫੌਜਾ ਸਿੰਘ ਜੀ ਹਮੇਸ਼ਾ ਸਾਡੇ ਦਿਲਾਂ ਅਤੇ ਚੇਤਿਆਂ 'ਚ ਜਿਉਂਦੇ ਰਹਿਣਗੇ।

## ਲਾਸ ਏਂਜਲਸ 'ਚ ਨੈਸ਼ਨਲ ਗਾਰਡ ਸੈਨਿਕਾਂ ਦੀ ਗਿਣਤੀ ਅੱਧੀ ਕਰਨ ਦਾ ਫੈਸਲਾ

- ਜੂਨ ਦੀ ਸ਼ੁਰੂਆਤ ਤੋਂ ਲਗਭਗ 4,000 ਨੈਸ਼ਨਲ ਗਾਰਡ ਸੈਨਿਕ ਅਤੇ 700 ਮਰੀਨ ਕੀਤੇ ਗਏ ਤਾਇਨਾਤ




**ਲਾਸ ਏਂਜਲਸ, (ਪੰਜਾਬ ਮੇਲ)**- ਅਮਰੀਕੀ ਰੱਖਿਆ ਮੰਤਰਾਲੇ ਦੇ ਮੁੱਖ ਦਫਤਰ ਪੈਂਟਾਗਨ ਨੇ ਐਲਾਨ ਕੀਤਾ ਹੈ ਕਿ ਟਰੰਪ ਪ੍ਰਸ਼ਾਸਨ ਦੀਆਂ ਇਮੀਗ੍ਰੇਸ਼ਨ ਨੀਤੀਆਂ ਖ਼ਿਲਾਫ਼ ਪ੍ਰਦਰਸ਼ਨਾਂ ਨੂੰ ਕੰਟਰੋਲ ਕਰਨ ਲਈ ਲਾਸ ਏਂਜਲਸ ਵਿਚ ਤਾਇਨਾਤ 2,000 ਨੈਸ਼ਨਲ ਗਾਰਡ ਸੈਨਿਕਾਂ ਨੂੰ ਵਾਪਸ ਬੁਲਾਇਆ ਜਾ ਰਿਹਾ ਹੈ। ਜੂਨ ਦੀ ਸ਼ੁਰੂਆਤ ਤੋਂ ਲਾਸ ਏਂਜਲਸ ਵਿਚ ਲਗਭਗ 4,000 ਨੈਸ਼ਨਲ ਗਾਰਡ ਸੈਨਿਕ ਅਤੇ 700 ਮਰੀਨ ਤਾਇਨਾਤ ਕੀਤੇ ਗਏ ਹਨ। ਸੈਨਿਕਾਂ ਦੀ ਗਿਣਤੀ ਅੱਧੀ ਕਰਨ ਦਾ ਫੈਸਲਾ ਕੀਤਾ ਗਿਆ ਹੈ, ਹਾਲਾਂਕਿ ਇਹ ਅਜੇ ਸਪੱਸ਼ਟ ਨਹੀਂ ਹੈ ਕਿ ਸੈਨਿਕਾਂ ਨੂੰ ਕਿਉਂ ਵਾਪਸ ਬੁਲਾਇਆ ਜਾ ਰਿਹਾ ਹੈ ਅਤੇ ਬਾਕੀ ਸੈਨਿਕਾਂ ਨੂੰ ਕਿੰਨੇ ਸਮੇਂ ਲਈ ਤਾਇਨਾਤ ਕੀਤਾ ਜਾਵੇਗਾ। ਲਾਸ ਏਂਜਲਸ ਵਿਚ ਤਾਇਨਾਤ ਸੈਨਿਕਾਂ ਦੇ ਇੰਚਾਰਜ ਚੋਟੀ ਦੇ ਫੌਜੀ ਕਮਾਂਡਰ ਨੇ ਜੂਨ ਦੇ ਅਖੀਰ ਵਿਚ ਰੱਖਿਆ ਮੰਤਰੀ ਪੀਟ ਹੇਗਸੇਥ ਨੂੰ ਬੇਨਤੀ ਕੀਤੀ ਸੀ ਕਿ ਉਹ ਕੈਲੀਫੋਰਨੀਆ ਦੇ ਜੰਗਲਾਂ ਵਿਚ ਲੱਗੀ ਅੱਗ ਨੂੰ ਬੁਝਾਉਣ ਲਈ ਉਨ੍ਹਾਂ ਵਿਚੋਂ 200 ਸੈਨਿਕ ਭੇਜਣ।

■ ਬਾਕੀ ਖਬਰ ਸਫਾ 19 'ਤੇ

## ਭਾਰਤੀ ਨਰਸ ਨਿਮਿਸ਼ਾ ਪ੍ਰਿਆ ਦੀ ਫਾਂਸੀ ਦੀ ਸਜ਼ਾ ਮੁਲਤਵੀ

**ਨਵੀਂ ਦਿੱਲੀ, (ਪੰਜਾਬ ਮੇਲ)**- ਸਰਕਾਰੀ ਸੂਤਰਾਂ ਨੇ ਮੰਗਲਵਾਰ ਨੂੰ ਦੱਸਿਆ ਕਿ ਯਮਨ ਵਿਚ ਸਜ਼ਾ-ਏ-ਮੌਤ ਦਾ ਸਾਹਮਣਾ ਕਰ ਰਹੀ ਭਾਰਤੀ ਨਰਸ ਕੇਰਲ ਦੀ ਨਿਮਿਸ਼ਾ ਪ੍ਰਿਆ ਦੀ ਫਾਂਸੀ ਦੀ ਕਾਰਵਾਈ ਯਮਨ ਦੇ ਅਧਿਕਾਰੀਆਂ ਨੇ ਮੁਲਤਵੀ ਕਰ ਦਿੱਤੀ ਹੈ। ਉਸ ਨੂੰ ਫਾਂਸੀ ਦੇਣ ਲਈ ਬੁੱਧਵਾਰ ਦੀ ਤਰੀਕ ਤੈਅ ਕੀਤੀ ਗਈ ਸੀ।

ਕੇਰਲ ਦੇ ਪਲੱਕੜ ਜ਼ਿਲ੍ਹੇ ਦੇ ਕੋਲੇਨਗੋਡ ਦੀ ਰਹਿਣ ਵਾਲੀ ਪ੍ਰਿਆ ਨੂੰ ਜੁਲਾਈ 2017 ਵਿਚ ਹੋਈ ਇੱਕ ਯਮਨੀ ਨਾਗਰਿਕ ਦੀ ਹੱਤਿਆ ਦਾ ਦੋਸ਼ੀ ਪਾਇਆ ਗਿਆ ਹੈ।

ਸੂਤਰਾਂ ਨੇ ਦੱਸਿਆ ਕਿ ਇਹ ਪਤਾ ਲੱਗਾ ਹੈ ਕਿ ਯਮਨ ਦੇ ਸਥਾਨਕ ਅਧਿਕਾਰੀਆਂ ਨੇ 16 ਜੁਲਾਈ ਨੂੰ



- ਭਾਰਤ ਸਰਕਾਰ ਦੀਆਂ ਕੋਸ਼ਿਸ਼ਾਂ ਸਦਕਾ ਰੁਕੀ ਸਜ਼ਾ ਦੀ ਕਾਰਵਾਈ
- ਭਾਰਤ ਵੱਲੋਂ ਸ਼ੁਰੂ ਤੋਂ ਹੀ ਕੀਤੀ ਜਾ ਰਹੀ ਹੈ ਹਰ ਸੰਭਵ ਮਦਦ

ਨਿਰਧਾਰਤ ਫਾਂਸੀ ਨੂੰ ਮੁਲਤਵੀ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੇ ਹਾਲ ਹੀ ਦੇ ਦਿਨਾਂ ਵਿਚ ਪ੍ਰਿਆ ਦੇ ਪਰਿਵਾਰ ਨੂੰ ਦੂਜੀ ਧਿਰ ਨਾਲ "ਆਪਸੀ ਸਹਿਮਤੀ ਵਾਲੇ" ਹੱਲ 'ਤੇ ਪਹੁੰਚਣ ਲਈ ਹੋਰ ਸਮਾਂ ਮੰਗਣ ਲਈ ਠੋਸ ਯਤਨ ਕੀਤੇ ਹਨ।

2020 ਵਿਚ, ਇੱਕ ਯਮਨ ਦੀ ਅਦਾਲਤ ਨੇ ਉਸਨੂੰ ਮੌਤ ਦੀ ਸਜ਼ਾ ਸੁਣਾਈ ਅਤੇ ਦੇਸ਼ ਦੀ ਸੁਪਰੀਮ ਜੁਡੀਸ਼ੀਅਲ ਕੌਂਸਲ ਨੇ ਨਵੰਬਰ 2023 ਵਿਚ ਇਸ ਸਜ਼ਾ ਖ਼ਿਲਾਫ਼ ਉਸਦੀ ਅਪੀਲ ਖਾਰਜ ਕਰ ਦਿੱਤੀ। 38 ਸਾਲਾ ਨਰਸ ਇਸ ਸਮੇਂ ਯਮਨ ਦੀ ਰਾਜਧਾਨੀ ਸਨਾ ਦੀ ਇੱਕ ਜੇਲ੍ਹ ਵਿਚ ਬੰਦ ਹੈ, ਜੋ ਕਿ ਇਰਾਨ ਸਮਰਥਿਤ ਹੂਥੀ/ਹੌਸੀ ਬਾਗ਼ੀਆਂ ਦੇ ਕੰਟਰੋਲ ਹੇਠ ਹੈ।

■ ਬਾਕੀ ਖਬਰ ਸਫਾ 19 'ਤੇ


International Punjabi Culture Academy (Non Profit)
(Non Profit Tax Deductive (IRC) section 501 (c) (3) # 82-1268411)
17th Annual Women Festival
Free Entry
Only For Ladies
Tiyaan Teej Diyan
ਤੀਆਂ ਤੀਜ ਦੀਆਂ
August 9th, Saturday, 2025
(2.00pm to 6.00 pm)
ਐਲਕ ਗਰੋਵ ਪਾਰਕ ਵਿਚ
9 ਅਗਸਤ 2025
ਦਿਨ ਸ਼ਨੀਵਾਰ
(ਦੁਪਿਹਰ 2.00 ਤੋਂ ਸ਼ਾਮ 6.00 ਵਜੇ ਤੱਕ)
Attractions : Gidha, Bhangra, Duets, Folk Song, Open Gidha with Dhol & Dholki, Mehndi, Boutiques, Jewellery much more.
ਗੀਤ, ਸੰਗੀਤ, ਗਿੱਧਾ, ਬੋਲੀਆਂ, ਡੀ.ਜੇ. ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਮਨੋਰੰਜਕ ਆਈਟਮਾਂ
Team Enter and Information
916-240-6969, 916-753-5933, 916-897-4414
Elk Grove Regional Park, 9950 Elk Grove Florin Rd, Elk Grove CA 95624
Designed By Punjab Mail USA
TV Coverage by PUNJAB MAIL USA TV Channel
Sponsor
FIVE STAR BANK



# VALLEJO TEEYAN MELA 2025

## Sunday July 20th, 2025 from 12-6pm

**Hosted By**



**Asha Sharma**

*Only for Ladies and Children*

**At Dan Foley Cultural Center**

**(Behind Sutter Solano Hospital)**

**1498 N Camino Alto, Vallejo, CA 94589**

**Special Attractions include Mehndi, Indian Clothing and Jewelry Booths.**

**Organizer**



**Sunita Verma**



**Come and enjoy a day filled with entertainment and festiveties, including Punjabi Folk songs and dances, Gidha, Boliyan and much more...**

*To Participate Rent Space for a booth, or Sponsor, Please Contact:*

# SUNITA VERMA : 707-853-9006

**Email: sonalideep@gmail.com**

Copyright@Punjab Mail USA

"Let us make your event a dream come true"
TOUCH OF ELEGANCE DECOR
Cristy
510-672-8118
Flamingo Banquet Hall & Catering
ARIA
FINE DINING, BAR, CATERING & BANQUET HALLS
ANTIOCH Taphouse & Restaurant
Pardeep - Paul
(510) 325-8433
Catering up to 5000 guest anywhere in California with full services



CHINNA JEWELLERS INC



Inderjit Singh
7454 Stockton Blvd Suite A,
Sacramento, CA 95823



D D Sharma
Real Estate Consultant
DRE #01744678
707-365-9385(cell)

Din D Sharma
REAL ESTATE
Specialize in:
Residential, Hotel, Motel,
Gas Stations and Liquor Stores etc.
510 Meadow Valley Cir.
Fairfield, CA 94534
Phone:707-864-6181
Fax:707-864-4276
din.sharma@aol.com

Residential, Loan Mod, Short Sale & Commercial Real Estate

# ਕੈਲੀਫੋਰਨੀਆ 'ਚ ਪ੍ਰਵਾਸੀਆਂ ਦੀ ਫੜੋਫੜੀ 'ਤੇ ਜੱਜ ਵੱਲੋਂ ਆਰਜ਼ੀ ਰੋਕ

**■ ਸੰਘੀ ਅਧਿਕਾਰੀਆਂ ਨੂੰ ਛਾਪਾ ਮਾਰਨ ਤੋਂ ਪਹਿਲਾਂ ਜਾਇਜ਼ ਕਾਰਨ ਦੱਸਣ ਲਈ ਕਿਹਾ**

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਪੂਰੇ ਦੱਖਣੀ ਕੈਲੀਫੋਰਨੀਆ 'ਚ ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਫੜਨ ਲਈ ਜਨਤਕ ਤੇ ਕੰਮ ਵਾਲੀਆਂ ਥਾਵਾਂ ਉਪਰ ਛਾਪੇ ਮਾਰਨ ਕਾਰਨ ਬਣੇ ਬੇਯਕੀਨੀ ਵਾਲੇ ਮਾਹੌਲ ਦੇ ਦਰਮਿਆਨ ਇਕ ਜੱਜ ਨੇ ਆਰਜੀ ਤੌਰ 'ਤੇ ਪ੍ਰਵਾਸੀਆਂ ਵਿਰੁੱਧ ਕਾਰਵਾਈ 'ਤੇ ਰੋਕ ਲਾ ਦਿੱਤੀ ਹੈ। ਜੱਜ ਨੇ ਦਾਇਰ ਇਕ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਸੰਘੀ ਅਧਿਕਾਰੀਆਂ ਨੂੰ ਕਿਹਾ ਹੈ ਕਿ ਲਾਸ ਏਂਜਲਸ ਸਮੇਤ ਕੈਲੀਫੋਰਨੀਆ ਦੇ ਕੇਂਦਰੀ ਜ਼ਿਲ੍ਹੇ ਵਿਚ ਪ੍ਰਵਾਸੀਆਂ ਦੀਆਂ ਗ੍ਰਿਫਤਾਰੀਆਂ ਤੋਂ ਪਹਿਲਾਂ ਇਸ ਸਬੰਧੀ ਉਚਿਤ ਕਾਰਨ ਦੱਸਿਆ ਜਾਵੇ। ਜੱਜ ਨੇ ਕਿਹਾ ਕਿ ਜਾਤ, ਨਸਲ, ਧਰਮ ਜਾਂ ਭਾਸ਼ਾ ਦੇ ਆਧਾਰ 'ਤੇ ਕਿਸੇ ਨੂੰ ਵੀ ਗ੍ਰਿਫਤਾਰ ਨਾ ਕੀਤਾ ਜਾਵੇ। ਜੱਜ ਦੇ ਇਹ ਆਦੇਸ਼ ਬੀਤੇ ਦਿਨੀਂ ਭੰਗ ਦੇ ਇਕ ਫਾਰਮ ਤੋਂ ਅੰਦਾਜ਼ਨ 200 ਪ੍ਰਵਾਸੀਆਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਆਏ ਹਨ। ਬਿਨਾਂ ਕੋਈ ਕਾਰਨ ਦੱਸੇ ਪ੍ਰਵਾਸੀਆਂ



ਦੀ ਫੜੋਫੜੀ ਕਾਰਨ ਪ੍ਰਵਾਸੀ ਕਾਮਿਆਂ ਤੇ ਸੰਘੀ ਅਧਿਕਾਰੀਆਂ ਵਿਚਾਲੇ ਟਕਰਾਅ ਵਾਲੇ ਹਾਲਾਤ ਬਣ ਗਏ ਹਨ। ਛਾਪੇ ਦੌਰਾਨ ਸੰਘੀ ਏਜੰਟਾਂ ਉਪਰ ਹਮਲਾ ਹੋਣ ਦੀ ਵੀ ਖਬਰ ਹੈ। ਲਾਸ ਏਂਜਲਸ ਵਿਚ ਇਸ ਛਾਪੇਮਾਰੀ ਵਿਰੁੱਧ ਪ੍ਰਦਰਸ਼ਨ ਵੀ ਕੀਤਾ ਗਿਆ ਹੈ, ਜਿਸ ਵਿਚ ਕਿਰਤੀਆਂ, ਧਾਰਮਿਕ ਆਗੂਆਂ ਤੇ ਪ੍ਰਵਾਸੀ ਹੱਕਾਂ ਦੇ ਅਲੰਬਰਦਾਰਾਂ ਨੇ ਟਰੰਪ ਪ੍ਰਸ਼ਾਸਨ ਦੀ ਕਰੜੀ ਨਿੰਦਾ ਕੀਤੀ ਹੈ। ਲਾਸ ਏਂਜਲਸ ਦੀ ਮੇਅਰ ਕਾਰੇਨ ਬਾਸ ਨੇ ਪ੍ਰਵਾਸੀ ਭਾਈਚਾਰਿਆਂ ਦੇ ਹੱਕਾਂ ਦੀ ਰਾਖੀ ਲਈ ਇਕ ਆਦੇਸ਼ ਉਪਰ ਦਸਤਖਤ ਕੀਤੇ ਹਨ। ਉਨ੍ਹਾਂ ਨੇ ਇਮੀਗ੍ਰੇਸ਼ਨ ਅਧਿਕਾਰੀਆਂ ਉਪਰ ਦੋਸ਼ ਲਾਇਆ ਕਿ ਉਹ ਧੱਕਾ ਕਰ ਰਹੇ ਹਨ ਤੇ ਉਹ ਗੁੰਡਿਆਂ ਵਾਂਗ ਵਿਵਹਾਰ ਕਰ ਰਹੇ ਹਨ।

# ਦਰਾਮਦ-ਬਰਾਮਦ ਘੁਟਾਲੇ 'ਚ ਭਗੌੜੀ ਭਾਰਤੀ ਮੋਨਿਕਾ ਕਪੂਰ ਭਾਰਤ ਹਵਾਲੇ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** 2002 'ਚ ਦਰਾਮਦ-ਬਰਾਮਦ ਘੁਟਾਲੇ ਸਬੰਧੀ ਦਾਇਰ ਇਕ ਮਾਮਲੇ ਵਿਚ ਭਗੌੜੀ ਭਾਰਤੀ ਔਰਤ ਮੋਨਿਕਾ ਕਪੂਰ ਨੂੰ ਅਮਰੀਕਾ ਨੇ ਭਾਰਤ ਦੇ ਹਵਾਲੇ ਕਰ ਦਿੱਤਾ ਹੈ। ਮੈਸਰਜ਼ ਮੋਨਿਕਾ ਓਵਰਸੀਜ਼ ਦੀ ਮਾਲਕਣ ਮੋਨਿਕਾ ਕਪੂਰ ਨੂੰ ਸੀ.ਬੀ.ਆਈ. ਦੇ ਸਪੁਰਦ ਕੀਤਾ ਗਿਆ। ਮੋਨਿਕਾ ਕਪੂਰ ਦੀ ਹਵਾਲਗੀ ਦੋ ਦਹਾਕਿਆਂ ਬਾਅਦ ਸੰਭਵ ਹੋਈ ਹੈ। ਸੀ.ਬੀ.ਆਈ. ਅਨੁਸਾਰ 1998 ਵਿਚ ਮੋਨਿਕਾ



ਕਪੂਰ ਨੇ ਆਪਣੇ ਭਰਾਵਾਂ ਰਾਜਨ ਖੰਨਾ ਤੇ ਰਾਜੀਵ ਖੰਨਾ ਨਾਲ ਮਿਲ ਕੇ ਫਰਜ਼ੀ ਬਰਾਮਦ ਦਸਤਾਵੇਜ਼ ਬਣਾਏ। ਬਣਾਏ ਗਏ ਫਰਜ਼ੀ ਦਸਤਾਵੇਜ਼ਾਂ ਵਿਚ ਸ਼ਿੱਪਿੰਗ ਬਿੱਲ, ਚਲਾਨ ਤੇ ਬੈਂਕ ਸਰਟੀਫਿਕੇਟ ਸ਼ਾਮਲ ਹਨ, ਜਿਨ੍ਹਾਂ ਦੇ ਆਧਾਰ 'ਤੇ ਉਨ੍ਹਾਂ ਨੇ ਕਰ ਮੁਕਤ ਸੋਨੇ ਦੀ ਦਰਾਮਦ ਵਾਸਤੇ ਲਾਇਸੰਸ ਪ੍ਰਾਪਤ ਕੀਤਾ। ਸੀ.ਬੀ.ਆਈ. ਅਨੁਸਾਰ ਇਨ੍ਹਾਂ ਨੇ ਇਹ ਲਾਇਸੰਸ ਮੈਸਰਜ਼ ਦੀਪ ਐਕਸਪੋਰਟਸ ਅਹਿਮਦਾਬਾਦ ਨੂੰ ਵੇਚ ਦਿੱਤਾ। ਮੈਸਰਜ਼ ਦੀਪ ਐਕਸਪੋਰਟਸ ਨੇ ਇਸ ਲਾਇਸੰਸ ਦੇ ਆਧਾਰ 'ਤੇ ਟੈਕਸ ਮੁਕਤ ਸੋਨਾ ਦਰਾਮਦ ਕੀਤਾ, ਜਿਸ ਕਾਰਨ ਸਰਕਾਰੀ ਖਜ਼ਾਨੇ ਨੂੰ ਵੱਡਾ ਨੁਕਸਾਨ ਪੁੱਜਾ। ਮੋਨਿਕ ਵਿਰੁੱਧ 24 ਅਪ੍ਰੈਲ 2010 ਨੂੰ ਗੈਰ ਜ਼ਮਾਨਤੀ ਗ੍ਰਿਫਤਾਰੀ ਵਾਰੰਟ ਜਾਰੀ ਕੀਤਾ ਗਿਆ ਸੀ ਤੇ ਉਸ ਤੋਂ ਬਾਅਦ ਰੈਡ ਕਾਰਨਰ ਨੋਟਿਸ ਜਾਰੀ ਹੋਇਆ ਸੀ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

# ਅਮਰੀਕੀ ਕਾਨੂੰਨਾਂ ਦੀ ਪਾਲਣਾ ਨਾ ਕਰਨ 'ਤੇ ਰੱਦ ਹੋ ਸਕਦੈ ਵੀਜ਼ਾ!

**■ ਅਮਰੀਕਾ ਵੱਲੋਂ ਨਵੀਂ ਐਡਵਾਇਜ਼ਰੀ ਜਾਰੀ**

**ਨਵੀਂ ਦਿੱਲੀ, (ਪੰਜਾਬ ਮੇਲ)-** ਟਰੰਪ ਪ੍ਰਸ਼ਾਸਨ ਪ੍ਰਵਾਸੀਆਂ ਸੰਬੰਧੀ ਲਗਾਤਾਰ ਸਖ਼ਤ ਆਦੇਸ਼ ਜਾਰੀ ਕਰ ਰਿਹਾ ਹੈ। ਹੁਣ ਅਮਰੀਕਾ ਦਾ ਵੀਜ਼ਾ ਪ੍ਰਾਪਤ ਕਰਨਾ ਹੋਰ ਵੀ ਮੁਸ਼ਕਲ ਹੋ ਗਿਆ ਹੈ।

ਇਸ ਸਬੰਧ ਵਿਚ, ਭਾਰਤ ਵਿਚ ਅਮਰੀਕੀ ਦੂਤਾਵਾਸ ਨੇ ਸਪੱਸ਼ਟ ਕੀਤਾ ਹੈ ਕਿ ਵੀਜ਼ਾ ਮਿਲਣ ਤੋਂ ਬਾਅਦ ਵੀ ਜਾਂਚ ਜਾਰੀ ਰਹਿੰਦੀ ਹੈ। ਜੇਕਰ ਕੋਈ ਵਿਅਕਤੀ ਅਮਰੀਕੀ ਕਾਨੂੰਨਾਂ ਅਤੇ ਇਮੀਗ੍ਰੇਸ਼ਨ ਨਿਯਮਾਂ ਦੀ ਪਾਲਣਾ ਨਹੀਂ ਕਰਦਾ ਹੈ, ਤਾਂ ਉਸਦਾ ਵੀਜ਼ਾ ਰੱਦ ਕਰ ਦਿੱਤਾ ਜਾਵੇਗਾ ਅਤੇ ਉਸਨੂੰ ਦੇਸ਼ ਤੋਂ ਕੱਢ ਦਿੱਤਾ ਜਾਵੇਗਾ।

ਭਾਰਤ ਵਿਚ ਅਮਰੀਕੀ ਦੂਤਾਵਾਸ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਪੋਸਟ ਕੀਤਾ ਅਤੇ ਲਿਖਿਆ ਕਿ ਵੀਜ਼ਾ ਜਾਰੀ ਹੋਣ ਤੋਂ ਬਾਅਦ ਅਮਰੀਕੀ ਵੀਜ਼ਾ ਜਾਂਚ ਬੰਦ ਨਹੀਂ ਹੁੰਦੀ। ਅਸੀਂ ਵੀਜ਼ਾ ਧਾਰਕਾਂ ਦੀ ਲਗਾਤਾਰ ਜਾਂਚ ਕਰਦੇ ਹਾਂ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਸਾਰੇ ਅਮਰੀਕੀ ਕਾਨੂੰਨਾਂ ਅਤੇ ਇਮੀਗ੍ਰੇਸ਼ਨ ਨਿਯਮਾਂ ਦੀ ਪਾਲਣਾ ਕਰ ਰਹੇ ਹਨ ਅਤੇ ਜੇਕਰ ਉਹ ਅਜਿਹਾ ਨਹੀਂ ਕਰਦੇ ਹਨ, ਤਾਂ ਅਸੀਂ ਉਨ੍ਹਾਂ ਦੇ ਵੀਜ਼ੇ ਰੱਦ ਕਰ ਦੇਵਾਂਗੇ ਅਤੇ ਉਨ੍ਹਾਂ ਨੂੰ ਦੇਸ਼ ਨਿਕਾਲਾ ਦੇਵਾਂਗੇ।

ਇਸ ਤੋਂ ਇਲਾਵਾ, ਜਿਸ ਵਿਅਕਤੀ ਨੇ ਵੀਜ਼ਾ ਲਈ ਅਰਜ਼ੀ ਦਿੱਤੀ ਹੈ, ਉਸਨੂੰ ਆਪਣੀ ਸੋਸ਼ਲ ਮੀਡੀਆ ਦੀ ਜਾਣਕਾਰੀ ਵੀ ਦੇਣੀ ਪਵੇਗੀ। ਇਹ ਕਦਮ ਗੈਰ-ਕਾਨੂੰਨੀ ਪ੍ਰਵੇਸ਼ ਨੂੰ ਰੋਕਣ ਲਈ ਚੁੱਕਿਆ ਗਿਆ ਹੈ। ਵੀਜ਼ਾ ਬਿਨੈਕਾਰਾਂ ਨੂੰ ਸਾਵਧਾਨ ਰਹਿਣ ਅਤੇ ਸਾਰੇ ਨਿਯਮਾਂ ਦੀ ਪਾਲਣਾ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

ਕੁਝ ਦਿਨ ਪਹਿਲਾਂ ਹੀ, ਅਮਰੀਕੀ ਦੂਤਾਵਾਸ ਨੇ ਐਲਾਨ ਕੀਤਾ ਸੀ ਕਿ ਬਿਨੈਕਾਰਾਂ ਨੂੰ ਪਿਛਲੇ ਪੰਜ ਸਾਲਾਂ ਵਿਚ ਵਰਤੇ ਗਏ ਹਰੇਕ ਸੋਸ਼ਲ ਮੀਡੀਆ ਪਲੇਟਫਾਰਮ ਦੇ ਆਪਣੇ ਉਪਭੋਗਤਾ ਨਾਮ ਜਾਂ ਹੈਂਡਲ ਦਾ ਖੁਲਾਸਾ ਕਰਨਾ ਲਾਜ਼ਮੀ ਹੈ।



# ਟਰੰਪ ਵੱਲੋਂ ਰੂਸ ਨੂੰ ਧਮਕੀ; 50 ਦਿਨਾਂ ਅੰਦਰ ਜੰਗ ਖਤਮ ਕਰੋ, ਨਹੀਂ ਤਾਂ ਲੱਗੇਗਾ ਸਖਤ ਟੈਰਿਫ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਮਵਾਰ ਨੂੰ ਰੂਸ ਨੂੰ ਇੱਕ ਵੱਡੀ ਧਮਕੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਯੂਕਰੇਨ ਵਿੱਚ ਜੰਗ ਖਤਮ ਕਰਨ ਲਈ 50 ਦਿਨਾਂ ਦੇ ਅੰਦਰ ਕੋਈ ਸਮਝੌਤਾ ਨਹੀਂ ਹੁੰਦਾ, ਤਾਂ ਉਹ ਰੂਸ 'ਤੇ ਟੈਰਿਫ ਲਗਾਉਣਗੇ। ਅਮਰੀਕੀ ਰਾਸ਼ਟਰਪਤੀ ਨੇ ਇਹ ਐਲਾਨ ਓਵਲ ਆਫਿਸ ਵਿਚ ਨਾਟੋ ਦੇ ਸਕੱਤਰ ਜਨਰਲ ਮਾਰਕ ਰੂਟ ਨਾਲ ਮੁਲਾਕਾਤ ਦੌਰਾਨ ਕੀਤਾ। ਟਰੰਪ ਨੇ ਕਿਹਾ ਕਿ ਜੇਕਰ 50 ਦਿਨਾਂ ਦੇ ਅੰਦਰ ਕੋਈ ਸਮਝੌਤਾ ਨਹੀਂ ਹੁੰਦਾ, ਤਾਂ ਅਸੀਂ ਬਹੁਤ ਸਖ਼ਤ ਟੈਰਿਫ ਲਗਾਵਾਂਗੇ। ਉਨ੍ਹਾਂ ਇਹ ਨਹੀਂ ਦੱਸਿਆ ਕਿ ਟੈਰਿਫ ਕਿਵੇਂ ਲਾਗੂ ਕੀਤੇ ਜਾਣਗੇ। ਉਨ੍ਹਾਂ ਅੱਗੇ ਕਿਹਾ ਕਿ ਮੈਂ ਵਪਾਰ ਦੀ ਵਰਤੋਂ ਕਈ ਚੀਜ਼ਾਂ ਲਈ ਕਰਦਾ ਹਾਂ ਪਰ ਇਹ ਜੰਗਾਂ ਦੇ ਨਿਪਟਾਰੇ ਲਈ ਬਹੁਤ ਵਧੀਆ ਹੈ।

ਡੋਨਾਲਡ ਟਰੰਪ ਨੇ ਪਹਿਲਾਂ ਅਪ੍ਰੈਲ ਵਿਚ ਇਹ ਸਵਾਲ ਉਠਾਇਆ ਸੀ - ਕੀ ਰੂਸੀ ਰਾਸ਼ਟਰਪਤੀ ਪੂਤਿਨ ਸੱਚਮੁੱਚ ਯੂਕਰੇਨ ਵਿਚ ਯੁੱਧ ਖਤਮ ਕਰਨ ਵਿਚ ਦਿਲਚਸਪੀ ਰੱਖਦੇ ਹਨ ਕਿਉਂਕਿ ਉਨ੍ਹਾਂ ਨੇ ਰਿਹਾਇਸ਼ੀ ਇਲਾਕਿਆਂ ਵਿਚ ਬੰਬਾਰੀ ਮੁਹਿੰਮ ਜਾਰੀ ਰੱਖੀ ਸੀ। ਟਰੰਪ ਨੇ ਸੋਸ਼ਲ ਮੀਡੀਆ ਪਲੇਟਫਾਰਮ ਟਰੂਥ ਸੋਸ਼ਲ 'ਤੇ ਲਿਖਿਆ, ਮੈਨੂੰ ਲੱਗਦਾ ਹੈ ਕਿ ਸ਼ਾਇਦ ਪੂਤਿਨ ਨਹੀਂ ਚਾਹੁੰਦੇ ਕਿ ਯੁੱਧ ਰੁਕੇ। ਉਹ ਸਿਰਫ਼ ਮੈਨੂੰ ਗੁੰਮਰਾਹ ਕਰ ਰਹੇ ਹਨ। ਹਾਲਾਂਕਿ ਉਨ੍ਹਾਂ ਨੇ ਸ਼ੁਰੂ ਵਿਚ ਦੋ ਹਫ਼ਤਿਆਂ ਦੀ ਸਮਾਂ ਸੀਮਾ ਨਿਰਧਾਰਤ ਕੀਤੀ ਸੀ, ਪਰ ਅਜਿਹਾ ਲੱਗਦਾ ਹੈ ਕਿ ਲਗਭਗ ਤਿੰਨ ਮਹੀਨਿਆਂ ਬਾਅਦ, ਅਮਰੀਕੀ ਰਾਸ਼ਟਰਪਤੀ ਦਾ ਸਬਰ ਖਤਮ ਹੋ ਗਿਆ ਹੈ।

ਅਮਰੀਕੀ ਰਾਸ਼ਟਰਪਤੀ ਟਰੰਪ ਨੇ ਵੱਡਾ ਦਿਲ ਦਿਖਾਇਆ ਹੈ ਅਤੇ ਨਾਟੋ ਰਾਹੀਂ ਯੂਕਰੇਨ ਨੂੰ ਨਵੇਂ ਅਮਰੀਕੀ ਹਥਿਆਰਾਂ ਦੀ ਖੇਪ ਭੇਜਣ ਦਾ ਵਾਅਦਾ ਕੀਤਾ ਹੈ। ਇਸ ਦੇ ਨਾਲ ਹੀ, ਉਨ੍ਹਾਂ ਨੇ ਰੂਸ ਨਾਲ ਵਪਾਰ ਕਰਨ ਵਾਲਿਆਂ 'ਤੇ ਨਵੇਂ ਟੈਰਿਫ ਲਗਾਉਣ ਦੀ ਧਮਕੀ ਦਿੱਤੀ ਹੈ। ਰਾਸ਼ਟਰਪਤੀ ਟਰੰਪ ਤੋਂ ਪੁੱਛਿਆ ਗਿਆ ਸੀ ਕਿ ਜੇਕਰ ਪੂਤਿਨ ਮਾਮਲੇ ਨੂੰ ਹੋਰ ਵਧਾਉਂਦੇ ਹਨ, ਤਾਂ ਉਹ ਕਿਸ ਹੱਦ ਤੱਕ ਜਵਾਬ ਦੇਣ ਲਈ ਤਿਆਰ ਹਨ। ਇਸ 'ਤੇ ਉਨ੍ਹਾਂ ਕਿਹਾ, ਮੈਨੂੰ ਅਜਿਹੇ ਸਵਾਲ ਨਾ ਪੁੱਛੋ। ਮੈਂ ਯੁੱਧ ਖਤਮ ਕਰਨਾ ਚਾਹੁੰਦਾ ਹਾਂ। ਇੱਕ ਸ਼ਕਤੀਸ਼ਾਲੀ ਯੂਰਪ ਹੋਣਾ ਬਹੁਤ ਚੰਗੀ ਗੱਲ ਹੈ।

ਟਰੰਪ ਨੇ ਕਿਹਾ, ਪੂਤਿਨ ਨੂੰ ਰੂਸੀ ਅਰਥਵਿਵਸਥਾ ਨੂੰ ਵਾਪਸ ਪਟੜੀ 'ਤੇ ਲਿਆਉਣਾ ਪਵੇਗਾ। ਰੂਸ ਕੋਲ ਬਹੁਤ ਸੰਭਾਵਨਾਵਾਂ ਹਨ। ਇਸਨੂੰ ਯੁੱਧ ਦੀ ਬਜਾਏ ਵਪਾਰ ਲਈ ਆਪਣੇ ਸਰੋਤਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਮੈਂ ਰੂਸੀ ਰਾਸ਼ਟਰਪਤੀ ਪੂਤਿਨ ਨਾਲ ਬਹੁਤ ਗੱਲ ਕਰਦਾ ਹਾਂ।

# ਕੈਲੀਫ਼ੋਰਨੀਆ ਵਾਸੀ ਸ਼ਾਇਰ ਈਸ਼ਰ ਸਿੰਘ ਮੋਮਨ ਦਾ ਦਿਹਾਂਤ

ਸੈਨਹੋਜ਼ੇ, (ਪੰਜਾਬ ਮੇਲ)- ਪ੍ਰਸਿੱਧ ਸ਼ਾਇਰ ਸ. ਈਸ਼ਰ ਸਿੰਘ ਮੋਮਨ 98ਵੇਂ ਵਰ੍ਹੇ ਦੀ ਤੰਦਰੁਸਤੀ ਵਾਲੀ ਉਮਰ ਭੋਗ ਕੇ 8 ਜੁਲਾਈ, 2025 ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰ ਗਏ ਹਨ। ਉਹ ਪੰਜਾਬ ਦੇ ਪਿੰਡ ਲੰਗੜੋਆ, ਜ਼ਿਲ੍ਹਾ ਨਵਾਂ ਸ਼ਹਿਰ ਤੋਂ ਜ਼ਿੰਦਗੀ ਦਾ ਸਫ਼ਰ ਤੈਅ ਕਰਦੇ ਹੋਏ, ਜਵਾਨੀ ਦੀ ਉਮਰ ਵਿਚ ਰੋਜ਼ੀ-ਰੋਟੀ ਕਮਾਉਣ ਲਈ ਦਿੱਲੀ ਪਹੁੰਚੇ। ਗੁਰਬਾਣੀ ਅਤੇ ਸੂਫ਼ੀ ਸਾਹਿਤ ਪੜ੍ਹਨ ਉਪਰੰਤ ਉਸੇ ਰੰਗ ਵਿਚ ਰੰਗੀਆਂ ਗ਼ਜ਼ਲਾਂ ਉਰਦੂ ਅਤੇ ਪੰਜਾਬੀ ਵਿਚ ਲਿਖੀਆਂ। ਇੱਥੇ ਹੀ ਉਨ੍ਹਾਂ ਦਾ ਮੇਲ ਮਰਹੂਮ ਸ਼ਾਇਰ ਆਜ਼ਾਦ ਜਲੰਧਰੀ ਜੀ ਨਾਲ਼ ਹੋਇਆ। ਉਨ੍ਹਾਂ ਦੇ ਸਾਥ ਨਾਲ਼ ਗੁਰੂ ਘਰਾਂ ਅਤੇ ਹੋਰ ਕਵੀ ਦਰਬਾਰਾਂ ਵਿਚ ਹਿੱਸਾ ਲੈਂਦੇ ਰਹੇ। ਜ਼ਿੰਦਗੀ ਦਾ ਅਗਲੇਰਾ ਸਫ਼ਰ ਤਕਰੀਬਨ ਤੀਹ ਸਾਲ ਬਾਅਦ ਸੰਨ 1984 ਵਿਚ ਸੱਤ ਸਮੁੰਦਰ ਪਾਰ ਕਰਵਾ ਕੇ ਅਮਰੀਕਾ ਲੈ ਆਇਆ। ਇੱਥੇ ਇੱਕ ਵਾਰੀ ਫਿਰ ਉਨ੍ਹਾਂ ਦੀ ਮੁਲਾਕਾਤ ਆਜ਼ਾਦ ਜਲੰਧਰੀ ਜੀ ਨਾਲ਼ ਹੋ ਗਈ। ਉਨ੍ਹਾਂ ਦੀਆਂ ਰਚਨਾਵਾਂ ਪੰਜਾਬੀ ਸਾਹਿਤ ਸਭਾ ਕੈਲੀਫ਼ੋਰਨੀਆ ਦੀਆਂ ਮਾਸਿਕ ਮਿਲਣੀਆਂ ਅਤੇ ਗੁਰੂ ਘਰਾਂ ਵਿਚ ਹਰਮਨ ਪਿਆਰੀਆਂ ਹੋਈਆਂ। ਉਹ ਆਪਣੇ ਆਖਰੀ ਦਮ ਤੱਕ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਦੇ ਮੈਂਬਰ ਰਹੇ। ਇਸ ਕਾਰਜਕਾਲ ਦੌਰਾਨ ਉਨ੍ਹਾਂ ਦੇ ਦੋ



ਸ਼ਾਇਰ ਈਸ਼ਰ ਸਿੰਘ ਮੋਮਨ

ਕਾਵਿ ਸੰਗ੍ਰਿਹ 'ਗ਼ਜ਼ਲ ਗ਼ੁਲਜ਼ਾਰ' ਅਤੇ 'ਕਲਮਾਂ ਦੀ ਕਸਤੂਰੀ' ਪ੍ਰਕਾਸ਼ਿਤ ਹੋਏ। ਡਾ. ਜਗਤਾਰ ਦੇ ਸ਼ਬਦਾਂ ਵਿਚ, "ਮੋਮਨ ਦੀਆਂ ਗ਼ਜ਼ਲਾਂ ਭਾਵੇਂ ਪ੍ਰੰਪਰਾਈ ਹਨ ਪਰ ਉਸਦੀ ਸਾਦੀ ਭਾਸ਼ਾ, ਮੁਹਾਵਰੇ, ਪ੍ਰਬਚਨਮਈ ਸ਼ੇਅਰ ਸਰਾਹੁਣਾਯੋਗ ਹਨ। ਸਿਆਸੀ ਲੋਕਾਂ ਦੀ ਚਾਲਬਾਜ਼ੀ, ਜੁਗਾੜਬੰਦੀ, ਬਦਚਲਨੀ ਵੀ ਉਸਦੀ ਨਜ਼ਰ ਤੋਂ ਛੁਪੀ ਨਹੀਂ। ਉਹ ਉਨ੍ਹਾਂ 'ਤੇ ਭਰਪੂਰ ਵਿਅੰਗ ਰਾਹੀਂ, ਕਦੇ ਚੋਭ ਰਾਹੀਂ ਕਦੇ ਮਸ਼ਕਰੀ ਰਾਹੀਂ ਅੰਜਾਮ ਦਿੰਦਾ ਹੈ।"

**ਸਾਧ ਪੂਰਾ ਸਾਧ ਹੈ ਨਹੀਂ, ਚੋਰ ਪੂਰਾ ਚੋਰ ਹੈ।**

**ਕਾਤਲ ਦੇ ਹੱਥ ਵਿਚ ਕਾਨੂੰਨ ਦੀ ਹੁਣ ਡੋਰ ਹੈ।**

ਇੱਕ ਵਧੀਆ ਸ਼ਾਇਰ ਹੋਣ ਦੇ ਨਾਲ਼-ਨਾਲ਼ ਈਸ਼ਰ ਸਿੰਘ ਮੋਮਨ ਜੀ ਇੱਕ ਆਗਿਆਕਾਰ ਪੁੱਤਰ, ਸੁਹਿਰਦ ਭਰਾ, ਦੋਸਤ, ਆਦਰਸ਼ ਪਤੀ ਅਤੇ ਬਾਪ ਸਨ। ਉਨ੍ਹਾਂ ਆਪਣੀ ਬਿਮਾਰ ਮਾਂ ਦੀ ਆਪਣੇ ਭਰਾ, ਭਰਜਾਈ ਅਤੇ ਸੁਪਤਨੀ ਨਾਲ਼ ਮਿਲ ਕੇ ਅਠਾਈ ਸਾਲ ਸੇਵਾ ਕੀਤੀ। ਇਸ ਤੋਂ ਬਾਅਦ ਦਸ ਸਾਲ ਇਸੇ ਤਰ੍ਹਾਂ ਬਿਮਾਰ ਪਤਨੀ ਨੂੰ ਸੰਭਾਲਿਆ। ਉਹ ਸੈਨਹੋਜ਼ੇ ਆਪਣੇ ਸਪੁੱਤਰ ਪਰਦੀਪ ਸਿੰਘ ਪਾਬਲਾ ਅਤੇ ਨੂੰਹ ਮਨਜੀਤ ਕੌਰ ਪਾਬਲਾ ਨਾਲ਼ ਰਹੇ। ਉਹ ਆਪਣੇ ਪਿੱਛੇ ਛੋਟੀ ਭੈਣ ਅਮਰਜੀਤ ਕੌਰ, ਭਰਾ ਮਨਮੋਹਣ ਸਿੰਘ, ਦੋ ਸਪੁੱਤਰ ਜਰਨੈਲ ਸਿੰਘ ਅਤੇ ਸੁਰਿੰਦਰ ਸਿੰਘ ਇੰਡੀਆ ਵਿਚ, ਬੇਟੀ ਭੁਪਿੰਦਰ ਕੌਰ ਅਮਰੀਕਾ ਵਿਚ, ਬਾਈ ਪੋਤੇ-ਪੋਤੀਆਂ, ਉੱਨੀ-ਪੜਪੋਤੇ-ਪੜਪੋਤੀਆਂ ਦਾ ਹਰਿਆ-ਭਰਿਆ ਬਾਗ਼ ਛੱਡ ਕੇ ਗਏ ਹਨ। ਉਨ੍ਹਾਂ ਦਾ ਨਿਮਰਤਾ ਵਾਲ਼ਾ ਸੁਭਾਅ ਉਨ੍ਹਾਂ ਦੀ ਵੱਖਰੀ ਪਛਾਣ ਕਰਵਾਉਂਦਾ ਸੀ। ਉਨ੍ਹਾਂ ਦਾ ਪਰਿਵਾਰ ਅਤੇ ਵਿਪਸਾਅ ਆਪਣੇ ਇਸ ਸਤਿਕਾਰਤ ਸ਼ਾਇਰ ਲਈ 17 ਜੁਲਾਈ, 2025 ਨੂੰ 99ਵਾਂ ਜਨਮ ਦਿਨ ਮਨਾਉਣ ਦੀਆਂ ਤਿਆਰੀਆਂ ਕਰ ਰਹੇ ਸਨ ਪਰ ਸਵਾਸਾਂ ਦੀ ਪੂੰਜੀ ਪਹਿਲਾਂ ਹੀ ਖ਼ਤਮ ਹੋ ਗਈ। ਉਨ੍ਹਾਂ ਦੇ ਤੁਰ ਜਾਣ ਨਾਲ਼ ਜਿੱਥੇ ਪਰਿਵਾਰ ਦੇ ਜੀਅ ਗ਼ਮਗੀਨ ਹਨ, ਉੱਥੇ ਪੰਜਾਬੀ ਸਾਹਿਤਕ ਹਲਕਿਆਂ ਵਿਚ ਵੀ ਉਦਾਸੀ ਦੇ ਬੱਦਲ ਛਾਏ ਹੋਏ ਹਨ। ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਵਾਲਿਆਂ ਵਿਚ ਕੁਲਵਿੰਦਰ, ਜਗਜੀਤ, ਪ੍ਰੋ. ਸੁਰਿੰਦਰ ਸਿੰਘ ਸੀਰਤ, ਡਾ. ਸੁਖਵਿੰਦਰ ਕੰਬੋਜ, ਅਮਰਜੀਤ ਕੌਰ ਪੰਨੂੰ, ਤਾਰਾ ਸਿੰਘ ਸਾਗਰ, ਅਮਰਜੀਤ ਸਿੰਘ ਜੌਹਲ, ਤਾਰਾ ਸਿੰਘ ਸਾਗਰ, ਕੰਵਲਦੀਪ ਕੌਰ, ਸੰਦੀਪ ਕੌਰ, ਸੁਰਿੰਦਰ ਸਿੰਘ ਧਨੋਆ, ਜਸਵਿੰਦਰ ਕੌਰ ਧਨੋਆ, ਅਸ਼ੋਕ ਭੌਰਾ, ਡਾ. ਗੁਰਪ੍ਰੀਤ ਸਿੰਘ ਧੁੱਗਾ, ਹਰਜਿੰਦਰ ਕੰਗ, ਸੰਤੋਖ ਸਿੰਘ ਮਿਨਹਾਸ, ਅਵਤਾਰ ਗੋਂਦਾਰਾ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ, ਪ੍ਰੋ. ਬਲਜਿੰਦਰ ਸਿੰਘ ਸਵੈਚ, ਪ੍ਰੋ. ਸੁਖਦੇਵ ਸਿੰਘ, ਚਰਨਜੀਤ ਸਿੰਘ ਪੰਨੂ, ਸੁਰਜੀਤ ਸਖੀ, ਗੁਲਸ਼ਨ ਦਿਆਲ, ਡਾ. ਸੁਖਪਾਲ ਸੰਘੇੜਾ, ਐੱਸ. ਕੁਮ ਐੱਸ. ਵਿਕ, ਮਨਜੀਤ ਕੌਰ ਸੇਖੋਂ, ਦਲਵੀਰ ਦਿਲ ਨਿੱਜਰ, ਹਰਪ੍ਰੀਤ ਕੌਰ ਧੂਤ, ਜਸਵੰਤ ਸ਼ੀਂਹਮਾਰ, ਕਮਲ ਬੰਗਾ, ਰਾਠੇਸ਼ਵਰ ਸਿੰਘ ਰਾਠੀ, ਮੱਖਣ ਲੁਹਾਰ, ਇੰਦਰਜੀਤ ਗਰੇਵਾਲ, ਜਗਤਾਰ ਗਿੱਲ, ਤਰਲੋਚਨ ਸਿੰਘ ਦੁਪਾਲਪੁਰ, ਜਸਪਾਲ ਸੈਣੀ, ਬਲਬੀਰ ਸਿੰਘ ਐੱਮ.ਏ., ਸੁਖਦੇਵ ਸਾਹਿਲ, ਵਿਜੇ ਸਿੰਘ ਅਤੇ ਗਗਨਦੀਪ ਮਾਹਲ, ਅਭੀਤਾਬ ਸੈਣੀ ਅਤੇ ਲਾਜ ਨੀਲਮ ਸੈਣੀ ਆਦਿ ਦੇ ਨਾਮ ਵਰਣਨਯੋਗ ਹਨ।

## ■ ਪ੍ਰਸ਼ੰਸਕਾਂ ਵਲੋਂ ਪਿਆਰੇ ਸ਼ਾਇਰ ਨੂੰ ਸ਼ਰਧਾਂਜਲੀਆਂ ਭੇਟ




FOR SALE & PURCHASE OF
ANY KIND OF PROPERTY



RE/MAX
RE/MAX
Outstanding Agents
Outstanding Results
DRE Lic. # 01215931 (Broker)

Gurjatinder S. Randhawa
REALTOR CA DRE licence # 01490567
916-320-9444

# ਅਮਰੀਕੀ-ਭਾਰਤੀ ਸਮਾਜ ਸੇਵੀ ਬਹਾਦਰ ਸਿੰਘ ਸੈਲਮ (ਦਾਨ ਪੁੰਨ) ਅਚੀਵਰ ਐਵਾਰਡਜ-2025 ਨਾਲ ਸਨਮਾਨਿਤ






ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)- ਬੀਤੇ ਦਿਨੀਂ ਮੀਡੀਆ ਫੈਡਰੇਸ਼ਨ ਆਫ਼ ਇੰਡੀਆ ਤੇ ਪਬਲਿਕ ਰਿਲੇਸ਼ਨਜ ਕੌਂਸਲ ਆਫ਼ ਇੰਡੀਆ ਵੱਲੋਂ ਚੰਡੀਗੜ੍ਹ ਵਿਖੇ ਕਰਵਾਈ ਗਈ 6ਵੀਂ ਐਂਟਰਪ੍ਰਨਿਊਰ ਐਂਡ ਅਚੀਵਰ ਐਵਾਰਡਜ਼-2025 ਜਿਸ ਵਿਚ ਵੱਖ-ਵੱਖ ਖੇਤਰਾਂ ਤੋਂ 31 ਨਾਮਵਰ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਉੱਥੇ ਹੀ ਅਮਰੀਕਾ ਦੇ ਓਰੇਗਨ ਸੂਬੇ ਦੇ ਸ਼ਹਿਰ ਸੈਲਮ 'ਚ ਵੱਸਦੇ ਅਮਰੀਕੀ-ਭਾਰਤੀ ਸਮਾਜ ਸੇਵੀ ਅਤੇ ਉੱਘੇ ਕਾਰੋਬਾਰੀ ਬਹਾਦਰ ਸਿੰਘ ਸੰਸਥਾਪਕ ਵਨ-ਵੀਟ ਹੌਸਪੀਟਲ ਭੀਰਾ ਖੇੜੀ, ਯੂ.ਪੀ. ਨੂੰ ਅਚੀਵਰ ਐਵਾਰਡਜ਼ (ਦਾਨ ਪੁੰਨ) ਦੇ ਕੇ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਮੁੱਖ ਮਹਿਮਾਨ ਵਜੋਂ ਸਮਾਗਮ ਵਿਚ ਸ਼ਾਮਲ ਹੋਏ ਪੰਜਾਬ ਦੇ ਰਾਜਪਾਲ ਤੇ ਯੂ.ਟੀ. ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਅਤੇ ਵਿਸ਼ੇਸ਼ ਮਹਿਮਾਨ ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਵੱਲੋਂ ਭੇਂਟ ਕੀਤੇ ਗਿਆ। ਦੱਸਣਯੋਗ ਹੈ ਕਿ ਪੰਜਾਬ ਦੇ ਫਗਵਾੜਾ ਦੇ ਜੰਮਪਲ ਬਹਾਦਰ ਸਿੰਘ ਆਪਣੇ ਪਰਿਵਾਰ ਦੇ ਨਾਲ ਛੋਟੀ ਉਮਰ 'ਚ ਯੂ.ਪੀ. ਰਾਜ ਦੇ ਭੀਰਾ ਖੇੜੀ ਵਿਚ ਜਾ ਵੱਸਿਆ ਸੀ। ਪਿਛਲੇ ਤਿੰਨ ਦਹਾਕਿਆਂ ਤੋ ਪਰਿਵਾਰ ਨਾਲ ਅਮਰੀਕਾ 'ਚ ਵਸੇ ਸਮਾਜ ਸੇਵੀ ਤੇ ਸਫਲ ਕਾਰੋਬਾਰੀ ਵਜੋਂ ਜਾਣੇ ਜਾਂਦੇ ਬਹਾਦਰ ਸਿੰਘ ਸਮਾਜ ਪ੍ਰਤੀ ਸੇਵਾਵਾਂ ਪ੍ਰਤੀ ਜਾਣੇ ਜਾਂਦੇ ਹਨ। ਦੱਸਣਯੋਗ ਹੈ ਕਿ ਇਸ ਤੋਂ ਪਹਿਲੇ ਭਾਰਤ ਦੇ ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਵੱਲੋਂ ਵੀ ਉਨ੍ਹਾਂ ਦੀਆਂ ਸੇਵਾਵਾਂ ਦੇ ਬਦਲੇ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ ਸੀ।





# ਅਮਰੀਕਾ 'ਚ ਸੜਕ ਹਾਦਸੇ 'ਚ ਪੰਜਾਬੀ ਜੋੜੇ ਦੀ ਮੌਤ

**■ 4 ਸਾਲ ਅਤੇ 8 ਸਾਲ ਦੇ ਬੱਚੇ ਗੰਭੀਰ ਜ਼ਖਮੀ**



ਰੋਜ਼ਵਿਲ (ਕੈਲੀਫੋਰਨੀਆ), (ਪੰਜਾਬ ਮੇਲ)- ਅਮਰੀਕਾ 'ਚ ਵਾਪਰੇ ਦਿਲ ਕੰਬਾਊ ਸੜਕ ਹਾਦਸੇ ਦੌਰਾਨ ਪੰਜਾਬੀ ਜੋੜੇ ਦੀ ਮੌਤ ਹੋ ਗਈ, ਜਦਕਿ 4 ਸਾਲ ਅਤੇ 8 ਸਾਲ ਦੇ ਬੱਚੇ ਗੰਭੀਰ ਜ਼ਖਮੀ ਹੋ ਗਏ। ਇਹ ਹਾਦਸਾ ਕੈਲੇਫੋਰਨੀਆ ਦੀ ਯੂਬਾ ਕਾਊਂਟੀ ਵਿਚ ਵਾਪਰਿਆ, ਜਿਥੇ ਆਪਣੀ ਪਤਨੀ ਅਤੇ ਬੱਚਿਆਂ ਨਾਲ ਹਾਈਵੇਅ 70 'ਤੇ ਜਾ ਰਹੇ ਪੁਨੀਤ ਸਿੰਘ ਸੋਹੀ ਦੀ ਗੱਡੀ ਨੂੰ ਇਕ ਬੇਕਾਬੂ ਗੱਡੀ ਨੇ ਟੱਕਰ ਮਾਰ ਦਿਤੀ। ਕੈਲੀਫੋਰਨੀਆ ਹਾਈਵੇਅ ਪੈਟਰੌਲ ਦੇ ਅਫ਼ਸਰਾਂ ਨੇ ਦੱਸਿਆ ਕਿ ਹਾਦਸਾ ਮੈਰੀਜ਼ਵਿਲ ਦੇ ਉਤਰ ਵੱਲ ਬੌਯਰ ਰੋਡ ਨੇੜੇ ਵਾਪਰਿਆ, ਜਿਥੇ ਸਾਊਥ ਵੱਲ ਜਾ ਰਹੀ ਇਕ ਟੌਯੋਟਾ ਕੈਮਰੀ ਬੇਕਾਬੂ ਹੋ ਕੇ ਨੌਰਥ ਵੱਲ ਜਾ ਰਹੀਆਂ ਲੇਨਜ਼ ਵਿਚ ਦਾਖਲ ਹੋ ਗਈ ਅਤੇ ਸਾਹਮਣੇ ਤੋਂ ਆ ਰਹੀ ਹੌਂਡਾ ਸੀ.ਆਰ.ਵੀ. ਨੂੰ ਟੱਕਰ ਮਾਰ ਦਿਤੀ।

ਹੌਂਡਾ ਵਿਚ ਸਵਾਰ 41 ਸਾਲ ਦੇ ਪੁਨੀਤ ਸਿੰਘ ਸੋਹੀ ਨੇ ਮੌਕੇ 'ਤੇ ਹੀ ਦਮ ਤੋੜ ਦਿੱਤਾ, ਜਦਕਿ 34 ਸਾਲ ਦੀ ਵੀਨੂ ਸੋਹੀ ਨੇ ਹਸਪਤਾਲ 'ਚ ਆਖਰੀ ਸਾਹ ਲਏ। ਪੰਜਾਬੀ ਜੋੜੇ ਦੇ ਬੱਚਿਆਂ ਦੀ ਹਾਲਤ ਗੰਭੀਰ ਪਰ ਸਥਿਰ ਦੱਸੀ ਜਾ ਰਹੀ ਹੈ। ਦੂਜੇ ਪਾਸੇ ਟੌਯੋਟਾ ਵਿਚ ਸਵਾਰ 18 ਸਾਲ ਦੇ ਮੁੰਡਾ-ਕੁੜੀ ਨੂੰ ਵੀ ਗੰਭੀਰ ਹਾਲਤ 'ਚ ਹਸਪਤਾਲ ਦਾਖਲ ਕਰਵਾਇਆ ਗਿਆ। ਇਥੇ ਦੱਸਣਾ ਬਣਦਾ ਹੈ ਕਿ ਪੁਨੀਤ ਸਿੰਘ ਸੋਹੀ ਆਪਣੇ ਪਰਿਵਾਰ ਨਾਲ ਕੈਲੀਫੋਰਨੀਆ ਦੇ ਰੋਜ਼ਵਿਲ ਵਿਖੇ ਰਹਿੰਦੇ ਸਨ ਅਤੇ ਉਨ੍ਹਾਂ ਦੇ ਪਿਤਾ ਡਾ. ਬੀ.ਐੱਸ. ਸੋਹੀ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ ਵਿਚ ਪ੍ਰੋਫੈਸਰ ਰਹਿ ਚੁੱਕੇ ਹਨ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**


Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ



ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ

| SACRAMENTO | FRESNO | FREMONT | NEWYORK |
|---|---|---|---|
| 5855 Auburn Blvd, Sacramento, CA 95841, +1-916-307-4620 | 1625 E Shaw Ave #122, Fresno, CA 93726 559-271-5511 | 3155 KEARNEY ST, SUITE #248, FREMONT, CA 94538. +1-510-657-6444 | 108-14 Jamaica Ave, Richmond Hill, NY 11418 Phone: 718-533-8444 |

Designed By Punjab Mail USA

# ਜੈ ਚੌਧਰੀ 2025 'ਚ ਅਮਰੀਕਾ 'ਚ ਸਭ ਤੋਂ ਅਮੀਰ ਭਾਰਤੀ ਪ੍ਰਵਾਸੀ

**ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)-** ਭਾਰਤੀ ਮੂਲ ਦੇ ਜੈ ਚੌਧਰੀ 2025 ਵਿਚ ਅਮਰੀਕਾ ਦੇ ਸਭ ਤੋਂ ਅਮੀਰ ਭਾਰਤੀ ਪ੍ਰਵਾਸੀ ਬਣ ਗਏ ਹਨ। ਜੈ ਚੌਧਰੀ ਜ਼ੈਡਸਕੇਲਰ ਦੇ ਸੀ.ਈ.ਓ. ਅਤੇ ਸੰਸਥਾਪਕ ਹਨ। ਫੋਰਬਸ ਨੇ 2025 ਦੇ ਸਭ ਤੋਂ ਅਮੀਰ ਪ੍ਰਵਾਸੀਆਂ ਦੀ ਸੂਚੀ ਜਾਰੀ ਕੀਤੀ ਹੈ, ਜਿਸ ਵਿਚ ਜੈ ਚੌਧਰੀ ਚੋਟੀ ਦੇ 10 ਵਿਚ ਇਕਲੌਤੇ ਭਾਰਤੀ ਪ੍ਰਵਾਸੀ ਹਨ। ਭਾਰਤ ਦੇ ਹਿਮਾਚਲ ਪ੍ਰਦੇਸ਼ ਦੇ ਊਨਾ



ਜ਼ਿਲ੍ਹੇ ਦੇ ਇੱਕ ਛੋਟੇ ਜਿਹੇ ਪਿੰਡ ਵਿਚ ਜਨਮੇ, ਜੈ ਚੌਧਰੀ 1980 ਵਿਚ ਉੱਚ ਸਿੱਖਿਆ ਲਈ ਅਮਰੀਕਾ ਆਏ ਸਨ। ਜੈ ਚੌਧਰੀ ਸਾਈਬਰ ਸੁਰੱਖਿਆ ਫਰਮ ਜ਼ੈਡਸਕੇਲਰ ਦੇ ਸੀ.ਈ.ਓ ਅਤੇ ਸੰਸਥਾਪਕ ਵੀ ਹਨ।

ਇਸ ਫੋਰਬਸ ਸੂਚੀ ਵਿਚ ਦੁਨੀਆਂ ਭਰ ਤੋਂ ਅਮਰੀਕਾ ਆਏ 125 ਅਰਬਪਤੀ ਪ੍ਰਵਾਸੀ ਸ਼ਾਮਲ ਹਨ, ਜਿਨ੍ਹਾਂ ਵਿਚ ਜੈ ਚੌਧਰੀ 17.9 ਬਿਲੀਅਨ ਡਾਲਰ ਦੀ ਕੁੱਲ ਜਾਇਦਾਦ ਦੇ ਨਾਲ ਅੱਠਵੇਂ ਨੰਬਰ 'ਤੇ ਹਨ, ਜੋ ਸੁੰਦਰ ਪਿਚਾਈ ਤੋਂ ਬਹੁਤ ਅੱਗੇ ਹਨ। ਮਾਈਕ੍ਰੋਸਾਫਟ ਦੇ ਸੀ.ਈ.ਓ. ਪਿਚਾਈ ਸੂਚੀ ਵਿਚ 119ਵੇਂ ਨੰਬਰ 'ਤੇ ਹਨ, ਜਦੋਂਕਿ ਮਾਈਕ੍ਰੋਸਾਫਟ ਦੇ ਸੀ.ਈ.ਓ. ਸੱਤਿਆ ਨਡੇਲਾ 120ਵੇਂ ਨੰਬਰ 'ਤੇ ਹਨ। ਇਸ ਸੂਚੀ ਵਿਚ ਕੁੱਲ 12 ਭਾਰਤੀ ਪ੍ਰਵਾਸੀ ਸ਼ਾਮਲ ਹਨ, ਜਦੋਂਕਿ ਟੇਸਲਾ ਦੇ ਐਲੋਨ ਮਸਕ ਇਸ ਸੂਚੀ ਵਿਚ ਸਿਖਰ 'ਤੇ ਹਨ। ਫੋਰਬਸ ਦੀ ਸੂਚੀ ਵਿਚ ਭਾਰਤ ਦੇ ਸਭ ਤੋਂ ਵੱਧ 12 ਅਰਬਪਤੀ ਹਨ ਅਤੇ ਭਾਰਤੀ ਪ੍ਰਵਾਸੀਆਂ ਦੇ ਜਨਮ ਸਥਾਨ ਦੇ ਤੌਰ 'ਤੇ ਇਜ਼ਰਾਈਲ ਨੂੰ ਪਛਾੜ ਦਿੱਤਾ ਹੈ।

# ਟਰੰਪ ਵੱਲੋਂ ਮੈਕਸਿਕੋ ਤੇ ਯੂਰਪੀਅਨ ਯੂਨੀਅਨ 'ਤੇ 30 ਫੀਸਦੀ ਟੈਕਸ ਲਗਾਉਣ ਦਾ ਐਲਾਨ

■ **ਪਹਿਲੀ ਅਗਸਤ ਨੂੰ ਲਾਗੂ ਹੋਣਗੇ ਨਵੇਂ ਟੈਕਸ**

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਲਡ



ਟਰੰਪ ਨੇ ਐਲਾਨ ਕੀਤਾ ਕਿ ਪਹਿਲੀ ਅਗਸਤ ਤੋਂ ਮੈਕਸਿਕੋ ਤੇ ਯੂਰਪੀਅਨ ਯੂਨੀਅਨ ਤੋਂ ਆਉਣ ਵਾਲੇ ਸਾਮਾਨ 'ਤੇ ਅਮਰੀਕਾ 30% ਟੈਕਸ ਲਾਵੇਗਾ। ਡੋਨਾਲਡ ਟਰੰਪ ਨੇ ਇਸ ਸਬੰਧੀ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਪੋਸਟ ਕਰ ਕੇ ਟੈਕਸ ਲਾਉਣ ਦੀ ਜਾਣਕਾਰੀ ਸਾਂਝੀ ਕੀਤੀ। ਇਸ ਤੋਂ ਪਹਿਲਾਂ ਵੀ ਟਰੰਪ ਵੱਖ-ਵੱਖ ਦੇਸ਼ਾਂ 'ਤੇ ਟੈਕਸ ਲਾਉਣ ਦਾ ਐਲਾਨ ਕਰ ਚੁੱਕੇ ਹਨ। ਟਰੰਪ ਨੇ ਇਕ ਦਿਨ ਪਹਿਲਾਂ ਦੱਸਿਆ ਸੀ ਕਿ ਉਹ ਕੈਨੇਡੀਅਨ ਦਰਾਮਦ ਕੀਤੀਆਂ ਵਸਤਾਂ 'ਤੇ ਟੈਕਸ 35 ਫੀਸਦੀ ਤੱਕ ਵਧਾਉਣਗੇ। ਇਸ ਤੋਂ ਪਹਿਲਾਂ ਟਰੰਪ ਵੱਲੋਂ ਫਰਵਰੀ ਵਿੱਚ 25 ਫੀਸਦੀ ਟੈਕਸ ਐਲਾਨਿਆ ਗਿਆ ਸੀ।

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਚਾਰ ਦਿਨ ਪਹਿਲਾਂ ਜਾਪਾਨ ਅਤੇ ਦੱਖਣੀ ਕੋਰੀਆ ਤੋਂ ਦਰਾਮਦ ਹੋਣ ਵਾਲੀਆਂ ਵਸਤਾਂ 'ਤੇ 25 ਫੀਸਦੀ ਟੈਕਸ ਲਗਾਉਣ ਦੇ ਨਾਲ-ਨਾਲ ਇੱਕ ਦਰਜਨ ਹੋਰ ਮੁਲਕਾਂ 'ਤੇ ਨਵੀਆਂ ਟੈਕਸ ਦਰਾਂ ਲਗਾਉਣ ਦਾ ਐਲਾਨ ਕੀਤਾ ਸੀ, ਜੋ 1 ਅਗਸਤ ਤੋਂ ਅਮਲ 'ਚ ਆਉਣਗੀਆਂ। ਟਰੰਪ ਨੇ ਟਰੁਥ ਸੋਸ਼ਲ 'ਤੇ ਵੱਖ-ਵੱਖ ਮੁਲਕਾਂ ਦੇ ਆਗੂਆਂ ਨੂੰ ਸੰਬੋਧਤ ਪੱਤਰ ਪੋਸਟ ਕਰਕੇ ਨੋਟਿਸ ਦਿੱਤਾ ਸੀ।

# ਅਮਰੀਕਾ ਦੇ 5 ਰਾਜਾਂ 'ਚ ਸਥਾਪਤ ਹੋਣਗੇ ਪ੍ਰਵਾਸੀ ਨਜ਼ਰਬੰਦੀ ਕੇਂਦਰ!

**ਨਿਊਯਾਰਕ, (ਪੰਜਾਬ ਮੇਲ)-** ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (ਡੀ.ਐੱਚ.ਐੱਸ.) ਦੀ ਸਕੱਤਰ ਕ੍ਰਿਸਟੀ ਨੋਏਮ ਨੇ ਕਿਹਾ ਹੈ ਕਿ ਉਹ ਫਲੋਰੀਡਾ ਦੇ 'ਐਲੀਗੇਟਰ ਅਲਕਾਟਰਾਜ਼' ਦੀ ਤਰਜ਼ 'ਤੇ ਪ੍ਰਵਾਸੀ ਨਜ਼ਰਬੰਦੀ ਕੇਂਦਰ ਸਥਾਪਤ ਕਰਨ ਲਈ ਪੰਜ ਰਾਜਾਂ ਨਾਲ ਲਗਾਤਾਰ ਗੱਲਬਾਤ ਕਰ ਰਹੀ ਹੈ। ਨੋਏਮ ਨੇ ਇੱਕ ਪ੍ਰੈੱਸ ਕਾਨਫਰੰਸ ਵਿਚ ਕਿਹਾ ਕਿ ਇਹ ਪੰਜ ਰਾਜ ਰਿਪਬਲਿਕਨ ਗਵਰਨਰ ਅਗਵਾਈ ਕਰਦੇ ਹਨ, ਪਰ ਉਨ੍ਹਾਂ ਨੇ ਉਨ੍ਹਾਂ ਦੇ ਨਾਵਾਂ ਦਾ ਖੁਲਾਸਾ ਨਹੀਂ ਕੀਤਾ। ਉਨ੍ਹਾਂ ਨੇ 'ਐਲੀਗੇਟਰ ਅਲਕਾਟਰਾਜ਼' ਨਜ਼ਰਬੰਦੀ ਕੇਂਦਰ ਦੇ ਸਫਲ ਲਾਂਚ ਵਿਚ ਡੀ.ਐੱਚ.ਐੱਸ. ਨਾਲ ਸਹਿਯੋਗ ਲਈ ਫਲੋਰੀਡਾ ਦੇ ਗਵਰਨਰ ਰੌਨ ਡੀਸੈਂਟਿਸ ਦੀ ਵੀ ਪ੍ਰਸ਼ੰਸਾ ਕੀਤੀ।

ਗੌਰਤਲਬ ਹੈ ਕਿ ਫਲੋਰੀਡਾ ਐਵਰਗਲੇਡਜ਼ ਵਿਚ ਸਥਿਤ ਡੈੱਡ-ਕੋਲੀਅਰ ਟ੍ਰੇਨਿੰਗ ਐਂਡ ਟ੍ਰਾਂਜਿਸ਼ਨ ਏਅਰਪੋਰਟ ਦੀ ਜਗ੍ਹਾ 'ਤੇ 39 ਵਰਗ ਮੀਲ (100 ਵਰਗ ਕਿਲੋਮੀਟਰ) ਵਿਚ ਫੈਲਿਆ ਇਹ ਕੇਂਦਰ ਸਿਰਫ ਅੱਠ ਦਿਨਾਂ ਵਿਚ ਬਣਾਇਆ ਗਿਆ ਸੀ। ਪ੍ਰਵਾਸੀ ਨਜ਼ਰਬੰਦਾਂ ਦੇ ਪਹਿਲੇ ਸਮੂਹ ਨੂੰ ਜੁਲਾਈ ਦੇ ਸ਼ੁਰੂ ਵਿਚ ਉੱਥੇ ਰੱਖਿਆ ਗਿਆ ਸੀ। ਇਹ ਕੇਂਦਰ ਮੌਜੂਦਾ ਅਮਰੀਕੀ ਪ੍ਰਸ਼ਾਸਨ ਦੇ ਗੈਰ-ਕਾਨੂੰਨੀ ਇਮੀਗ੍ਰੇਸ਼ਨ 'ਤੇ ਸ਼ਿਕੰਜਾ ਕੱਸਣ ਦੇ ਯਤਨਾਂ ਦਾ ਹਿੱਸਾ ਹੈ। ਇਸ ਯਤਨ ਦੀ ਪ੍ਰਸ਼ਾਸਨ ਅਤੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਮਰਥਕਾਂ ਦੁਆਰਾ ਪ੍ਰਸ਼ੰਸਾ ਕੀਤੀ ਗਈ ਹੈ, ਪਰ ਇਸਨੇ ਉੱਥੋਂ ਦੇ ਹਾਲਾਤਾਂ ਬਾਰੇ ਪਰੇਸ਼ਾਨ ਕਰਨ ਵਾਲੀਆਂ ਰਿਪੋਰਟਾਂ ਦੇ ਮੱਦੇਨਜ਼ਰ ਮਨੁੱਖੀ ਅਧਿਕਾਰ ਕਾਰਕੁਨਾਂ ਵਿਚ ਚਿੰਤਾਵਾਂ ਵੀ ਪੈਦਾ ਕੀਤੀਆਂ ਹਨ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

# ਅਮਰੀਕਾ ਵੱਲੋਂ ਰੂਸ ਤੋਂ ਤੇਲ ਖਰੀਦਣ ਵਾਲੇ ਦੇਸ਼ਾਂ 'ਤੇ 500% ਟੈਰਿਫ (ਟੈਕਸ) ਲਗਾਉਣ ਦਾ ਐਲਾਨ

■ **"2025 ਦਾ ਰੂਸ ਐਕਟ ਸੈਂਕਸ਼ਨਿੰਗ" ਨਾਂ ਦਾ ਇੱਕ ਸਖ਼ਤ ਬਿੱਲ ਪੇਸ਼**

■ **ਇਸ ਪ੍ਰਸਤਾਵਿਤ ਕਾਨੂੰਨ ਤਹਿਤ ਸਖਤ ਆਰਥਿਕ ਜੁਰਮਾਨੇ ਲਗਾਏ ਜਾਣਗੇ**

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਅਤੇ ਰੂਸ ਵਿਚਕਾਰ ਵਧਦੇ ਤਣਾਅ ਵਿਚਕਾਰ ਭਾਰਤ-ਰੂਸ ਊਰਜਾ ਸਾਂਝੇਦਾਰੀ ਨੂੰ ਲੈ ਕੇ ਵਾਸ਼ਿੰਗਟਨ ਵਿਚ ਹਲਚਲ ਮਚੀ ਹੋਈ ਹੈ। ਅਮਰੀਕੀ ਸੈਨੇਟ ਵਿਚ ਦੋ ਪ੍ਰਮੁੱਖ ਨੇਤਾਵਾਂ ਰਿਪਬਲਿਕਨ ਸੰਸਦ ਮੈਂਬਰ ਲਿੰਡਸੇ ਗ੍ਰਾਹਮ ਅਤੇ ਡੈਮੋਕ੍ਰੇਟਿਕ ਨੇਤਾ ਰਿਚਰਡ ਬਲੂਮੈਂਥਲ ਨੇ ਸਾਂਝੇ ਤੌਰ 'ਤੇ "2025 ਦਾ ਰੂਸ ਐਕਟ ਸੈਂਕਸ਼ਨਿੰਗ" ਨਾਂ ਦਾ ਇੱਕ ਸਖ਼ਤ ਬਿੱਲ ਪੇਸ਼ ਕੀਤਾ ਹੈ। ਇਸ ਪ੍ਰਸਤਾਵਿਤ ਕਾਨੂੰਨ ਤਹਿਤ ਉਨ੍ਹਾਂ ਦੇਸ਼ਾਂ 'ਤੇ ਸਖ਼ਤ ਆਰਥਿਕ ਜੁਰਮਾਨੇ ਲਗਾਏ ਜਾਣਗੇ, ਜੋ ਰੂਸ ਤੋਂ ਤੇਲ, ਗੈਸ ਜਾਂ ਯੂਰੇਨੀਅਮ ਖਰੀਦਦੇ ਹਨ, ਜਿਨ੍ਹਾਂ ਵਿਚੋਂ ਭਾਰਤ ਅਤੇ ਚੀਨ ਪ੍ਰਮੁੱਖ ਹਨ।

ਇਸ ਬਿੱਲ ਦਾ ਉਦੇਸ਼ ਊਰਜਾ ਵਿਕਰੀ ਤੋਂ ਰੂਸ ਦੀ ਆਮਦਨ ਨੂੰ ਘਟਾਉਣਾ ਅਤੇ ਯੂਕਰੇਨ ਯੁੱਧ ਲਈ ਪ੍ਰਾਪਤ ਹੋਣ ਵਾਲੇ ਸਰੋਤਾਂ ਨੂੰ ਰੋਕਣਾ ਹੈ। ਬਿੱਲ ਵਿਚ ਇੱਕ ਵਿਵਸਥਾ ਹੈ ਕਿ ਕੋਈ ਵੀ ਦੇਸ਼ ਜੋ ਰੂਸ ਤੋਂ ਊਰਜਾ ਉਤਪਾਦ ਖਰੀਦਦਾ ਹੈ, ਅਮਰੀਕਾ ਨੂੰ ਉਨ੍ਹਾਂ ਦੇ ਨਿਰਯਾਤ 'ਤੇ 500% ਤੱਕ ਟੈਰਿਫ (ਟੈਕਸ) ਲਗਾਇਆ ਜਾਵੇਗਾ। ਸੈਨੇਟਰ ਰਿਚਰਡ ਬਲੂਮੈਂਥਲ ਨੇ ਕਿਹਾ, "ਇਹ ਕਾਨੂੰਨ ਇਸ ਲਈ ਜ਼ਰੂਰੀ ਹੈ, ਤਾਂ ਜੋ ਦੁਨੀਆਂ ਊਰਜਾ ਲਈ ਰੂਸ 'ਤੇ ਨਿਰਭਰ ਨਾ ਰਹੇ ਅਤੇ ਉਸ ਨੂੰ ਯੂਕਰੇਨ 'ਤੇ ਹਮਲੇ ਦੀ ਕੀਮਤ ਚੁਕਾਉਣੀ ਪਵੇ।"

ਇਹ ਬਿੱਲ ਭਾਰਤ ਲਈ ਬਹੁਤ ਨੁਕਸਾਨਦੇਹ ਸਾਬਤ ਹੋ ਸਕਦਾ ਹੈ। ਸਾਲ 2024 ਵਿਚ ਭਾਰਤ ਨੇ ਆਪਣੇ ਕੁੱਲ ਤੇਲ ਆਯਾਤ ਦਾ ਲਗਭਗ 35% ਰੂਸ ਤੋਂ ਖਰੀਦਿਆ। ਭਾਰਤ ਨੇ ਰੂਸ ਤੋਂ ਸਸਤਾ ਤੇਲ ਖਰੀਦ ਕੇ ਘਰੇਲੂ ਮਹਿੰਗਾਈ ਨੂੰ ਕੰਟਰੋਲ ਕਰਨ ਦੀ ਨੀਤੀ ਅਪਣਾਈ ਸੀ, ਪਰ ਜੇਕਰ ਇਹ ਕਾਨੂੰਨ ਲਾਗੂ ਹੋ ਜਾਂਦਾ ਹੈ, ਤਾਂ ਅਮਰੀਕਾ ਨੂੰ ਭੇਜੇ ਜਾਣ ਵਾਲੇ ਭਾਰਤੀ ਸਾਮਾਨ ਦੀ ਕੀਮਤ ਇੰਨੀ ਵੱਧ ਜਾਵੇਗੀ ਕਿ ਉਹ ਬਾਜ਼ਾਰ ਵਿਚ ਮੁਕਾਬਲਾ ਨਹੀਂ ਕਰ ਸਕੇਗਾ।

ਇਸ ਕਾਨੂੰਨ ਨੂੰ ਰਿਪਬਲਿਕਨ ਅਤੇ ਡੈਮੋਕ੍ਰੇਟ ਦੋਵਾਂ ਪਾਰਟੀਆਂ ਦੇ 80 ਤੋਂ ਵੱਧ ਸੰਸਦ ਮੈਂਬਰਾਂ ਦਾ ਸਮਰਥਨ ਪ੍ਰਾਪਤ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਬਿੱਲ ਨਾ ਸਿਰਫ਼ ਰੂਸੀ ਕੰਪਨੀਆਂ ਜਾਂ ਬੈਂਕਾਂ 'ਤੇ ਹਮਲਾ ਕਰੇਗਾ, ਸਗੋਂ ਰੂਸ ਤੋਂ ਊਰਜਾ ਖਰੀਦਣ ਵਾਲੇ ਦੇਸ਼ਾਂ ਦੀ ਆਰਥਿਕ ਰੀੜ੍ਹ ਦੀ ਹੱਡੀ 'ਤੇ ਵੀ ਹਮਲਾ ਕਰੇਗਾ। ਇਸ ਪ੍ਰਸਤਾਵ ਵਿਚ ਅਮਰੀਕਾ ਦੇ ਭਵਿੱਖ ਦੇ ਰਾਸ਼ਟਰਪਤੀ, ਜੋ ਕਿ ਸੰਭਾਵਿਤ ਤੌਰ 'ਤੇ ਡੋਨਾਲਡ ਟਰੰਪ ਹੋ ਸਕਦੇ ਹਨ, ਦੀ ਭੂਮਿਕਾ ਮਹੱਤਵਪੂਰਨ ਹੋਵੇਗੀ। ਰਾਸ਼ਟਰਪਤੀ ਕੋਲ ਇਸ ਟੈਰਿਫ ਨੂੰ 180 ਦਿਨਾਂ ਲਈ ਮੁਲਤਵੀ ਕਰਨ ਦੀ ਸ਼ਕਤੀ ਹੋਵੇਗੀ, ਪਰ ਇਸ ਲਈ ਉਨ੍ਹਾਂ ਨੂੰ ਅਮਰੀਕੀ ਕਾਂਗਰਸ ਤੋਂ ਇਜਾਜ਼ਤ ਲੈਣੀ ਪਵੇਗੀ। ਜੇਕਰ ਇਹ ਬਿੱਲ ਕਾਨੂੰਨ ਬਣ ਜਾਂਦਾ ਹੈ, ਤਾਂ ਭਾਰਤ ਸਮੇਤ ਕਈ ਦੇਸ਼ਾਂ ਲਈ, ਜੋ ਰੂਸ ਤੋਂ ਤੇਲ ਖਰੀਦਦੇ ਹਨ, ਅਮਰੀਕਾ ਨੂੰ ਨਿਰਯਾਤ ਕਰਨਾ ਲਗਭਗ ਅਸੰਭਵ ਹੋ ਜਾਵੇਗਾ। ਇਸ ਨਾਲ ਨਾ ਸਿਰਫ਼ ਭਾਰਤ ਦੀ ਆਰਥਿਕਤਾ ਪ੍ਰਭਾਵਿਤ ਹੋਵੇਗੀ, ਸਗੋਂ ਭਾਰਤ-ਅਮਰੀਕਾ ਵਪਾਰਕ ਸਬੰਧਾਂ ਵਿਚ ਵੀ ਦਰਾਰ ਪੈਦਾ ਹੋ ਸਕਦੀ ਹੈ।

# 9/11 ਹਮਲੇ ਦੇ ਕਥਿਤ ਸਾਜ਼ਿਸ਼ਕਰਤਾ ਲਈ ਸਮਝੌਤਾ ਪਟੀਸ਼ਨ ਖਾਰਜ

**ਵਾਸ਼ਿੰਗਟਨ, (ਪੰਜਾਬ ਮੇਲ) -** ਅਮਰੀਕਾ ਦੀ ਇਕ ਸੰਘੀ ਅਪੀਲ ਅਦਾਲਤ ਨੇ ਉਸ ਸਮਝੌਤੇ ਨੂੰ ਖਾਰਜ ਕਰ ਦਿੱਤਾ ਹੈ, ਜਿਸ ਦੇ ਤਹਿਤ 11 ਸਤੰਬਰ 2001 ਦੇ ਹਮਲੇ ਦੇ ਕਥਿਤ ਸਾਜ਼ਿਸ਼ਕਰਤਾ ਖਾਲਿਦ ਸ਼ੇਖ ਮੁਹੰਮਦ ਨੂੰ ਆਪਣਾ ਅਪਰਾਧ ਸਵੀਕਾਰ ਕਰਨ ਦੀ ਪ੍ਰਵਾਨਗੀ ਮਿਲ ਜਾਂਦੀ। ਇਸ ਨਾਲ ਉਸ ਨੂੰ ਅਲਕਾਇਦਾ ਦੇ 2001 ਦੇ ਹਮਲਿਆਂ ਲਈ ਮੌਤ ਦੀ ਸਜ਼ਾ ਤੋਂ ਬਚਾਇਆ ਜਾ ਸਕਦਾ ਸੀ।

ਸ਼ੁੱਕਰਵਾਰ ਨੂੰ ਆਏ ਇਸ ਫੈਸਲੇ ਨਾਲ 2 ਦਹਾਕਿਆਂ ਤੋਂ ਵੀ ਘੱਟ ਸਮੇਂ ਤੋਂ ਜਾਰੀ ਫੌਜੀ ਮੁਕੱਦਮੇ ਨੂੰ ਖਤਮ ਕਰਨ ਦੀ ਕੋਸ਼ਿਸ਼ ਨਾਕਾਮ ਹੋ ਗਈ ਹੈ। ਇਸ ਤੋਂ ਇਹ ਵੀ ਸੰਕੇਤ ਮਿਲਦਾ ਹੈ ਕਿ ਅਮਰੀਕਾ 'ਤੇ ਹੁਣ ਤੱਕ ਦੇ ਸਭ ਤੋਂ ਘਾਤਕ ਹਮਲਿਆਂ ਵਿਚੋਂ ਇਕ ਦੀ ਸਾਜ਼ਿਸ਼ ਰਚਣ ਦੇ ਮੁਲਜ਼ਮ ਵਿਅਕਤੀ ਨੂੰ ਨਿਆਂ ਦੇ ਕਟਹਿਰੇ 'ਚ ਲਿਆਉਣ ਲਈ ਫੌਜ ਤੇ ਅਮਰੀਕੀ ਪ੍ਰਸ਼ਾਸਨ ਵੱਲੋਂ ਕੀਤੇ ਜਾ ਰਹੇ ਯਤਨ ਜਾਰੀ ਰਹਿਣਗੇ।

ਖਾਲਿਦ ਸ਼ੇਖ ਮੁਹੰਮਦ 'ਤੇ ਅਗਵਾ ਜਹਾਜ਼ਾਂ ਨੂੰ ਵਰਲਡ ਟਰੇਡ ਸੈਂਟਰ ਤੇ ਪੈਂਟਾਗਨ ਨਾਲ ਟਕਰਾਉਣ ਦੀ ਸਾਜ਼ਿਸ਼ ਰਚਣ ਅਤੇ ਉਸ ਨੂੰ ਅੰਜਾਮ ਦੇਣ 'ਚ ਮਦਦ ਕਰਨ ਦਾ ਦੋਸ਼ ਹੈ।

# ਕੈਲੀਫੋਰਨੀਆ 'ਚ ਇਮੀਗ੍ਰੇਸ਼ਨ ਵਿਭਾਗ ਵੱਲੋਂ ਛਾਪੇਮਾਰੀ ਦੌਰਾਨ ਗੈਰਕਾਨੂੰਨੀ ਢੰਗ ਨਾਲ ਰਹਿੰਦੇ 200 ਸ਼ੱਕੀ ਪ੍ਰਵਾਸੀ ਗ੍ਰਿਫਤਾਰ

**ਕੈਮਾਰੀਲੋ (ਅਮਰੀਕਾ), (ਪੰਜਾਬ ਮੇਲ)-** ਅਮਰੀਕਾ ਦੇ ਸੰਘੀ ਇਮੀਗਰੇਸ਼ਨ ਅਧਿਕਾਰੀਆਂ ਨੇ ਕੈਲੀਫੋਰਨੀਆ ਵਿਚ ਭੰਗ (ਕੈਨਾਬਿਸ) ਦੇ ਦੋ ਖੇਤਾਂ 'ਤੇ ਛਾਪੇਮਾਰੀ ਕਰਦਿਆਂ ਲਗਪਗ 200 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ 'ਤੇ ਦੇਸ਼ ਵਿਚ ਗੈਰਕਾਨੂੰਨੀ ਢੰਗ ਨਾਲ ਰਹਿਣ ਦਾ ਸ਼ੱਕ ਹੈ। ਸੰਘੀ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਛਾਪੇਮਾਰੀ ਵੀਰਵਾਰ ਨੂੰ ਕੀਤੀ ਗਈ ਸੀ।

ਘਟਨਾ ਸਥਾਨ 'ਤੇ ਮੌਜੂਦ ਲੋਕਾਂ ਨੇ ਛਾਪੇਮਾਰੀ ਦਾ ਵਿਰੋਧ ਕੀਤਾ, ਜਿਸ ਕਾਰਨ ਕੁਝ ਦੇਰ ਲਈ ਹਾਲਾਤ ਤਣਾਅਪੂਰਨ ਹੋ ਗਏ ਸਨ। ਅੰਦਰੂਨੀ ਸੁਰੱਖਿਆ ਮੰਤਰਾਲੇ ਨੇ ਇੱਕ ਬਿਆਨ ਵਿਚ ਕਿਹਾ ਕਿ ਅਧਿਕਾਰੀਆਂ ਨੇ ਵੀਰਵਾਰ ਨੂੰ ਕੈਲੀਫੋਰਨੀਆ ਦੇ ਕਾਰਪਿਨਟੇਰੀਆ ਅਤੇ ਕੈਮਾਰੀਲੋ ਵਿਚ ਅਪਰਾਧਿਕ ਤਲਾਸ਼ੀ ਵਾਰੰਟ 'ਤੇ ਕਾਰਵਾਈ ਕੀਤੀ ਅਤੇ ਦੇਸ਼ ਵਿਚ ਗੈਰਕਾਨੂੰਨੀ ਢੰਗ ਨਾਲ ਰਹਿਣ ਦੇ ਸ਼ੱਕ ਵਿਚ ਕੁਝ ਪ੍ਰਵਾਸੀਆਂ ਨੂੰ ਗ੍ਰਿਫਤਾਰ ਕੀਤਾ।

ਬਿਆਨ ਵਿਚ ਕਿਹਾ ਗਿਆ ਹੈ ਕਿ ਘਟਨਾ ਸਥਾਨ 'ਤੇ ਘੱਟੋ-ਘੱਟ 10 ਬੱਚੇ ਵੀ ਮੌਜੂਦ ਸਨ। ਮੰਤਰਾਲੇ ਨੇ ਕਿਹਾ ਕਿ ਚਾਰ ਅਮਰੀਕੀ ਨਾਗਰਿਕਾਂ ਨੂੰ ਅਧਿਕਾਰੀਆਂ 'ਤੇ ਹਮਲਾ ਕਰਨ ਜਾਂ ਉਨ੍ਹਾਂ ਦਾ ਵਿਰੋਧ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਹੈ।

ਛਾਪੇਮਾਰੀ ਦੌਰਾਨ ਕੈਮਾਰੀਲੋ ਸਥਿਤ ਗਲਾਸ ਹਾਊਸ ਫਾਰਮਜ਼ ਦੇ ਬਾਹਰ ਲੋਕਾਂ ਦੀ ਭੀੜ ਆਪਣੇ ਰਿਸ਼ਤੇਦਾਰਾਂ ਬਾਰੇ ਜਾਣਕਾਰੀ ਲੈਣ ਅਤੇ ਇਮੀਗ੍ਰੇਸ਼ਨ ਲਾਗੂ ਕਰਨ ਦਾ ਵਿਰੋਧ ਕਰਨ ਲਈ ਇਕੱਠੀ ਹੋ ਗਈ। ਕੈਲੀਫੋਰਨੀਆ ਦੀ ਲਾਇਸੈਂਸਸ਼ੁਦਾ ਭੰਗ ਉਤਪਾਦਕ ਕੰਪਨੀ 'ਗਲਾਸ ਹਾਊਸ' ਨੇ ਇੱਕ ਬਿਆਨ ਵਿਚ ਕਿਹਾ ਕਿ ਇਮੀਗ੍ਰੇਸ਼ਨ ਏਜੰਟਾਂ ਕੋਲ ਵਾਜਬ ਵਾਰੰਟ ਸਨ।

ਕੰਪਨੀ ਨੇ ਕਿਹਾ ਕਿ ਕਰਮਚਾਰੀਆਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ ਅਤੇ ਉਹ ਉਨ੍ਹਾਂ ਨੂੰ ਕਾਨੂੰਨੀ ਪ੍ਰਤੀਨਿਧਤਾ ਪ੍ਰਦਾਨ ਕਰਨ ਵਿਚ ਮਦਦ ਕਰ ਰਹੀ ਹੈ। ਇਸ ਫਾਰਮ ਵਿਚ ਟਮਾਟਰ ਅਤੇ ਖੀਰੇ ਵੀ ਉਗਾਏ ਜਾਂਦੇ ਹਨ। ਬਿਆਨ ਵਿਚ ਕਿਹਾ ਗਿਆ ਹੈ, "ਗਲਾਸ ਹਾਊਸ ਨੇ ਕਦੇ ਵੀ ਜਾਣਬੁੱਝ ਕੇ ਨਿਯੁਕਤੀ ਪ੍ਰਥਾਵਾਂ ਦੀ ਉਲੰਘਣਾ ਨਹੀਂ ਕੀਤੀ ਅਤੇ ਨਾ ਹੀ ਕਦੇ ਨਾਬਾਲਗਾਂ ਨੂੰ ਨੌਕਰੀ 'ਤੇ ਰੱਖਿਆ ਹੈ।"


## Editorial Board

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit
Ishu Hallan
Vijay
Surbhi Sharma
Sanjeev Khanna



**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : ww.punjabmailusa.com
App : Punjab Mail USA
Youtube : Punjab Mail USA
Facebook : Punjab Mail USA


Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਡਾ. ਨਿਰਮਲ ਜੌੜਾ ਦਾ ਸਕਾਟਲੈਂਡ 'ਚ ਪੰਜ ਦਰਿਆ ਅਖਬਾਰ ਵੱਲੋਂ ਹੋਵੇਗਾ ਗੋਲਡ ਮੈਡਲ ਨਾਲ ਸਨਮਾਨ

**ਗਲਾਸਗੋ, (ਮਨਦੀਪ ਖੁਰਮੀ ਹਿੰਮਤਪੁਰਾ/ਪੰਜਾਬ ਮੇਲ)-** ਵਿਸ਼ਵ ਪ੍ਰਸਿੱਧ ਰੰਗਮੰਚ ਨਿਰਦੇਸ਼ਕ, ਵਿਅੰਗਕਾਰ, ਉੱਘੇ ਰੰਗਕਰਮੀ, ਨੌਜਵਾਨਾਂ ਲਈ ਪ੍ਰੇਰਨਾਦਾਇਕ ਸ਼ਖਸੀਅਤ ਡਾ: ਨਿਰਮਲ ਜੌੜਾ ਦਾ ਗਲਾਸਗੋ ਵਿਖੇ ਗੋਲਡ ਮੈਡਲ ਨਾਲ ਸਨਮਾਨ ਅਤੇ ਰੂਬਰੂ ਸਮਾਗਮ ਕਰਵਾਇਆ ਜਾ ਰਿਹਾ ਹੈ। ਪੰਜ ਦਰਿਆ ਅਖ਼ਬਾਰ ਟੀਮ ਵੱਲੋਂ 24 ਜੁਲਾਈ 2025 ਨੂੰ ਸੈਂਟਰਲ ਗੁਰੂਘਰ ਸਿੰਘ ਸਭਾ ਅੰਦਰ "ਸੈਂਟਰਲ ਮੇਲ ਮਿਲਾਪ ਸੈਂਟਰ" ਕਾਨਫਰੰਸ ਹਾਲ ਵਿਚ ਹੋਣ ਜਾ ਰਹੇ ਇਸ ਸਮਾਗਮ ਦੌਰਾਨ ਡਾ: ਨਿਰਮਲ ਜੌੜਾ ਆਪਣੇ ਜੀਵਨ ਸਫ਼ਰ ਬਾਰੇ ਚਾਨਣਾ ਪਾਉਣਗੇ। ਜ਼ਿਕਰਯੋਗ ਹੈ ਕਿ ਮਨਦੀਪ ਖੁਰਮੀ ਹਿੰਮਤਪੁਰਾ ਵੱਲੋਂ ਆਪਣੇ ਮਰਹੂਮ ਗੀਤਕਾਰ ਪਿਤਾ ਗੁਰਬਚਨ ਸਿੰਘ ਖੁਰਮੀ ਦੀ ਯਾਦ ਵਿਚ ਸਾਲਾਨਾ ਐਵਾਰਡ ਦੇ ਰੂਪ



ਵਿਚ ਗੋਲਡ ਮੈਡਲ ਦੇਣ ਦਾ ਅਹਿਦ ਲਿਆ ਸੀ ਤੇ ਪਹਿਲੇ ਗੋਲਡ ਮੈਡਲ ਦਾ ਐਲਾਨ ਵਿਸ਼ਵ ਪ੍ਰਸਿੱਧ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਜੀ ਨੂੰ ਭੇਂਟ ਕਰਨ ਲਈ ਕੀਤਾ ਸੀ। ਜੱਗੀ ਕੁੱਸਾ ਜੀ ਦੇ ਸਨਮਾਨ ਲਈ ਬਹੁਤ ਜਲਦੀ ਸਮਾਗਮ ਉਲੀਕਿਆ ਜਾਵੇਗਾ ਪਰ ਇਸੇ ਸਮੇਂ ਦੌਰਾਨ ਹੀ ਸਕਾਟਲੈਂਡ ਦੌਰੇ 'ਤੇ ਆ ਰਹੇ ਡਾ: ਨਿਰਮਲ ਜੌੜਾ ਨੂੰ ਵੀ ਉਕਤ

**■ ਗਲਾਸਗੋ ਵਿਖੇ 24 ਜੁਲਾਈ ਨੂੰ ਹੋਵੇਗਾ ਸਨਮਾਨ ਤੇ ਰੂਬਰੂ ਸਮਾਗਮ**

ਸਨਮਾਨ ਭੇਂਟ ਕੀਤਾ ਜਾਵੇਗਾ।

ਇੱਥੇ ਦੱਸਣਾ ਬਣਦਾ ਹੈ ਕਿ ਨਿਰਮਲ ਜੌੜਾ ਦਾ ਪੰਜਾਬੀ ਸੱਭਿਆਚਾਰ, ਸਾਹਿਤ ਤੇ ਰੰਗਮੰਚ ਦੇ ਖੇਤਰ ਵਿਚ ਬਹੁਤ ਵੱਡਾ ਸਥਾਨ ਹੈ। ਉਨ੍ਹਾਂ ਵੱਲੋਂ ਕੀਤੇ ਗਏ ਤੇ ਕੀਤੇ ਜਾ ਰਹੇ ਕਾਰਜਾਂ ਅੱਗੇ ਵੱਡੇ ਤੋਂ ਵੱਡੇ ਸਨਮਾਨ ਵੀ ਛੋਟੇ ਜਾਪਦੇ ਹਨ। ਨਿਰਮਲ ਜੌੜਾ ਅਜਿਹੀ ਮਿੱਠਬੋਲੜੀ ਸ਼ਖਸੀਅਤ ਹੈ, ਜਿਨ੍ਹਾਂ ਦੇ ਬੋਲ ਲੰਮਾ ਸਮਾਂ ਦੂਰਦਰਸ਼ਨ ਦੇ ਰੰਗਾਰੰਗ ਪ੍ਰੋਗਰਾਮ "ਲਿਸ਼ਕਾਰਾ" ਰਾਹੀਂ ਘਰ-ਘਰ ਤੱਕ ਪਹੁੰਚਦੇ ਰਹੇ ਹਨ। ਇਸ ਸੰਬੰਧੀ ਪੰਜ ਦਰਿਆ ਅਖ਼ਬਾਰ ਟੀਮ ਵੱਲੋਂ ਕੀਤੀ ਇਕੱਤਰਤਾ ਦੌਰਾਨ ਮਨਦੀਪ ਖੁਰਮੀ ਹਿੰਮਤਪੁਰਾ, ਗੁਰਮੇਲ ਸਿੰਘ ਧਾਮੀ, ਵਰਿੰਦਰ ਖੁਰਮੀ, ਲਾਭ ਗਿੱਲ ਦੋਦਾ, ਵਿੱਕੀ ਸ਼ਰਮਾ, ਬਲਦੇਵ ਸਿੰਘ ਬਾਜਵਾ, ਤਾਰੀ ਬਾਸੀ, ਦਲਬਾਰਾ ਸਿੰਘ ਗਿੱਲ, ਰਾਣਾ ਦੁਸਾਂਝ, ਨਛੱਤਰ ਸਿੰਘ ਦੋਦਾ, ਬਿੱਟੂ ਗਲਾਸਗੋ ਆਦਿ ਸਹਿਯੋਗੀਆਂ ਵੱਲੋਂ ਸਕਾਟਲੈਂਡ ਵਸਦੇ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਗਈ ਕਿ ਨਿਰਮਲ ਜੌੜਾ ਜੀ ਦੇ ਸਨਮਾਨ ਅਤੇ ਰੂਬਰੂ ਸਮਾਗਮ ਵਿਚ ਹਾਜ਼ਰੀ ਜ਼ਰੂਰ ਭਰਨ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

## ਅਮਰੀਕੀ ਸਫ਼ਾਰਤਖਾਨੇ ਵੱਲੋਂ ਯਾਤਰੀਆਂ ਨੂੰ ਇਮੀਗ੍ਰੇਸ਼ਨ ਨਿਯਮਾਂ ਦੀ ਸਖਤੀ ਨਾਲ ਪਾਲਣਾ ਕਰਨ ਦੀ ਚੇਤਾਵਨੀ ਜਾਰੀ

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ 'ਚ ਸਥਿਤ ਅਮਰੀਕੀ ਸਫ਼ਾਰਤਖ਼ਾਨੇ ਨੇ ਅਮਰੀਕੀ ਵੀਜ਼ਾ ਧਾਰਕ ਭਾਰਤੀਆਂ ਨੂੰ ਤੈਅ ਇਮੀਗ੍ਰੇਸ਼ਨ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦੀ ਚੇਤਾਵਨੀ ਦਿੱਤੀ ਹੈ। ਇਸ ਚੇਤਾਵਨੀ ਵਿਚ ਸਾਫ਼ ਕਿਹਾ ਗਿਆ ਹੈ ਕਿ ਅਜਿਹਾ ਕਰਨ ਵਿਚ ਨਾਕਾਮ ਰਹਿਣ 'ਤੇ ਵੀਜ਼ਾ ਰੱਦ ਕਰ ਕੇ ਸਬੰਧਤ ਵਿਅਕਤੀ ਨੂੰ ਅਮਰੀਕਾ ਵਿਚੋਂ ਡਿਪੋਰਟ ਕੀਤਾ ਜਾ ਸਕਦਾ ਹੈ।

ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇੱਕ ਪੋਸਟ ਵਿਚ ਦੂਤਾਵਾਸ ਨੇ ਕਿਹਾ, "ਵੀਜ਼ਾ ਜਾਰੀ ਹੋਣ ਤੋਂ ਬਾਅਦ ਵੀਜ਼ਾ ਸਕ੍ਰੀਨਿੰਗ ਬੰਦ ਨਹੀਂ ਹੁੰਦੀ। ਅਸੀਂ ਇਹ ਯਕੀਨੀ ਬਣਾਉਣ ਲਈ ਵੀਜ਼ਾ ਧਾਰਕਾਂ ਦੀ ਲਗਾਤਾਰ ਜਾਂਚ ਕਰਦੇ ਹਾਂ ਕਿ ਉਹ ਸਾਰੇ ਅਮਰੀਕੀ ਕਾਨੂੰਨਾਂ ਅਤੇ ਇਮੀਗ੍ਰੇਸ਼ਨ ਨਿਯਮਾਂ ਦੀ ਪਾਲਣਾ ਕਰਦੇ ਹਨ ਜਾਂ ਨਹੀਂ। ਜੇ ਉਹ ਅਜਿਹਾ ਨਹੀਂ ਕਰਦੇ ਤਾਂ ਅਸੀਂ ਉਨ੍ਹਾਂ ਦੇ ਵੀਜ਼ੇ ਰੱਦ ਕਰ ਦੇਵਾਂਗੇ ਅਤੇ ਉਨ੍ਹਾਂ




**■ ਕਿਹਾ: ਨਾਕਾਮ ਰਹਿਣ 'ਤੇ ਸੰਬੰਧਤ ਵਿਅਕਤੀ ਦਾ ਵੀਜ਼ਾ ਕੀਤਾ ਜਾਵੇਗਾ ਰੱਦ ਤੇ ਕੀਤਾ ਜਾ ਸਕਦੈ ਡਿਪੋਰਟ**

ਨੂੰ ਦੇਸ਼ ਨਿਕਾਲਾ (ਡਿਪੋਰਟ) ਦੇ ਦੇਵਾਂਗੇ।" ਗ਼ੌਰਤਲਬ ਹੈ ਕਿ ਪਹਿਲਾਂ ਅਮਰੀਕਾ ਨੇ ਇੱਕ ਸਲਾਹ ਜਾਰੀ ਕੀਤੀ ਸੀ, ਜਿਸ ਵਿਚ ਵੀਜ਼ਾ ਬਿਨੈਕਾਰਾਂ ਲਈ ਆਪਣੇ ਸੋਸ਼ਲ ਮੀਡੀਆ ਖਾਤਿਆਂ ਦੇ ਵੇਰਵੇ ਮੁਹੱਈਆ ਕਰਾਉਣੇ ਜ਼ਰੂਰੀ ਕੀਤੇ ਗਏ ਸਨ। ਇਸ ਦਾ ਮਕਸਦ ਇਨ੍ਹਾਂ ਵੀਜ਼ਾ ਖ਼ਾਤਿਆਂ ਦੀ ਅਮਰੀਕੀ ਕਾਨੂੰਨਾਂ ਦੇ ਉਲਟ ਕਿਸੇ ਵੀ ਸਮੱਗਰੀ ਜਾਂ ਵਿਚਾਰਾਂ ਲਈ ਇਨ੍ਹਾਂ ਦੀ ਪੜਤਾਲ ਕਰਨਾ ਹੈ।

## ਅਮਰੀਕੀ ਨਿਆਂ ਵਿਭਾਗ ਵੱਲੋਂ ਟਰੰਪ ਖਿਲਾਫ਼ ਮੁਕੱਦਮਿਆਂ 'ਚ ਸ਼ਾਮਲ ਸਰਕਾਰੀ ਵਕੀਲ ਤੇ ਸਟਾਫ ਬਰਖਾਸਤ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਨਿਆਂ ਵਿਭਾਗ ਨੇ ਰਾਸ਼ਟਰਪਤੀ ਡੋਨਲਡ ਟਰੰਪ ਖ਼ਿਲਾਫ਼ ਚੱਲ ਰਹੇ ਮਾਮਲਿਆਂ ਨਾਲ ਜੁੜੇ ਕਈ ਵਕੀਲਾਂ ਅਤੇ ਸਹਾਇਕ ਕਰਮਚਾਰੀਆਂ ਨੂੰ ਬਰਖ਼ਾਸਤ ਕਰ ਦਿੱਤਾ ਹੈ। ਮਾਮਲੇ ਬਾਰੇ ਜਾਣਕਾਰੀ ਰੱਖਣ ਵਾਲੇ ਦੋ ਜਣਿਆਂ ਨੇ ਇਹ ਜਾਣਕਾਰੀ ਦਿੱਤੀ। ਹਾਲਾਂਕਿ, ਅਜੇ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਕੁੱਲ ਕਿੰਨੇ ਕਰਮਚਾਰੀ ਬਰਖ਼ਾਸਤ ਕੀਤੇ ਗਏ ਹਨ। ਇਹ ਕਾਰਵਾਈ ਟਰੰਪ ਦੇ ਵਿਸ਼ੇਸ਼ ਵਕੀਲ ਜੈਕ ਸਮਿਥ ਦੀ ਟੀਮ ਨਾਲ ਜੁੜੇ ਉਨ੍ਹਾਂ ਵਿਅਕਤੀਆਂ ਖ਼ਿਲਾਫ਼ ਕੀਤੀ ਗਈ ਹੈ, ਜੋ ਅਮਰੀਕੀ ਰਾਸ਼ਟਰਪਤੀ ਖ਼ਿਲਾਫ਼ ਖ਼ੁਫ਼ੀਆ ਦਸਤਾਵੇਜ਼ ਰੱਖਣ ਅਤੇ ਚੋਣ ਦਖ਼ਲਅੰਦਾਜ਼ੀ ਨਾਲ ਜੁੜੇ ਦੋ ਵੱਡੇ ਮਾਮਲਿਆਂ 'ਤੇ ਕੰਮ ਕਰ ਰਹੇ ਸਨ। ਸੂਤਰਾਂ ਨੇ ਇਹ ਜਾਣਕਾਰੀ ਨਾਮ ਨਾ ਛਾਪਣ ਦੀ ਸ਼ਰਤ 'ਤੇ ਦਿੱਤੀ ਕਿਉਂਕਿ ਬਰਖ਼ਾਸਤਗੀ ਦਾ ਅਜੇ ਜਨਤਕ ਐਲਾਨ ਨਹੀਂ ਕੀਤਾ ਗਿਆ ਹੈ।

## ਕੈਨੇਡਾ 'ਚ ਸ਼ਰਾਬ ਪੀ ਕੇ ਗੱਡੀ ਚਲਾਉਣ ਦਾ ਸ਼ੌਕੀਨ ਭਾਰਤੀ ਕਈ ਦੋਸ਼ਾਂ ਹੇਠ ਗ੍ਰਿਫ਼ਤਾਰ

**ਵੈਨਕੂਵਰ, (ਪੰਜਾਬ ਮੇਲ)-** ਪੀਲ ਪੁਲਿਸ ਨੇ ਸ਼ਰਾਬ ਪੀ ਕੇ ਕਾਰ ਚਲਾਉਣ ਦੇ ਸ਼ੌਕੀਨ ਭਾਰਤੀ ਬਜ਼ੁਰਗ ਕੌਸ਼ਲ ਕਾਸ਼ੀਰਾਮ (58) ਨੂੰ ਕਈ ਦੋਸ਼ਾਂ ਹੇਠ ਗ੍ਰਿਫ਼ਤਾਰ ਕੀਤਾ ਹੈ। ਲੰਘੀ ਸ਼ਾਮ ਉਸ ਨੇ ਬਰੈਂਪਟਨ 'ਚੋਂ ਲੰਘਦੇ ਹਾਈਵੇਅ 50 ਦੇ ਕੋਲਰੇਨ ਡਰਾਈਵ ਚੌਕ ਪਾਰ ਕਰਦਿਆਂ ਤਿੰਨ ਹੋਰ ਕਾਰਾਂ ਨੂੰ ਟੱਕਰ ਮਾਰ ਕੇ ਚਾਰ ਲੋਕਾਂ ਨੂੰ ਜ਼ਖ਼ਮੀ ਕਰ ਦਿੱਤਾ, ਜਿਨ੍ਹਾਂ 'ਚੋਂ ਦੋ ਦੀ ਹਾਲਤ ਗੰਭੀਰ ਦੱਸੀ ਗਈ ਹੈ। ਪੁਲਿਸ ਅਨੁਸਾਰ ਬੀਤੇ ਦਿਨੀਂ ਹੋਏ ਹਾਦਸੇ ਮੌਕੇ ਵੀ ਉਹ ਸ਼ਰਾਬੀ ਸੀ। ਇਸ ਤੋਂ ਪਹਿਲਾਂ ਵੀ ਉਹ ਸ਼ਰਾਬੀ ਹਾਲਤ 'ਚ ਚਾਰ ਹਾਦਸੇ ਕਰਕੇ ਮੌਕੇ ਤੋਂ ਭੱਜ ਚੁੱਕਾ ਸੀ ਪਰ ਇਸ ਵਾਰ ਪੁਲਿਸ ਦੇ ਕਾਬੂ ਆ ਗਿਆ। ਪਹਿਲੇ ਹਾਦਸਿਆਂ ਕਾਰਨ ਉਸ 'ਤੇ ਕਾਰ ਚਲਾਉਣ ਦੀ ਪਾਬੰਦੀ ਲੱਗੀ ਹੋਈ ਸੀ। ਪੁਲਿਸ ਅਨੁਸਾਰ ਉਸ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ, ਜਿੱਥੇ ਜੱਜ ਨੇ ਉਸ ਨੂੰ ਡਰਾਈਵਿੰਗ ਨਾ ਕਰਨ ਦੀ ਸ਼ਰਤ ਲਾ ਕੇ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ।

**Global Allianz**

**LAW FIRM LLP**

**ਕਾਨੂੰਨੀ ਸਲਾਹਾਂ**

- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

**Asylum & Deportation Defense**



**Atul Kapoor**
C.E.O



**Neat Allen Sawyer**
Attorney at law

Designed By Punjab Mail USA

**555 Capitol Mall SUITE 1245, Sacramento, CA 95814**

**Phone:209-808-2136, 209-952-5578, 1-916-806-7042, Fax: 209-476-7188**

# ਹੁਣ ਸਿਰਫ਼ 6 ਘੰਟੇ ਦੇ ਨੋਟਿਸ ’ਤੇ ਪ੍ਰਵਾਸੀਆਂ ਨੂੰ ਕੀਤਾ ਜਾਵੇਗਾ ਡਿਪੋਰਟ !

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਪ੍ਰਵਾਸੀਆਂ ਪ੍ਰਤੀ ਸਖ਼ਤ ਰੁਖ਼ ਬਰਕਰਾਰ ਹੈ। ਹਾਲ ਹੀ ਵਿਚ ਟਰੰਪ ਪ੍ਰਸ਼ਾਸਨ ਨੇ ਪ੍ਰਵਾਸੀਆਂ ’ਤੇ ਹੋਰ ਸਖ਼ਤ ਹੋਣ ਦਾ ਸੰਕੇਤ ਦਿੱਤਾ ਹੈ। ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ਆਈ.ਸੀ.ਈ.) ਹੁਣ ਸਿਰਫ਼ 6 ਘੰਟੇ ਦੇ ਨੋਟਿਸ ’ਤੇ ਪ੍ਰਵਾਸੀਆਂ ਨੂੰ ਤੀਜੇ ਦੇਸ਼ ਵਿਚ ਭੇਜ ਸਕਦਾ ਹੈ। ਹੁਣ ਤੱਕ ਆਈ.ਸੀ.ਈ. ਪ੍ਰਵਾਸੀਆਂ ਨੂੰ ਤੀਜੇ ਦੇਸ਼ ਵਿਚ ਭੇਜਣ ਦੀ ਜਾਣਕਾਰੀ ਦੇਣ ਤੋਂ ਘੱਟੋ-ਘੱਟ 24 ਘੰਟੇ ਬਾਅਦ ਉਡੀਕ ਕਰਦਾ ਹੈ, ਪਰ ਨਵੇਂ ਆਦੇਸ਼ ਵਿਚ ਏਜੰਸੀ ਤੇਜ਼ੀ ਨਾਲ ਦੇਸ਼ ਨਿਕਾਲੇ ਦਾ ਕੰਮ ਕਰ ਸਕਦੀ ਹੈ। ਇਹ ਮੈਮੋਰੰਡਮ ਆਈ.ਸੀ.ਈ. ਦੇ ਕਾਰਜਕਾਰੀ ਡਾਇਰੈਕਟਰ ਟੌਡ ਲਿਓਨਸ ਦੁਆਰਾ ਜਾਰੀ ਕੀਤਾ ਗਿਆ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਅਮਰੀਕਾ ਵਿਚ ਪ੍ਰਵਾਸੀਆਂ ਦੀਆਂ ਮੁਸ਼ਕਲਾਂ ਵਧ ਜਾਣਗੀਆਂ।

**■ ਟਰੰਪ ਦੀ ਨਵੀਂ ਪਾਲਿਸੀ ’ਚ ਜਾਰੀ ਹੋ ਸਕਦੈ ਹੁਕਮ**

ਟਰੰਪ ਪ੍ਰਸ਼ਾਸਨ ਦੇ ਉੱਚ ਅਧਿਕਾਰੀ ਟੌਡ ਲਿਓਨਸ ਦੇ ਨਵੇਂ ਮੈਮੋਰੰਡਮ ਦਾ ਹਵਾਲਾ ਦਿੰਦੇ ਹੋਏ ਅਮਰੀਕੀ ਮੀਡੀਆ ਨੇ ਰਿਪੋਰਟ ਦਿੱਤੀ ਹੈ ਕਿ ਹੁਣ ਆਈ.ਸੀ.ਈ. ਪ੍ਰਵਾਸੀਆਂ ਨੂੰ ਸਿਰਫ਼ 6 ਘੰਟੇ ਦੇ ਨੋਟਿਸ ’ਤੇ ਹੋਰ ਦੇਸ਼ਾਂ ਵਿਚ ਭੇਜ ਸਕਦਾ ਹੈ। ਪ੍ਰਵਾਸੀਆਂ ਨੂੰ ਤੀਜੇ ਦੇਸ਼ਾਂ ਵਿਚ ਭੇਜਣ ਦਾ ਇਹ ਕੰਮ ਉਦੋਂ ਵੀ ਕੀਤਾ ਜਾ ਸਕਦਾ ਹੈ, ਭਾਵੇਂ ਉਨ੍ਹਾਂ ਨੂੰ ਉਨ੍ਹਾਂ ਦੇਸ਼ਾਂ ਤੋਂ ਸੁਰੱਖਿਆ ਦੀ ਕੋਈ ਗਾਰੰਟੀ ਨਾ ਮਿਲੀ ਹੋਵੇ। ਇਹ ਸਪੱਸ਼ਟ ਹੈ ਕਿ ਟਰੰਪ ਪ੍ਰਸ਼ਾਸਨ ਦੀ ਨਵੀਂ ਨੀਤੀ ਦੁਨੀਆਂ ਭਰ ਦੇ ਦੇਸ਼ਾਂ ਵਿਚ ਦੇਸ਼ ਨਿਕਾਲੇ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਦੀ ਹੈ।

ਇਸ ਸਾਲ ਜੂਨ ਵਿਚ ਅਮਰੀਕੀ ਸੁਪਰੀਮ ਕੋਰਟ ਨੇ ਟਰੰਪ ਪ੍ਰਸ਼ਾਸਨ ਲਈ ਹੇਠਲੀ ਅਦਾਲਤ ਦੇ ਹੁਕਮ ਨੂੰ ਉਲਟਾ ਕੇ ਅਜਿਹੇ ਦੇਸ਼ ਨਿਕਾਲੇ ਨੂੰ ਮੁੜ ਸ਼ੁਰੂ ਕਰਨ ਦਾ ਰਸਤਾ ਸਾਫ਼ ਕਰ ਦਿੱਤਾ ਸੀ। ਟਰੰਪ ਪ੍ਰਸ਼ਾਸਨ ਦਾ ਤਰਕ ਹੈ ਕਿ ਇਹ ਨੀਤੀ ਉਨ੍ਹਾਂ ਲੋਕਾਂ ਨੂੰ ਤੁਰੰਤ ਹਟਾਉਣ ਵਿਚ ਮਦਦ ਕਰਦੀ ਹੈ, ਜਿਨ੍ਹਾਂ ਨੂੰ ਅਮਰੀਕਾ ਵਿਚ ਨਹੀਂ ਰਹਿਣਾ ਚਾਹੀਦਾ। ਖਾਸ ਕਰਕੇ ਅਪਰਾਧਿਕ ਰਿਕਾਰਡ ਵਾਲੇ ਲੋਕਾਂ ਨੂੰ ਤੁਰੰਤ ਦੇਸ਼ ਨਿਕਾਲੇ ਜਾ ਸਕਦੇ ਹਨ। ਟਰੰਪ ਪ੍ਰਸ਼ਾਸਨ ਦੀ ਤੀਜੇ ਦੇਸ਼ਾਂ ਨੂੰ ਦੇਸ਼ ਨਿਕਾਲੇ ਦੀ ਨੀਤੀ ਨੂੰ ਅਦਾਲਤ ਵਿਚ ਚੁਣੌਤੀ ਦੇਣ ਵਾਲੇ ਪ੍ਰਵਾਸੀ ਸਮੂਹ ਦੀ ਵਕੀਲ ਤ੍ਰਿਨਾ ਰੀਅਲਮੁਟੋ ਦਾ ਕਹਿਣਾ ਹੈ ਕਿ ਨਵੀਂ ਨੀਤੀ ਕਾਨੂੰਨ ਦੁਆਰਾ ਲੋੜੀਂਦੀ ਕਾਨੂੰਨੀ ਅਤੇ ਉਚਿਤ ਪ੍ਰਕਿਰਿਆ ਸੁਰੱਖਿਆ ਪ੍ਰਦਾਨ ਕਰਨ ਤੋਂ ਬਹੁਤ ਘੱਟ ਹੈ।

# ਟਰੰਪ ਪ੍ਰਸ਼ਾਸਨ ਵੱਲੋਂ 1,300 ਤੋਂ ਵੱਧ ਡਿਪਲੋਮੈਟ ਅਤੇ ਪ੍ਰਸ਼ਾਸਨਿਕ ਅਧਿਕਾਰੀ ਬਰਖਾਸਤ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਵਿਦੇਸ਼ ਵਿਭਾਗ ਨੇ ਵੱਡੀ ਕਾਰਵਾਈ ਕਰਦਿਆਂ 1,300 ਤੋਂ ਵੱਧ ਡਿਪਲੋਮੈਟਾਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਹਨ। ਇਹ ਕਾਰਵਾਈ ਇਸ ਸਾਲ ਦੇ ਸ਼ੁਰੂ ਵਿਚ ਟਰੰਪ ਪ੍ਰਸ਼ਾਸਨ ਦੁਆਰਾ ਸ਼ੁਰੂ ਕੀਤੀ ਗਈ ਇੱਕ ਨਾਟਕੀ ਪੁਨਰਗਠਨ ਯੋਜਨਾ ਤਹਿਤ ਕੀਤੀ ਗਈ। ਵਿਦੇਸ਼ ਵਿਭਾਗ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਵਿਭਾਗ ਅਮਰੀਕਾ ਦੇ ਅੰਦਰ ਕੰਮ ਕਰਨ ਵਾਲੇ 1,107 ਪ੍ਰਸ਼ਾਸਨਿਕ ਅਧਿਕਾਰੀਆਂ ਅਤੇ 246 ਵਿਦੇਸ਼ੀ ਸੇਵਾ ਅਧਿਕਾਰੀਆਂ ਨੂੰ ਨੌਕਰੀ ਤੋਂ ਕੱਢਣ ਦੇ ਨੋਟਿਸ ਭੇਜ ਰਿਹਾ ਹੈ।

ਹਾਲਾਂਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੇ ਇਸ ਕਦਮ ਨੂੰ ਵਿਭਾਗ ਨੂੰ ਵਧੇਰੇ ਕੁਸ਼ਲ ਬਣਾਉਣ ਲਈ ਜ਼ਰੂਰੀ ਦੱਸਿਆ ਹੈ, ਪਰ ਮੌਜੂਦਾ ਅਤੇ ਸਾਬਕਾ ਡਿਪਲੋਮੈਟਾਂ ਨੇ ਇਸ ਕਾਰਵਾਈ ਦੀ ਸਖ਼ਤ ਆਲੋਚਨਾ ਕੀਤੀ ਹੈ। ਇਨ੍ਹਾਂ ਡਿਪਲੋਮੈਟਾਂ ਦਾ ਕਹਿਣਾ ਹੈ ਕਿ ਇਹ ਅਮਰੀਕਾ ਦੇ ਪ੍ਰਭਾਵ ਨੂੰ ਕਮਜ਼ੋਰ ਕਰੇਗਾ ਅਤੇ ਵਿਦੇਸ਼ਾਂ ’ਚ ਮੌਜੂਦਾ ਅਤੇ ਉੱਭਰ ਰਹੇ ਖਤਰਿਆਂ ਦਾ ਮੁਕਾਬਲਾ ਕਰਨ ਦੀ ਉਸਦੀ ਯੋਗਤਾ ਨੂੰ ਪ੍ਰਭਾਵਤ ਕਰੇਗਾ।

## ਟਰੰਪ ਦੀ ਕੈਨੇਡੀਅਨ ਵਸਤਾਂ ’ਤੇ ਟੈਕਸ 35 ਫੀਸਦੀ ਤੱਕ ਵਧਾਉਣ ਦੀ ਯੋਜਨਾ

**ਵਾਸ਼ਿੰਗਟਨ, (ਪੰਜਾਬ ਮੇਲ)-** ਦੋ ਉੱਤਰੀ ਅਮਰੀਕੀ ਦੇਸ਼ਾਂ ਵਿਚਾਲੇ ਤਣਾਅ ਹੋਰ ਡੂੰਘਾ ਹੁੰਦਾ ਦਿਖਾਈ ਦੇ ਰਿਹਾ ਹੈ। ਕਿਉਂਕਿ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ ਵੀਰਵਾਰ ਦੇ ਪੱਤਰ ਵਿਚ ਟਰੰਪ ਨੇ ਦੱਸਿਆ ਹੈ ਕਿ ਉਹ ਕੈਨੇਡੀਅਨ ਦਰਾਮਦ ਕੀਤੀਆਂ ਵਸਤਾਂ ’ਤੇ ਟੈਕਸ 35 ਫੀਸਦੀ ਤੱਕ ਵਧਾਉਣਗੇ। ਫਰਵਰੀ ਵਿਚ ਟਰੰਪ ਵੱਲੋਂ ਪਹਿਲਾਂ 25 ਫੀਸਦੀ ਟੈਕਸ ਐਲਾਨਿਆ ਗਿਆ ਸੀ ਪਰ ਇਹ ਵਾਧੇ ਦਾ ਕਾਰਨ ਕੈਨੇਡਾ ਨੂੰ ਫੈਂਟਾਨਿਲ ਦੀ ਤਸਕਰੀ ’ਤੇ ਕਾਰਵਾਈ ਕਰਨ ਲਈ ਪ੍ਰੇਰਿਤ ਕਰਨਾ ਦੱਸਿਆ ਗਿਆ ਹੈ। ਵਧੀਆਂ ਦਰਾਂ 1 ਅਗਸਤ ਤੋਂ ਲਾਗੂ ਹੋਣਗੀਆਂ। ਟਰੰਪ ਨੇ ਲਿਖਿਆ, “ਮੈਨੂੰ ਇਹ ਦੱਸਣਾ ਪਵੇਗਾ ਕਿ ਫੈਂਟਾਨਿਲ ਕੈਨੇਡਾ ਨਾਲ ਸਾਡੀ ਇਕਲੌਤੀ ਚੁਣੌਤੀ ਨਹੀਂ ਹੈ। ਇਸ ਦੀਆਂ ਕਈ ਟੈਕਸ, ਅਤੇ ਗੈਰ-ਟੈਕਸ ਨੀਤੀਆਂ ਅਤੇ ਵਪਾਰਕ ਰੁਕਾਵਟਾਂ ਹਨ।”

ਟਰੰਪ ਦੇ ਪੱਤਰ ਤੋਂ ਕੁਝ ਘੰਟੇ ਪਹਿਲਾਂ ਕਾਰਨੀ ਨੇ ਐਕਸ (ਪਲੇਟਫਾਰਮ) ’ਤੇ ਬ੍ਰਿਟਿਸ਼ ਪ੍ਰਧਾਨ ਮੰਤਰੀ ਕੇਅਰ ਸਟਾਰਮਰ ਨਾਲ ਆਪਣੀ ਇੱਕ ਤਸਵੀਰ ਪੋਸਟ ਕੀਤੀ। ਉਨ੍ਹਾਂ ਕਿਹਾ, “ਆਲਮੀ ਵਪਾਰਕ ਚੁਣੌਤੀਆਂ ਦੇ ਮੱਦੇਨਜ਼ਰ ਦੁਨੀਆ ਕੈਨੇਡਾ ਵਰਗੇ ਭਰੋਸੇਯੋਗ ਆਰਥਿਕ ਭਾਈਵਾਲਾਂ ਵੱਲ ਮੁੜ ਰਹੀ ਹੈ।” ਇਸ ਦੌਰਾਨ ਟਰੰਪ ਨੇ ਕਈ ਦੇਸ਼ਾਂ ਨੂੰ ਟੈਕਸ ਪੱਤਰ ਭੇਜੇ ਹਨ।

# ਟਰੰਪ ਪ੍ਰਸ਼ਾਸਨ ਨੂੰ ਇਮੀਗ੍ਰੇਸ਼ਨ ਗ੍ਰਿਫ਼ਤਾਰੀਆਂ ਰੋਕਣ ਦਾ ਹੁਕਮ

**ਲਾਸ ਏਂਜਲਸ, (ਪੰਜਾਬ ਮੇਲ)-** ਇੱਕ ਸੰਘੀ ਜੱਜ ਨੇ ਟਰੰਪ ਪ੍ਰਸ਼ਾਸਨ ਨੂੰ ਲਾਸ ਏਂਜਲਸ ਸਮੇਤ ਸੱਤ ਕੈਲੀਫੋਰਨੀਆ ਕਾਉਂਟੀਆਂ ਵਿਚ ਅੰਨ੍ਹੇਵਾਹ ਇਮੀਗ੍ਰੇਸ਼ਨ ਕਾਰਵਾਈਆਂ ਅਤੇ ਗ੍ਰਿਫ਼ਤਾਰੀਆਂ ਨੂੰ ਤੁਰੰਤ ਰੋਕਣ ਦਾ ਹੁਕਮ ਦਿੱਤਾ ਹੈ। ਪ੍ਰਵਾਸੀ ਅਧਿਕਾਰ ਸਮੂਹਾਂ ਨੇ ਪਿਛਲੇ ਹਫ਼ਤੇ ਇੱਕ ਮੁਕੱਦਮਾ ਦਾਇਰ ਕੀਤਾ ਸੀ, ਜਿਸ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ’ਤੇ ਦੱਖਣੀ ਕੈਲੀਫੋਰਨੀਆ ਵਿਚ ਇਮੀਗ੍ਰੇਸ਼ਨ ਕਾਰਵਾਈ ਦੌਰਾਨ ਨਸਲ ਦੇ ਆਧਾਰ ’ਤੇ ਲੋਕਾਂ ਨੂੰ ਨਿਸ਼ਾਨਾ ਬਣਾਉਣ ਦਾ ਦੋਸ਼ ਲਗਾਇਆ ਗਿਆ ਸੀ।



ਵਕੀਲਾਂ ਨੇ ਇਮੀਗ੍ਰੇਸ਼ਨ ਅਧਿਕਾਰੀਆਂ ’ਤੇ ਨਸਲ ਦੇ ਆਧਾਰ ’ਤੇ ਲੋਕਾਂ ਨੂੰ ਹਿਰਾਸਤ ਵਿਚ ਲੈਣ, ਵਾਰੰਟਾਂ ਤੋਂ ਬਿਨਾਂ ਗ੍ਰਿਫ਼ਤਾਰੀਆਂ ਕਰਨ ਅਤੇ ਲਾਸ ਏਂਜਲਸ ਸ਼ਹਿਰ ਦੇ ਇੱਕ ਨਜ਼ਰਬੰਦੀ ਕੇਂਦਰ ਵਿਚ ਨਜ਼ਰਬੰਦਾਂ ਨੂੰ ਕਾਨੂੰਨੀ ਸਲਾਹ ਲੈਣ ਤੋਂ ਰੋਕਣ ਦਾ ਦੋਸ਼ ਲਗਾਇਆ ਹੈ। ਯੂ.ਐੱਸ. ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਓਰਿਟੀ ਦੀ ਸਹਾਇਕ ਸਕੱਤਰ ਟ੍ਰਿਸੀਆ ਮੈਕਲਾਫਲਿਨ ਨੇ ਇੱਕ ਈਮੇਲ ਵਿਚ ਕਿਹਾ, “ਕੋਈ ਵੀ ਦਾਅਵਾ ਕਿ ਕਿਸੇ ਵਿਅਕਤੀ ਨੂੰ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੁਆਰਾ ਉਸਦੀ ਨਸਲ ਦੇ ਕਾਰਨ ਨਿਸ਼ਾਨਾ ਬਣਾਇਆ ਗਿਆ ਹੈ, ਘਿਣਾਉਣਾ ਅਤੇ ਸਪੱਸ਼ਟ ਤੌਰ ’ਤੇ ਝੂਠਾ ਹੈ।”

ਜਸਟਿਸ ਮੈਮੀ ਈ. ਫਰਿੰਪੋਂਗ ਨੇ ਇੱਕ ਵੱਖਰਾ ਆਦੇਸ਼ ਜਾਰੀ ਕੀਤਾ, ਜਿਸ ਵਿਚ ਸੰਘੀ ਸਰਕਾਰ ਨੂੰ ਲਾਸ ਏਂਜਲਸ ਇਮੀਗ੍ਰੇਸ਼ਨ ਹਿਰਾਸਤ ਕੇਂਦਰ ਵਿਚ ਨਜ਼ਰਬੰਦਾਂ ਨੂੰ ਮਿਲਣ ਤੋਂ ਵਕੀਲਾਂ ਨੂੰ ਨਾ ਰੋਕਣ ਦਾ ਨਿਰਦੇਸ਼ ਦਿੱਤਾ ਗਿਆ। ਇਸ ਤੋਂ ਪਹਿਲਾਂ ਫੈਡਰਲ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਕੈਲੀਫੋਰਨੀਆ ਵਿਚ ਦੋ ਭੰਗ ਫਾਰਮਾਂ ’ਤੇ ਛਾਪੇਮਾਰੀ ਕੀਤੀ ਅਤੇ ਲਗਭਗ 200 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ, ਜਿਨ੍ਹਾਂ ’ਤੇ ਦੇਸ਼ ਵਿਚ ਗੈਰ-ਕਾਨੂੰਨੀ ਤੌਰ ’ਤੇ ਰਹਿਣ ਦਾ ਸ਼ੱਕ ਸੀ। ਇਹ ਛਾਪਾ ਵੀਰਵਾਰ ਨੂੰ ਮਾਰਿਆ ਗਿਆ। ਮੌਕੇ ’ਤੇ ਮੌਜੂਦ ਲੋਕਾਂ ਨੇ ਛਾਪੇਮਾਰੀ ਦਾ ਵਿਰੋਧ ਕੀਤਾ, ਜਿਸ ਕਾਰਨ ਸਥਿਤੀ ਕੁਝ ਸਮੇਂ ਲਈ ਤਣਾਅਪੂਰਨ ਹੋ ਗਈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com**




# ਐੱਸ.ਜੀ.ਪੀ.ਸੀ. ਨੂੰ ਲਗਾਤਾਰ ਮਿਲ ਰਹੀਆਂ ਨੇ ਧਮਕੀ ਭਰੀਆਂ ਈਮੇਲ!

**■ ਈਮੇਲ 'ਚ ਮੁੱਖ ਮੰਤਰੀ ਭਗਵੰਤ ਮਾਨ ਤੇ ਗੁਰਜੀਤ ਔਜਲਾ ਦਾ ਵੀ ਜ਼ਿਕਰ**

**ਜਲੰਧਰ/ਅੰਮ੍ਰਿਤਸਰ, (ਪੰਜਾਬ ਮੇਲ)**- ਸ੍ਰੀ ਦਰਬਾਰ ਸਾਹਿਬ ਨੂੰ ਤੀਜੀ ਵਾਰ ਈ-ਮੇਲ ਜ਼ਰੀਏ ਧਮਕੀ ਮਿਲਣ 'ਤੇ ਐੱਸ.ਜੀ.ਪੀ.ਸੀ. ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। ਅੰਮ੍ਰਿਤਸਰ ਵਿਖੇ ਪ੍ਰੈੱਸ ਕਾਨਫ਼ਰਸ ਕਰਦਿਆਂ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ 14 ਜੁਲਾਈ ਤੋਂ ਲਗਾਤਾਰ ਧਮਕੀਆਂ ਮਿਲ ਰਹੀਆਂ ਹਨ। ਲਗਾਤਾਰ ਤੀਜੇ ਦਿਨ ਸ੍ਰੀ ਦਰਬਾਰ ਸਾਹਿਬ ਲਈ ਬਲਾਸਟ ਵਾਲੀ ਧਮਕੀ ਮਿਲੀ ਹੈ। ਉਨ੍ਹਾਂ ਕਿਹਾ ਕਿ 14 ਜੁਲਾਈ ਨੂੰ ਪਹਿਲੀ ਈ-ਮੇਲ ਐੱਸ.ਜੀ.ਪੀ.ਸੀ. ਦੀ ਮੇਲ 'ਤੇ ਆਈ ਸੀ, ਜਿਸ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਪ੍ਰਤੀ ਕੁਝ ਗੱਲਾਂ ਲਿਖੀਆਂ ਗਈਆਂ ਸਨ।

ਇਸ ਦੇ ਬਾਰੇ ਸਾਡੇ ਵੱਲੋਂ ਪੁਲਿਸ ਨੂੰ ਸੂਚਨਾ ਦਿੱਤੀ ਗਈ ਅਤੇ ਕਿਹਾ ਗਿਆ ਕਿ ਇਹ ਪਤਾ ਕੀਤਾ ਜਾਵੇ ਕਿ ਕਿਹੜੇ ਸਰਵਰ ਜ਼ਰੀਏ ਅਜਿਹਾ ਕੰਮ ਕੀਤਾ ਜਾ ਰਿਹਾ ਸੀ। ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਵੇ। ਇਸ ਦੇ ਬਾਅਦ 15 ਤਾਰੀਖ਼ ਨੂੰ ਫਿਰ ਦੂਜੀ ਈ-ਮੇਲ ਆਈ, ਜੋ ਕਿ ਇਕੱਲੀ ਐੱਸ.ਜੀ.ਪੀ.ਸੀ. ਲਈ ਨਹੀਂ, ਸਗੋਂ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਲਈ ਸੀ। ਹੁਣ ਫਿਰ ਸ੍ਰੀ ਦਰਬਾਰ ਸਾਹਿਬ ਲਈ ਧਮਕੀ ਭਰੀ ਈ-ਮੇਲ ਭੇਜੀ ਗਈ ਹੈ। ਧਾਮੀ ਨੇ ਕਿਹਾ ਕਿ ਲਗਾਤਾਰ ਮਿਲ ਰਹੀਆਂ ਧਮਕੀਆਂ ਦੌਰਾਨ ਕੁੱਲ 5 ਈ-ਮੇਲ ਮਿਲੀਆਂ ਹਨ। 5ਵੀਂ ਈ-ਮੇਲ 'ਚ ਮੁੱਖ ਮੰਤਰੀ ਭਗਵੰਤ ਮਾਨ ਨੂੰ ਵੀ ਧਮਕੀ ਦਿੱਤੀ ਗਈ ਹੈ। ਈ-ਮੇਲ ਵਿਚ ਲਿਖਿਆ ਗਿਆ ਹੈ ਕਿ ਆਰ.ਡੀ.ਐੱਸ. ਪਾਈਪ ਵਿਚ ਹੈ।

ਉਥੇ ਹੀ ਇਸ ਦੌਰਾਨ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਸਰਕਾਰ 'ਤੇ ਵੀ ਤੰਜ ਕੱਸੇ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਪੰਜਾਬ ਸਰਕਾਰ ਚੁੱਪ ਕਿਉਂ ਹੈ। ਸਾਰੀ ਸੱਚਾਈ ਸਾਹਮਣੇ ਆਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਹ ਸਭ ਕਿਤੇ ਸੰਗਤ ਨੂੰ ਘਟਾਉਣ ਦੀ ਕੋਸ਼ਿਸ਼ ਤਾਂ ਨਹੀਂ ਕੀਤੀ ਜਾ ਰਹੀ? ਉਨ੍ਹਾਂ ਬੇਨਤੀ ਕੀਤੀ ਕਿ ਤੁਰੰਤ ਪਤਾ ਲਗਾਇਆ ਜਾਵੇ ਕਿ ਇਸ ਦੇ ਪਿੱਛੇ ਕਿਸ ਦੀ ਸਾਜਿਸ਼ ਹੈ। ਉਨ੍ਹਾਂ ਕਿਹਾ ਕਿ ਧਮਕੀਆਂ ਨੂੰ ਲਗਾਤਾਰ ਤਿੰਨ ਦਿਨ ਹੋ ਗਏ, ਜਿਸ ਦਾ ਮੈਨੂੰ ਲੱਗਦਾ ਹੈ ਕਿ ਮਜ਼ਾਕ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਆਸਥਾ ਦਾ ਕੇਂਦਰ ਹੈ ਅਤੇ ਇਥੇ ਮਨੁੱਖਾਂ ਦੇ ਦੁੱਖ ਦੂਰ ਕੀਤੇ ਜਾਂਦੇ ਹਨ। ਮੈਂ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਬੇਨਤੀ ਕਰਦਾ ਹਾਂ ਕਿ ਇਸ ਦੀ ਅਸਲੀਅਤ ਸਾਹਮਣੇ ਲਿਆਂਦੀ ਜਾਵੇ। ਜ਼ਿਕਰਯੋਗ ਹੈ ਕਿ ਲਗਾਤਾਰ ਮਿਲ ਰਹੀਆਂ ਧਮਕੀਆਂ ਮਗਰੋਂ ਸ੍ਰੀ ਦਰਬਾਰ ਸਾਹਿਬ ਵਿਚ ਸੁੱਖਿਆ ਵਧਾ ਦਿੱਤੀ ਗਈ ਹੈ। ਉਥੇ ਹੀ ਚੱਪੇ-ਚੱਪੇ 'ਤੇ ਐੱਸ.ਜੀ.ਪੀ.ਸੀ. ਟਾਸਕ ਫੋਰਸ ਤਾਇਨਾਤ ਕੀਤੀ ਗਈ ਹੈ। ਇਸ ਦੇ ਇਲਾਵਾ ਬੀ.ਐੱਸ.ਐੱਫ. ਨੇ ਦਰਬਾਰ ਸਾਹਿਬ ਵਿਚ ਤਲਾਸ਼ੀ ਮੁਹਿੰਮ ਵੀ ਚਲਾਈ ਹੈ।

# ਕੈਨੇਡਾ ਦੇ ਅਲਬਰਟਾ ਸੂਬੇ ਵੱਲੋਂ ਬਿਸ਼ਨੋਈ ਗੈਂਗ ਨੂੰ ਅੱਤਵਾਦੀ ਸੰਗਠਨ ਐਲਾਨਣ ਦੀ ਉੱਠੀ ਮੰਗ

**ਅਲਬਰਟਾ, (ਪੰਜਾਬ ਮੇਲ)**- ਕੈਨੇਡਾ 'ਚ ਵੱਖਵਾਦੀਆਂ ਵਿਰੁੱਧ ਆਵਾਜ਼ ਉਠ ਰਹੀ ਹੈ। ਹਾਲ ਹੀ ਵਿਚ ਕੈਨੇਡੀਅਨ ਸੂਬੇ ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿਥ ਨੇ ਉੱਥੋਂ ਦੀ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਬਦਨਾਮ ਲਾਰੈਂਸ ਬਿਸ਼ਨੋਈ ਗੈਂਗ ਨੂੰ ਅੱਤਵਾਦੀ ਸੰਗਠਨ ਐਲਾਨੇ। ਇਸ ਦੇ ਨਾਲ ਡੈਨੀਅਲ ਸਮਿਥ ਲਾਰੈਂਸ ਬਿਸ਼ਨੋਈ ਵਿਰੁੱਧ ਅਜਿਹੀ ਮੰਗ ਕਰਨ ਵਾਲੇ ਕੈਨੇਡੀਅਨ ਨੇਤਾਵਾਂ ਦੀ ਸੂਚੀ ਵਿਚ ਸ਼ਾਮਲ ਹੋ ਗਈ ਹੈ। ਬੀਸੀ ਪ੍ਰੀਮੀਅਰ ਡੇਵਿਡ ਐਬੀ ਨੇ ਜੂਨ ਵਿਚ ਓਟਾਵਾ ਨੂੰ ਵੀ ਇਸੇ ਤਰ੍ਹਾਂ ਦੀ ਬੇਨਤੀ ਕੀਤੀ ਸੀ। ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇੱਕ ਪੋਸਟ ਵਿਚ ਡੈਨੀਅਲ ਸਮਿਥ ਨੇ ਕਿਹਾ ਕਿ ਲਾਰੈਂਸ ਬਿਸ਼ਨੋਈ ਗੈਂਗ ਦੀ ਪਹੁੰਚ "ਵਿਸ਼ਵਵਿਆਪੀ ਹੈ ਅਤੇ ਇਸਦਾ ਇਰਾਦਾ ਅਪਰਾਧਿਕ ਅਤੇ ਹਿੰਸਕ ਹੈ" ਅਤੇ ਇਸ ਦੀਆਂ ਗਤੀਵਿਧੀਆਂ "ਕਿਸੇ ਵੀ ਸੀਮਾ ਤੋਂ ਬਾਹਰ ਹਨ ਅਤੇ ਇਹ ਕੋਈ ਸਰਹੱਦਾਂ ਦਾ ਸਤਿਕਾਰ ਨਹੀਂ ਕਰਦੀਆਂ।" ਡੈਨੀਅਲ ਸਮਿਥ ਨੇ ਅੱਗੇ ਕਿਹਾ, "ਲਾਰੈਂਸ ਬਿਸ਼ਨੋਈ ਗੈਂਗ ਇੱਕ ਅੰਤਰਰਾਸ਼ਟਰੀ ਅਪਰਾਧਿਕ ਨੈੱਟਵਰਕ ਹੈ, ਜੋ ਹਿੰਸਾ, ਜਬਰੀ ਵਸੂਲੀ, ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਨਿਸ਼ਾਨਾ ਹੱਤਿਆਵਾਂ ਲਈ ਜ਼ਿੰਮੇਵਾਰ ਹੈ। ਇਸਦੀ ਪਹੁੰਚ ਗਲੋਬਲ ਹੈ ਅਤੇ ਇਸਦਾ ਇਰਾਦਾ ਅਪਰਾਧਿਕ ਅਤੇ ਹਿੰਸਕ ਹੈ। ਅਲਬਰਟਾ ਇੱਕ ਸਪੱਸ਼ਟ ਸੰਦੇਸ਼ ਦੇਣਾ ਚਾਹੁੰਦਾ ਹੈ- ਤੁਹਾਡਾ ਇੱਥੇ ਸਵਾਗਤ ਨਹੀਂ ਹੈ।"

ਪ੍ਰੀਮੀਅਰ ਨੇ ਇਹ ਵੀ ਕਿਹਾ ਕਿ ਬਿਸ਼ਨੋਈ ਗੈਂਗ ਨੂੰ ਰਸਮੀ ਤੌਰ 'ਤੇ ਅੱਤਵਾਦੀ ਸੰਗਠਨ ਵਜੋਂ ਨਾਮਜ਼ਦ ਕਰਨ ਨਾਲ ਇਸਦੇ ਵਿਰੁੱਧ ਮਹੱਤਵਪੂਰਨ ਸ਼ਕਤੀਆਂ ਖੁੱਲ੍ਹ ਜਾਣਗੀਆਂ। ਇਸ ਨਾਲ ਸੂਬਾਈ ਅਤੇ ਨਗਰਪਾਲਿਕਾ-ਪੱਧਰ ਦੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ (ਗੈਂਗ ਦੇ) ਕਾਰਜਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਣ ਅਤੇ ਸਾਡੇ ਲੋਕਾਂ ਦੀ ਸੁਰੱਖਿਆ ਲਈ ਲੋੜੀਂਦੇ ਉਪਕਰਣਾਂ ਅਤੇ ਸਰੋਤਾਂ ਤੱਕ ਪਹੁੰਚ ਕਰਨ ਦੀ ਆਗਿਆ ਮਿਲੇਗੀ। ਜਾਣਕਾਰੀ ਮੁਤਾਬਕ ਆਰ.ਸੀ.ਐੱਮ.ਪੀ. ਦੇਸ਼ ਵਿਚ ਜਬਰਨ ਵਸੂਲੀ ਨਾਲ ਸਬੰਧਤ ਹਿੰਸਕ ਅਪਰਾਧਿਕ ਗਤੀਵਿਧੀਆਂ 'ਤੇ ਇੱਕ ਟਾਸਕ ਫੋਰਸ ਦੀ ਅਗਵਾਈ ਕਰ ਰਹੀ ਹੈ, ਜਿਸ ਨਾਲ ਬਿਸ਼ਨੋਈ ਗੈਂਗ ਜੁੜਿਆ ਹੋਇਆ ਹੈ। ਭਾਰਤ ਨੇ ਵੀ ਕੈਨੇਡਾ ਤੋਂ ਕੰਮ ਕਰ ਰਹੇ ਬਿਸ਼ਨੋਈ ਗੈਂਗ ਦੇ ਮੈਂਬਰਾਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਹੈ, ਜਿਸ ਵਿਚ ਸਤਿੰਦਰਜੀਤ ਸਿੰਘ, ਜਿਸਨੂੰ ਗੋਲਡੀ ਬਰਾੜ ਵਜੋਂ ਜਾਣਿਆ ਜਾਂਦਾ ਹੈ, ਸ਼ਾਮਲ ਹੈ, ਜੋ ਮਈ 2022 ਵਿਚ ਮਨੋਰੰਜਨ ਕਰਨ ਵਾਲੇ ਅਤੇ ਸਿਆਸਤਦਾਨ ਸਿੱਧੂ ਮੂਸੇ ਵਾਲਾ ਦੇ ਕਤਲ ਦੇ ਸਬੰਧ ਵਿਚ ਲੋੜੀਂਦਾ ਹੈ।

# ਯੂਰਪੀਅਨ ਯੂਨੀਅਨ, ਮੈਕਸੀਕੋ ਵੱਲੋਂ ਟਰੰਪ ਦੇ ਟੈਰਿਫ ਫੈਸਲੇ ਦੀ ਆਲੋਚਨਾ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਇਕ ਫੈਸਲੇ ਨਾਲ ਅੰਤਰਰਾਸ਼ਟਰੀ ਵਪਾਰ ਜਗਤ ਵਿਚ ਉਥਲ-ਪੁਥਲ ਮਚਾ ਦਿੱਤੀ ਹੈ, ਜਿਸ ਵਿਚ ਟਰੰਪ ਨੇ 1 ਅਗਸਤ ਤੋਂ ਆਪਣੇ ਦੇਸ਼ ਨਾਲ ਵਪਾਰ ਕਰਨ ਵਾਲੀਆਂ ਦੋ ਪ੍ਰਮੁੱਖ ਪਾਰਟੀਆਂ - ਯੂਰਪੀਅਨ ਯੂਨੀਅਨ ਅਤੇ ਮੈਕਸੀਕੋ ਦੇ ਵਿਰੁੱਧ 30-30 ਪ੍ਰਤੀਸ਼ਤ ਟੈਰਿਫ ਲਗਾਉਣ ਦਾ ਐਲਾਨ ਕੀਤਾ ਹੈ। ਅਮਰੀਕਾ ਦੇ ਸਹਿਯੋਗੀ ਇਸ ਫੈਸਲੇ ਤੋਂ ਅਸਹਿਜ ਹਨ ਅਤੇ ਉਨ੍ਹਾਂ ਨੇ ਇਸ 'ਤੇ ਪ੍ਰਤੀਕਿਰਿਆ ਕਰਨੀ ਸ਼ੁਰੂ ਕਰ ਦਿੱਤੀ ਹੈ। ਟਰੰਪ ਨੇ ਸ਼ਨੀਵਾਰ ਨੂੰ ਯੂਰਪੀਅਨ ਯੂਨੀਅਨ ਦੀ ਕਾਰਜਕਾਰੀ ਸੰਸਥਾ, ਯੂਰਪੀਅਨ ਯੂਨੀਅਨ ਦੇ ਪ੍ਰਧਾਨ ਉਰਸੁਲਾ ਵਾਨ ਡੇਰ ਲੇਅਨ ਅਤੇ ਮੈਕਸੀਕਨ ਰਾਸ਼ਟਰਪਤੀ ਕਲਾਉਡੀਆ ਸ਼ੀਨਬੌਮ ਨੂੰ ਵੱਖਰੇ ਪੱਤਰ ਲਿਖੇ, ਉਨ੍ਹਾਂ ਨੂੰ ਆਪਣੀ ਸਰਕਾਰ ਦੇ ਫੈਸਲਿਆਂ ਬਾਰੇ ਜਾਣਕਾਰੀ ਦਿੱਤੀ।

ਰਾਸ਼ਟਰਪਤੀ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਟਰੂਥ ਸੋਸ਼ਲ 'ਤੇ ਵੀ ਇਨ੍ਹਾਂ ਫੈਸਲਿਆਂ ਬਾਰੇ ਜਾਣਕਾਰੀ ਦਿੱਤੀ। ਯੂਰਪੀਅਨ ਯੂਨੀਅਨ ਅਤੇ ਮੈਕਸੀਕੋ ਦੋਵਾਂ ਨੇ ਟਰੰਪ ਦੇ ਇਨ੍ਹਾਂ ਐਲਾਨਾਂ ਨੂੰ ਅਨੁਚਿਤ ਅਤੇ ਵਪਾਰ ਲਈ ਵਿਘਨਕਾਰੀ ਕਿਹਾ ਹੈ। ਉਨ੍ਹਾਂ ਨੇ ਅਗਸਤ ਤੋਂ ਪਹਿਲਾਂ ਅਮਰੀਕਾ ਨਾਲ ਗੱਲਬਾਤ ਜਾਰੀ ਰੱਖਣ ਅਤੇ ਵਪਾਰ ਸਮਝੌਤੇ 'ਤੇ ਪਹੁੰਚਣ ਦਾ ਆਪਣਾ ਇਰਾਦਾ ਵੀ ਜ਼ਾਹਰ ਕੀਤਾ ਹੈ। ਯੂਰਪੀਅਨ ਕਮਿਸ਼ਨ ਦੀ ਪ੍ਰਧਾਨ ਉਰਸੁਲਾ ਲੇਅਨ ਨੇ ਕਿਹਾ ਹੈ ਕਿ ਯੂਨੀਅਨ ਆਪਣੇ ਹਿੱਤਾਂ ਦੀ ਰੱਖਿਆ ਲਈ ਹਰ ਜ਼ਰੂਰੀ ਕਦਮ ਚੁੱਕੇਗੀ ਅਤੇ ਜੇ ਜ਼ਰੂਰੀ ਹੋਇਆ ਤਾਂ ਜਵਾਬੀ ਕਾਰਵਾਈ ਵੀ ਕੀਤੀ ਜਾਵੇਗੀ। ਉਨ੍ਹਾਂ ਨੇ ਯੂਰਪੀਅਨ ਕਮਿਸ਼ਨ ਦੀ ਯੂਰਪ ਅਤੇ ਅਮਰੀਕਾ ਵਿਚਕਾਰ ਵਪਾਰਕ ਹੱਲ ਅਤੇ ਰਚਨਾਤਮਕ ਭਾਈਵਾਲੀ ਲਈ ਅਮਰੀਕਾ ਨਾਲ ਗੱਲਬਾਤ ਜਾਰੀ ਰੱਖਣ ਦੀ ਵਚਨਬੱਧਤਾ ਪ੍ਰਗਟ ਕੀਤੀ ਹੈ। ਮੈਕਸੀਕੋ ਨੇ ਅਮਰੀਕਾ ਦੇ ਫੈਸਲੇ ਨੂੰ ਅਣਉਚਿਤ ਦੱਸਿਆ ਹੈ ਅਤੇ ਕਿਹਾ ਹੈ ਕਿ ਉਹ ਇਸ ਨਾਲ ਸਹਿਮਤ ਨਹੀਂ ਹੈ। ਮੈਕਸੀਕੋ ਵੱਲੋਂ ਜਾਰੀ ਇੱਕ ਸਰਕਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਉਹ ਅਮਰੀਕਾ ਨਾਲ ਗੱਲਬਾਤ ਕਰਨ ਅਤੇ ਅਜਿਹੀ ਟੈਰਿਫ ਵਿਵਸਥਾ ਕਰਨ ਲਈ ਤਿਆਰ ਹੈ, ਜੋ ਸਰਹੱਦ ਦੇ ਦੋਵੇਂ ਪਾਸੇ ਕਾਰੋਬਾਰ ਅਤੇ ਰੁਜ਼ਗਾਰ ਦੇ ਹਿੱਤ ਵਿਚ ਹੋਵੇ। ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਅਮਰੀਕਾ ਦੇ ਇਸ ਫੈਸਲੇ ਨਾਲ ਆਪਣੀ ਸਖ਼ਤ ਅਸਹਿਮਤੀ ਪ੍ਰਗਟ ਕੀਤੀ ਹੈ ਅਤੇ 27 ਦੇਸ਼ਾਂ ਦੇ ਯੂਰਪੀਅਨ ਯੂਨੀਅਨ ਨੂੰ 'ਯੂਰਪੀਅਨ ਹਿੱਤਾਂ ਦੀ ਮਜ਼ਬੂਤੀ ਨਾਲ ਰੱਖਿਆ ਕਰਨ' ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਯੂਨੀਅਨ ਨੂੰ 'ਇਸ ਫੈਸਲੇ ਵਿਰੁੱਧ ਭਰੋਸੇਯੋਗ ਉਪਾਅ ਕਰਨ ਲਈ ਆਪਣੇ ਕੋਲ ਉਪਲਬਧ ਸਾਰੇ ਸਰੋਤ ਇਕੱਠੇ ਕਰਨ' ਲਈ ਕਿਹਾ ਹੈ। ਮੈਕਰੋਨ ਨੇ ਇਹ ਵੀ ਕਿਹਾ ਹੈ ਕਿ ਉਨ੍ਹਾਂ ਦਾ ਦੇਸ਼ 1 ਅਗਸਤ ਤੋਂ ਪਹਿਲਾਂ ਅਮਰੀਕਾ ਨਾਲ ਆਪਸੀ ਤੌਰ 'ਤੇ ਸਵੀਕਾਰਯੋਗ ਵਪਾਰ ਸਮਝੌਤੇ 'ਤੇ ਪਹੁੰਚਣ ਲਈ ਗੱਲਬਾਤ ਵਿਚ ਯੂਰਪੀਅਨ ਕਮਿਸ਼ਨ ਦਾ ਪੂਰਾ ਸਮਰਥਨ ਕਰੇਗਾ। ਸੋਸ਼ਲ ਮੀਡੀਆ 'ਤੇ ਆਪਣੀਆਂ ਟਿੱਪਣੀਆਂ ਵਿਚ ਉਨ੍ਹਾਂ ਕਿਹਾ ਕਿ ਯੂਰਪੀਅਨ ਯੂਨੀਅਨ ਅਤੇ ਅਮਰੀਕਾ ਇੱਕ ਦੂਜੇ ਦੇ ਬਹੁਤ ਧੰਨਵਾਦੀ ਹਨ।





EXPO
Furniture Gallery
We offer 0% interest financing and carry all major brands.
ਸੈਕਰਾਮੈਂਟੋ 'ਚ ਵਧੀਆ ਫਰਨੀਚਰ ਲੈਣ ਲਈ
ਸਾਡੀ ਲੋਕੇਸ਼ਨ 'ਤੇ ਇਕ ਵਾਰੀ ਜ਼ਰੂਰ ਆਓ
In business for over 30 years
New Year Special Sale
Best price guaranteed.
Designed By Punjab Mail USA
7310 HOME LEISURE PLAZA, SACRAMENTO, CA 95823
(916) 392-3233
www.expofurnituregallery.com

# ਵਿਜੀਲੈਂਸ ਬਿਊਰੋ ਵੱਲੋਂ ਮਜੀਠੀਆ ਦੀ ਅੰਮ੍ਰਿਤਸਰ ਵਿਚਲੀ ਰਿਹਾਇਸ਼ 'ਤੇ ਮੁੜ ਛਾਪਾ

**ਅੰਮ੍ਰਿਤਸਰ, (ਪੰਜਾਬ ਮੇਲ)-** ਵਿਜੀਲਸ ਬਿਊਰੋ ਪੰਜਾਬ ਦੀ ਟੀਮ ਨੇ ਇੱਥੇ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੀ ਗ੍ਰੀਨ ਐਵੇਨਿਊ ਸਥਿਤ ਰਿਹਾਇਸ਼ 'ਤੇ ਮੁੜ ਛਾਪਾ ਮਾਰਿਆ ਅਤੇ ਘਰ ਵਿਚ ਜਾਂਚ ਪੜਤਾਲ ਕੀਤੀ ਹੈ।

ਵਿਜੀਲੈਂਸ ਵਿਭਾਗ ਦੀ ਟੀਮ ਕਰੀਬ ਤਿੰਨ ਤੋਂ ਚਾਰ ਘੰਟੇ ਇਥੇ ਰਹੀ ਅਤੇ ਘਰ ਵਿਚ ਜਾਂਚ ਪੜਤਾਲ ਕੀਤੀ ਗਈ। ਇਸ ਦੌਰਾਨ ਕਿਸੇ ਨੂੰ ਵੀ ਘਰ ਦੇ ਅੰਦਰ ਜਾਣ ਦੀ ਆਗਿਆ ਨਹੀਂ ਦਿੱਤੀ ਗਈ। ਘਰ ਦੇ ਆਲੇ-ਦੁਆਲੇ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ।



ਜਾਂਚ ਪੜਤਾਲ ਮੁਕੰਮਲ ਹੋਣ ਮਗਰੋਂ ਸ਼੍ਰੀ ਮਜੀਠੀਆ ਦੇ ਵਕੀਲਾਂ ਦੀ ਟੀਮ ਨੇ ਮੀਡੀਆ ਨੂੰ ਜਾਣਕਾਰੀ ਦਿੱਤੀ ਕਿ ਵਿਜੀਲੈਂਸ ਦੀ ਟੀਮ ਵੱਲੋਂ ਮੁੜ ਉਨ੍ਹਾਂ ਦੇ ਗ੍ਰੀਨ ਐਵੇਨਿਊ ਸਥਿਤ ਘਰ ਵਿਚ ਜਾਂਚ ਪੜਤਾਲ ਕੀਤੀ ਗਈ ਹੈ। ਇਹ ਟੀਮ ਲਗਪਗ 11 ਵਜੇ ਪੁੱਜੀ ਅਤੇ ਦੇਰ ਤੱਕ ਜਾਂਚ ਦਾ ਕੰਮ ਜਾਰੀ ਰਿਹਾ। ਉਨ੍ਹਾਂ ਦੱਸਿਆ ਕਿ ਵਿਜੀਲੈਂਸ ਤੇ ਇਸ ਟੀਮ ਨੇ ਘਰ ਦੀ ਪੈਮਾਇਸ਼ ਕੀਤੀ ਹੈ, ਇਸ ਤੋਂ ਇਲਾਵਾ ਚੱਲ ਤੇ ਅਚੱਲ ਜਾਇਦਾਦ ਦੇ ਵੇਰਵੇ ਇਕੱਠੇ ਕੀਤੇ ਹਨ। ਉਨ੍ਹਾਂ ਦੱਸਿਆ ਕਿ ਘਰ ਵਿਚੋਂ ਕੋਈ ਵੀ ਇਤਰਾਜ਼ਯੋਗ ਚੀਜ਼ ਨਹੀਂ ਮਿਲੀ ਹੈ। ਵਕੀਲਾਂ ਨੇ ਦੱਸਿਆ ਕਿ ਪਹਿਲਾਂ ਵੀ ਜਦੋਂ ਛਾਪਾ ਮਾਰਿਆ ਗਿਆ ਸੀ, ਤਾਂ ਉਸ ਵੇਲੇ ਵੀ ਕੋਈ ਵੀ ਇਤਰਾਯਯੋਗ ਚੀਜ਼ ਨਹੀਂ ਮਿਲੀ ਸੀ। ਇਹ ਜਾਂਚ ਪੜਤਾਲ ਵੀ ਇਸੇ ਮਾਮਲੇ ਦਾ ਹੀ ਹਿੱਸਾ ਸੀ। ਉਨ੍ਹਾਂ ਦੱਸਿਆ ਕਿ ਮਜੀਠੀਆ ਦੀ ਜ਼ਮਾਨਤ ਸਬੰਧੀ ਅਰਜ਼ੀ ਮੁਹਾਲੀ ਦੀ ਅਦਾਲਤ ਵਿਚ ਲਗਾਈ ਜਾ ਰਹੀ ਹੈ।

ਦੱਸਣਯੋਗ ਹੈ ਕਿ ਇਸ ਮਾਮਲੇ ਵਿਚ ਵਿਜੀਲੈਂਸ ਬਿਊਰੋ ਦੀ ਟੀਮ ਵੱਲੋਂ ਪਹਿਲਾਂ ਵੀ ਸ਼੍ਰੀ ਮਜੀਠੀਆ ਦੀ ਗਰੀਨ ਐਵੇਨਿਊ ਸਥਿਤ ਰਿਹਾਇਸ਼ 'ਤੇ ਛਾਪਾ ਮਾਰਿਆ ਗਿਆ ਸੀ ਅਤੇ ਲੰਮਾ ਸਮਾਂ ਜਾਂਚ ਕਰਨ ਮਗਰੋਂ ਮਜੀਠੀਆ ਨੂੰ ਗ੍ਰਿਫਤਾਰ ਕਰਕੇ ਆਪਣੇ ਨਾਲ ਲੈ ਗਏ ਸਨ। ਮਜੀਠੀਆ ਇਸ ਵੇਲੇ ਨਿਆਂਇਕ ਹਿਰਾਸਤ ਤਹਿਤ ਨਾਭਾ ਦੀ ਜੇਲ੍ਹ ਵਿਚ ਬੰਦ ਹਨ। ਵਿਜੀਲੈਂਸ ਵੱਲੋਂ ਅਕਾਲੀ ਆਗੂ ਖਿਲਾਫ ਆਮਦਨ ਦੇ ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਅਤੇ ਨਸ਼ਿਆਂ ਦੀ ਆਮਦਨ ਤੋਂ ਜਾਇਦਾਦ ਬਣਾਉਣ ਦੇ ਦੋਸ਼ ਲਾਏ ਗਏ ਹਨ।

# ਅਮਰੀਕਾ 'ਚ ਨਕਲੀ ਦਵਾਈਆਂ ਵੇਚਣ ਦੇ ਦੋਸ਼ 'ਚ ਭਾਰਤੀ ਮੂਲ ਦੇ ਦੋ ਭਰਾਵਾਂ ਨੂੰ ਸਜ਼ਾ

**ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)-** ਭਾਰਤੀ ਮੂਲ ਦੇ ਦੋ ਭਰਾਵਾਂ ਨੂੰ ਅਮਰੀਕਾ ਵਿਚ ਨਕਲੀ ਅਤੇ ਮਿਲਾਵਟੀ ਦਵਾਈਆਂ ਵੇਚਣ ਦੀ ਯੋਜਨਾ ਦੇ ਦੋਸ਼ ਵਿਚ ਅਦਾਲਤ ਨੇ 30-30 ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਹੈ। 39 ਸਾਲਾ ਕੁਮਾਰ ਝਾਅ ਅਤੇ 36 ਸਾਲਾ ਰਜਨੀਸ਼ ਕੁਮਾਰ ਝਾਅ ਦੋਵਾਂ ਨੂੰ 20 ਅਪ੍ਰੈਲ, 2023 ਨੂੰ ਸਿੰਗਾਪੁਰ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਫਰਵਰੀ 2025 ਵਿਚ ਅਮਰੀਕਾ ਦੇ ਹਵਾਲੇ ਕਰ ਦਿੱਤਾ ਗਿਆ ਸੀ। ਬਾਅਦ ਵਿਚ ਉਨ੍ਹਾਂ ਨੂੰ ਸਿਆਟਲ ਦੀ ਅਮਰੀਕੀ ਜ਼ਿਲ੍ਹਾ ਅਦਾਲਤ ਵਿਚ ਸਜ਼ਾ ਸੁਣਾਈ ਗਈ।

ਇਨ੍ਹਾਂ ਦੋ ਭਾਰਤੀ ਭਰਾਵਾਂ ਨੇ ਅਮਰੀਕਾ ਵਿਚ ਦੂਸ਼ਿਤ ਨਸ਼ੀਲੇ ਪਦਾਰਥਾਂ ਦੀ ਤਸਕਰੀ ਕੀਤੀ ਸੀ।



ਇਨ੍ਹਾਂ ਝਾਅ ਭਰਾਵਾਂ ਦੀ ਜਾਂਚ 2019 ਵਿਚ ਸ਼ੁਰੂ ਹੋਈ ਸੀ ਅਤੇ ਜਾਂਚਕਰਤਾਵਾਂ ਨੇ ਇੰਟਰਨੈੱਟ 'ਤੇ ਪੋਸਟਿੰਗਾਂ ਅਤੇ ਹੋਰ ਸਬੂਤਾਂ ਦੀ ਸਮੀਖਿਆ ਕੀਤੀ, ਜੋ ਦਰਸਾਉਂਦੇ ਹਨ ਕਿ ਦੋਵੇਂ ਝਾਅ ਭਰਾਵਾਂ ਅਤੇ ਉਨ੍ਹਾਂ ਦੀ ਕੰਪਨੀ, ਧ੍ਰਿਸ਼ਟੀ ਫਾਰਮਾ ਇੰਟਰਨੈਸ਼ਨਲ ਨੇ ਅਮਰੀਕਾ ਵਿਚ ਨੁਸਖ਼ੇ ਵਾਲੀਆਂ ਦਵਾਈਆਂ ਵੇਚਣ ਦੀ ਪੇਸ਼ਕਸ਼ ਕੀਤੀ ਸੀ। ਅਪਰਾਧਿਕ ਜਾਂਚ ਦਫ਼ਤਰ, ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ (ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ) ਅਤੇ ਹੋਮਲੈਂਡ ਸਿਕਿਓਰਿਟੀ ਇਨਵੈਸਟੀਗੇਸ਼ਨ ਦੇ ਗੁਪਤ ਏਜੰਟਾਂ ਨੂੰ ਝਾਅ ਭਰਾਵਾਂ ਨਾਲ ਸੰਪਰਕ ਕਰਨ ਅਤੇ ਉਨ੍ਹਾਂ ਦੇ ਕੁਝ ਉਤਪਾਦਾਂ ਨੂੰ ਖਰੀਦਣ ਦਾ ਕੰਮ ਸੌਂਪਿਆ ਗਿਆ ਸੀ। ਜਾਂਚ ਵਿਚ ਮੁੱਖ ਚਿੰਤਾ ਕੀਟਰੂਡਾ ਨਾਮਕ ਨਕਲੀ ਦਵਾਈ ਦੀ ਵਿਕਰੀ ਸੀ, ਜੋ ਕਿ ਲੇਟ-ਸਟੇਜ ਕੈਂਸਰ ਲਈ ਵਰਤੀ ਜਾਂਦੀ ਮਰਕ ਦੀ ਦਵਾਈ ਸੀ। ਵਿਸ਼ਲੇਸ਼ਣ ਤੋਂ ਇਹ ਸਿੱਟਾ ਨਿਕਲਿਆ ਕਿ ਭਾਰਤੀ ਮੂਲ ਦੇ ਝਾਅ ਭਰਾ ਕੀਟਰੂਡਾ ਨਾਮਕ ਨਕਲੀ ਦਵਾਈਆਂ ਵੇਚ ਰਹੇ ਸਨ, ਜਿਨ੍ਹਾਂ ਵਿਚ ਉਹ ਕੋਈ ਵੀ ਸਮੱਗਰੀ ਨਹੀਂ ਸੀ, ਜੋ ਅਸਲ ਉਤਪਾਦ ਵਿਚ ਸ਼ਾਮਲ ਸੀ।


## MATRIMONIAL

South Indian man, 65, (Look's 50) , 5'-7", transportation business. looking a good loving girl of any age. Down to earth, anyone interested to living together. Pls send a photograph and little information with phone number. He can live anywhere in USA. Cell: 727-870-0052

855

## ਮੈਟਰੀਮੋਨੀਅਲ

ਜੱਟ ਸਿੱਖ ਸਿੱਧੂ, ਉਮਰ 28 ਸਾਲ, ਕੱਦ 5'-9", ਦਸਤਾਰਧਾਰੀ, ਯੂ.ਐੱਸ.ਏ. ਵਿਚ ਸਟੱਡੀ ਵੀਜ਼ੇ 'ਤੇ PhD ਕਰ ਰਹੇ ਲੜਕੇ ਲਈ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ।

ਵਟਸਅੱਪ ਨੰਬਰ : (706) 206-2516

845

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com




 ਪੰਜਾਬ ਮੇਲ USA

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਸਕੂਲ ਵਿਚ ਲਗਾਇਆ ਮੁਫ਼ਤ ਆਰ.ਓ. ਸਿਸਟਮ

**ਮਲੋਟ, (ਪੰਜਾਬ ਮੇਲ)-** ਡਾਕਟਰ ਐੱਸ.ਪੀ. ਸਿੰਘ ਉਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਬੱਚਿਆਂ ਨੂੰ ਸਾਫ਼ ਪਾਣੀ ਪੀਣ ਲਈ ਵੱਖ-ਵੱਖ ਸਕੂਲਾਂ ਵਿਚ ਵੱਡੀ ਗਿਣਤੀ ਵਿਚ ਆਰ.ਓ. ਸਿਸਟਮ ਲਗਾਏ ਜਾ ਰਹੇ ਹਨ। ਇਸ ਲੜੀ ਤਹਿਤ ਸ. ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸਰਕਾਰੀ ਪ੍ਰਾਇਮਰੀ ਸਕੂਲ ਅਜੀਤ ਨਗਰ 1 ਮਲੋਟ ਵਿਚ ਮੁਫਤ ਆਰ.ਓ. ਸਿਸਟਮ ਲਗਾਇਆ ਗਿਆ ਹੈ, ਤਾਂ ਜੋ ਬੱਚਿਆਂ ਨੂੰ ਸਾਫ਼ ਪਾਣੀ ਪੀਣ ਲਈ ਮਿਲ ਸਕੇ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਮਾਲਵਾ ਖੇਤਰ ਵਿਚ ਜ਼ਮੀਨ ਹੇਠਲਾ ਪਾਣੀ ਬਹੁਤ ਹੀ ਮਾੜਾ ਹੈ, ਜੋ ਮਨੁੱਖੀ ਸਿਹਤ 'ਤੇ ਬਹੁਤ ਹੀ ਬੁਰਾ ਪ੍ਰਭਾਵ ਪਾ ਰਿਹਾ ਹੈ, ਸਕੂਲ ਵਿਚ ਇਸ ਪਾਣੀ ਨੂੰ ਪੀਣ ਉਪਰੰਤ ਬੱਚਿਆਂ ਦੀ ਸਿਹਤ 'ਤੇ ਬੁਰਾ ਪ੍ਰਭਾਵ ਪੈਂਦਾ ਸੀ, ਤਾਂ ਸਕੂਲ ਵੱਲੋਂ ਡਾ. ਐੱਸ.ਪੀ. ਸਿੰਘ ਓਬਰਾਏ ਨੂੰ ਬੱਚਿਆਂ ਦੀ ਸਿਹਤ ਦੇ ਮੱਦੇਨਜ਼ਰ ਸਕੂਲ ਵਿਚ ਆਰ.ਓ. ਸਿਸਟਮ ਲਗਾਏ ਜਾਣ ਨੂੰ ਕਿਹਾ ਗਿਆ ਸੀ, ਤਾਂ ਡਾਕਟਰ ਓਬਰਾਏ ਵਲੋਂ ਤੁਰੰਤ ਪ੍ਰਵਾਨਗੀ ਦਿੱਤੀ ਗਈ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਮਲੋਟ ਦੇ ਸੇਵਾਦਾਰ ਸੋਹਣ ਲਾਲ ਗੁੰਬਰ ਵੱਲੋਂ ਸਕੂਲ ਵਿਚ ਜਾ ਕੇ ਆਰ.ਓ. ਫਿੱਟ ਕਰਵਾਇਆ ਗਿਆ। ਆਉਣ ਵਾਲੇ ਸਮੇਂ ਵਿਚ ਇਸ ਦਾ ਬਕਾਇਦਾ ਉਦਘਾਟਨ ਕਰਵਾਇਆ ਜਾਵੇਗਾ। ਅਨਿਲ ਜੁਨੇਜਾ ਪ੍ਰਧਾਨ ਮਲੋਟ ਇਕਾਈ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਹਲਕਾ ਮਲੋਟ ਦੇ ਵੱਡੀ ਗਿਣਤੀ 'ਚ ਸਕੂਲਾਂ ਵਿਚ ਆਰ.ਓ. ਸਿਸਟਮ ਲਗਾਏ ਜਾ ਚੁੱਕੇ ਹਨ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਵਿਚ ਹੁਣ ਤੱਕ 110 ਦੇ ਕਰੀਬ ਆਰ.ਓ. ਸਿਸਟਮ ਸਕੂਲਾਂ ਵਿਚ ਅਤੇ ਹੋਰ ਜਨਤਕ ਥਾਵਾਂ 'ਤੇ ਲਗਾਏ ਜਾ ਚੁੱਕੇ ਹਨ। ਸਕੂਲ ਸਟਾਫ ਵੱਲੋਂ, ਸਕੂਲ ਦੇ ਬੱਚਿਆਂ ਵੱਲੋਂ, ਬੱਚਿਆਂ ਦੇ ਮਾਪਿਆਂ ਵੱਲੋਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ।



ਸਰਕਾਰੀ ਪ੍ਰਾਇਮਰੀ ਸਕੂਲ ਅਜੀਤ ਨਗਰ 1 ਮਲੋਟ ਵਿਖੇ ਆਰ ਓ ਫਿੱਟ ਕਰਵਾਉਂਦੇ ਹੋਏ ਟਰੱਸਟ ਦੇ ਸੇਵਾਦਾਰ ਸੋਹਣ ਲਾਲ ਗੁੰਬਰ।



ਡਾ. ਐੱਸ.ਪੀ. ਸਿੰਘ ਓਬਰਾਏ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਡਾ. ਓਬਰਾਏ ਦੇ ਯਤਨਾਂ ਸਦਕਾ ਸਮਰਾਲਾ ਦੇ ਵਿਅਕਤੀ ਦਾ ਮ੍ਰਿਤਕ ਸਰੀਰ ਦੁਬਈ ਤੋਂ ਭਾਰਤ ਪਹੁੰਚਿਆ



■ ਟਰੱਸਟ ਵੱਲੋਂ ਪਰਿਵਾਰ ਦੀ ਆਰਥਿਕ ਹਾਲਤ ਅਨੁਸਾਰ ਸਤਨਾਮ ਦੀ ਪਤਨੀ ਨੂੰ ਦਿੱਤੀ ਜਾਵੇਗੀ ਮਹੀਨਾਵਾਰ ਪੈਨਸ਼ਨ

**ਅੰਮ੍ਰਿਤਸਰ, (ਪੰਜਾਬ ਮੇਲ)-** ਬਿਨ੍ਹਾਂ ਕਿਸੇ ਕੋਲੋਂ ਇੱਕ ਵੀ ਰੁਪਈਆ ਇਕੱਠਾ ਕੀਤਿਆਂ ਆਪਣੀ ਨੇਕ ਕਮਾਈ ਵਿਚੋਂ ਹਰ ਸਾਲ ਕਰੋੜਾਂ ਰੁਪਏ ਦਾਨ ਵਜੋਂ ਖਰਚ ਕਰਨ ਵਾਲੇ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਰਪ੍ਰਸਤ ਡਾ. ਐੱਸ.ਪੀ. ਸਿੰਘ ਓਬਰਾਏ ਦੇ ਸਹਿਯੋਗ ਸਦਕਾ ਲੁਧਿਆਣਾ ਜ਼ਿਲ੍ਹੇ ਦੇ ਸਮਰਾਲਾ ਨਾਲ ਸਬੰਧਿਤ 51 ਸਾਲਾ ਵਿਅਕਤੀ ਸਤਨਾਮ ਸਿੰਘ ਪੁੱਤਰ ਅਮਰਜੀਤ ਸਿੰਘ ਦਾ ਮ੍ਰਿਤਕ ਸਰੀਰ ਦੁਬਈ ਤੋਂ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਵਿਖੇ ਪਹੁੰਚਿਆ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਡਾ. ਐੱਸ.ਪੀ. ਸਿੰਘ ਓਬਰਾਏ ਨੇ ਦੱਸਿਆ ਸਤਨਾਮ ਸਿੰਘ ਵੀ ਹੋਰਨਾਂ ਨੌਜਵਾਨਾਂ ਵਾਂਗ ਆਪਣੇ ਪਰਿਵਾਰ ਦੇ ਬਿਹਤਰ ਭਵਿੱਖ ਲਈ ਲਗਭਗ ਪਿਛਲੇ 11 ਸਾਲਾਂ ਤੋਂ ਦੁਬਈ ਵਿਖੇ ਮਿਹਨਤ ਮਜ਼ਦੂਰੀ ਕਰ ਰਿਹਾ ਸੀ। ਉਨ੍ਹਾਂ ਦੱਸਿਆ ਕਿ ਪਰਿਵਾਰ ਵੱਲੋਂ ਦੱਸਣ ਮੁਤਾਬਿਕ ਬੀਤੀ 22 ਜੂਨ ਨੂੰ ਕੰਮ ਦੌਰਾਨ ਸਤਨਾਮ ਸਿੰਘ ਪੌੜੀ ਤੋਂ ਹੇਠਾਂ ਡਿੱਗ ਪਿਆ ਅਤੇ ਕੁਝ ਸਮੇਂ ਬਾਅਦ ਹੀ ਦਿਲ ਦਾ ਦੌਰਾ ਪੈਣ ਕਾਰਨ ਉਸਦੀ ਮੌਤ ਹੋ ਗਈ ਸੀ। ਇਸ ਮੰਦਭਾਗੀ ਘਟਨਾ ਉਪਰੰਤ ਪੀੜਤ ਪਰਿਵਾਰ ਨੇ ਟਰੱਸਟ ਦੇ ਸਿਹਤ ਸੇਵਾਵਾਂ ਡਾਇਰੈਕਟਰ ਡਾ. ਦਲਜੀਤ ਸਿੰਘ ਗਿੱਲ ਰਾਹੀਂ ਸੰਪਰਕ ਕਰਕੇ ਸਤਨਾਮ ਦਾ ਮ੍ਰਿਤਕ ਸਰੀਰ ਭਾਰਤ ਭੇਜਣ ਲਈ ਕਿਹਾ ਸੀ। ਜਿਸ 'ਤੇ ਉਨ੍ਹਾਂ ਆਪਣੀ ਟੀਮ ਰਾਹੀਂ ਲੋੜੀਂਦੀ ਕਾਗਜ਼ੀ ਕਾਰਵਾਈ ਮੁਕੰਮਲ ਕਰਵਾਉਣ 'ਚ ਮਦਦ ਕਰ ਕੇ ਜਿੱਥੇ ਸਤਨਾਮ ਦਾ ਮ੍ਰਿਤਕ ਸਰੀਰ ਭਾਰਤ ਭੇਜਿਆ, ਉੱਥੇ ਹੀ ਅੰਮ੍ਰਿਤਸਰ ਹਵਾਈ ਅੱਡੇ ਤੋਂ ਮ੍ਰਿਤਕ ਸਰੀਰ ਪੀੜਤ ਪਰਿਵਾਰ ਦੀ ਹਾਜ਼ਰੀ 'ਚ ਟਰੱਸਟ ਦੇ ਪੰਜਾਬ ਪ੍ਰਧਾਨ ਸੁਖਜਿੰਦਰ ਸਿੰਘ ਹੇਰ, ਜ਼ਿਲ੍ਹਾ ਪ੍ਰਧਾਨ ਸ਼ਿਸ਼ਪਾਲ ਸਿੰਘ ਲਾਡੀ, ਜਨਰਲ ਸਕੱਤਰ ਮਨਪ੍ਰੀਤ ਸੰਧੂ ਚਮਿਆਰੀ ਵੱਲੋਂ ਪ੍ਰਾਪਤ ਕਰਕੇ ਟਰੱਸਟ ਦੀ ਹੀ 'ਮੁਫ਼ਤ ਐਂਬੂਲੈਂਸ ਸੇਵਾ' ਰਾਹੀਂ ਉਸ ਦੇ ਘਰ ਤੱਕ ਪੁੱਜਦਾ ਕੀਤਾ ਗਿਆ।

ਉਨ੍ਹਾਂ ਦੱਸਿਆ ਕਿ ਸਤਨਾਮ ਦਾ ਮ੍ਰਿਤਕ ਸਰੀਰ ਭੇਜਣ 'ਤੇ ਆਇਆ ਖਰਚ ਉਸ ਦੀ ਕੰਮ ਵਾਲੀ ਕੰਪਨੀ ਵੱਲੋਂ ਕੀਤਾ ਗਿਆ ਹੈ। ਜਦੋਂ ਕਿ ਟਰੱਸਟ ਵੱਲੋਂ ਜਲਦ ਹੀ ਪਰਿਵਾਰ ਦੀ ਆਰਥਿਕ ਹਾਲਤ ਅਨੁਸਾਰ ਸਤਨਾਮ ਦੀ ਪਤਨੀ ਨੂੰ ਮਹੀਨਾਵਾਰ ਪੈਨਸ਼ਨ ਦਿੱਤੀ ਜਾਵੇਗੀ। ਜ਼ਿਕਰਯੋਗ ਹੈ ਕਿ ਡਾ. ਓਬਰਾਏ ਦੀ ਸਰਪ੍ਰਸਤੀ ਹੇਠ ਹੁਣ ਤੱਕ 417 ਦੇ ਕਰੀਬ ਬਦਨਸੀਬ ਨੌਜਵਾਨਾਂ ਦੇ ਮ੍ਰਿਤਕ ਸਰੀਰ ਉਨ੍ਹਾਂ ਦੇ ਵਾਰਸਾਂ ਤੱਕ ਪਹੁੰਚਾਏ ਜਾ ਚੁੱਕੇ ਹਨ ਅਤੇ ਪਿਛਲੇ ਕੁਝ ਅਰਸੇ ਤੋਂ ਹਵਾਈ ਅੱਡਾ ਅੰਮ੍ਰਿਤਸਰ ਤੋਂ ਮ੍ਰਿਤਕ ਸਰੀਰ ਘਰਾਂ ਤੱਕ ਪਹੁੰਚਣ ਲਈ ਮੁਫ਼ਤ ਐਂਬੂਲੈਂਸ ਸੇਵਾ ਵੀ ਸ਼ੁਰੂ ਕੀਤੀ ਗਈ ਹੈ।

ਇਸ ਦੌਰਾਨ ਹਵਾਈ ਅੱਡੇ 'ਤੇ ਮੌਜੂਦ ਸਤਨਾਮ ਦੇ ਬਜ਼ੁਰਗ ਪਿਤਾ ਅਮਰਜੀਤ ਸਿੰਘ, ਪਤਨੀ ਰਾਜਦੀਪ ਕੌਰ, ਮਾਸੜ ਮਨਜੀਤ ਸਿੰਘ, ਭਾਣਜੇ ਸਿਮਰਜੀਤ ਸਿੰਘ ਤੇ ਭਾਣਜੀ ਸਪਿੰਦਰ ਕੌਰ ਆਦਿ ਨੇ ਡਾ. ਐੱਸ.ਪੀ. ਸਿੰਘ ਓਬਰਾਏ ਦਾ ਇਸ ਔਖੀ ਘੜੀ ਵੇਲੇ ਵੱਡੀ ਮਦਦ ਕਰਨ ਲਈ ਤਹਿ ਦਿਲੋਂ ਧੰਨਵਾਦ ਕੀਤਾ।








# ਸਾਬਕਾ ਵਿਧਾਇਕ ਅਮਰਜੀਤ ਸਿੰਘ ਸੰਦੋਆ ਵੱਲੋਂ 'ਆਪ' ਤੋਂ ਅਸਤੀਫਾ

**ਚੰਡੀਗੜ੍ਹ, (ਪੰਜਾਬ ਮੇਲ)-** ਆਮ ਆਦਮੀ ਪਾਰਟੀ ਵੱਲੋਂ ਮੁਅੱਤਲ ਕੀਤੇ ਗਏ ਵਿਧਾਨ ਸਭਾ ਹਲਕਾ ਰੂਪਨਗਰ ਦੇ ਸਾਬਕਾ ਵਿਧਾਇਕ ਅਮਰਜੀਤ ਸਿੰਘ ਸੰਦੋਆ ਨੇ ਪਾਰਟੀ ਤੋਂ ਅਸਤੀਫਾ ਦੇ ਦਿੱਤਾ। ਸੰਦੋਆ ਨੇ ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੂੰ ਆਪਣਾ ਅਸਤੀਫਾ ਭੇਜ ਦਿੱਤਾ ਹੈ।

ਸ਼੍ਰੀ ਸੰਦੋਆ ਨੇ ਚੰਡੀਗੜ੍ਹ ਪ੍ਰੈੱਸ ਕਲੱਬ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ 5 ਜੁਲਾਈ ਨੂੰ ਉਨ੍ਹਾਂ ਦੇ ਹਲਕੇ ਵਿਚ ਤੇਜ਼ ਰਫ਼ਤਾਰ ਕਾਰ ਚਾਰ ਜਣਿਆਂ ਨੂੰ ਟੱਕਰ ਮਾਰ ਕੇ ਫਰਾਰ ਹੋ ਗਈ ਸੀ। ਇਸ ਹਾਦਸੇ ਵਿਚ ਇੱਕ ਔਰਤ ਦੀ ਮੌਤ ਹੋ ਗਈ, ਜਦੋਂ ਕਿ ਤਿੰਨ ਹੋਰ ਲੜਕੀਆਂ ਗੰਭੀਰ ਰੂਪ ਵਿਚ ਜ਼ਖ਼ਮੀ ਹਨ। ਉਨ੍ਹਾਂ ਕਿਹਾ ਕਿ

■ **ਹਲਕੇ ਦੇ ਲੋਕਾਂ ਲਈ ਆਵਾਜ਼ ਚੁੱਕਣੀ ਮਹਿੰਗੀ ਪੈਣ ਦਾ ਦਾਅਵਾ**



**ਸਾਬਕਾ ਵਿਧਾਇਕ ਅਮਰਜੀਤ ਸਿੰਘ ਸੰਦੋਆ ਆਪਣਾ ਅਸਤੀਫ਼ਾ ਦਿਖਾਉਂਦੇ ਹੋਏ।**

ਪੁਲਿਸ ਵੱਲੋਂ ਮੁਲਜ਼ਮਾਂ ਖਿਲਾਫ ਕਾਰਵਾਈ ਕਰਨ ਦੀ ਥਾਂ ਉਨ੍ਹਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਗਈ।

ਇਸ ਦੇ ਰੋਸ ਵਿਚ ਇਲਾਕੇ ਦੇ ਲੋਕਾਂ ਵੱਲੋਂ ਪ੍ਰਦਰਸ਼ਨ ਕੀਤੇ ਗਏ, ਜਿਸ ਵਿਚ ਉਨ੍ਹਾਂ ਨੇ ਸ਼ਾਮਲ ਹੋ ਕੇ ਲੋਕਾਂ ਦੀ ਆਵਾਜ਼ ਚੁੱਕੀ ਹੈ। ਇਸ ਦੇ ਬਾਵਜੂਦ ਪੁਲਿਸ ਵੱਲੋਂ ਅਸਲ ਮੁਲਜ਼ਮ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ।

ਸਾਬਕਾ ਵਿਧਾਇਕ ਨੇ ਕਿਹਾ ਕਿ ਇਲਾਕੇ ਦੇ ਲੋਕਾਂ ਦੀ ਆਵਾਜ਼ ਚੁੱਕਣ ਕਰਕੇ ਪਾਰਟੀ ਨੇ ਉਨ੍ਹਾਂ ਨੂੰ ਮੁਅੱਤਲ ਕਰ ਦਿੱਤਾ ਸੀ ਪਰ ਹੁਣ ਉਹ ਖੁਦ ਹੀ ਪਾਰਟੀ ਤੋਂ ਅਸਤੀਫਾ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਲੋਕਾਂ ਦੀ ਆਵਾਜ਼ ਨੂੰ ਇਸੇ ਤਰ੍ਹਾਂ ਚੁੱਕਦੇ ਰਹਿਣਗੇ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਵਿਸ਼ੇਸ਼ ਇਜਲਾਸ: ਬੀ.ਬੀ.ਐੱਮ.ਬੀ. ਦੇ ਡੈਮਾਂ 'ਤੇ ਕੇਂਦਰੀ ਬਲਾਂ ਦੀ ਤਾਇਨਾਤੀ ਖਿਲਾਫ਼ ਮਤਾ ਤੇ ਬੈਲ ਗੱਡੀਆਂ ਦੀਆਂ ਦੌੜਾਂ ਬਾਰੇ ਬਿਲ ਪਾਸ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਵਿਧਾਨ ਸਭਾ ਨੇ ਵਿਸ਼ੇਸ਼ ਇਜਲਾਸ 'ਚ ਬੀ.ਬੀ.ਐੱਮ.ਬੀ. ਦੇ ਡੈਮਾਂ 'ਤੇ ਕੇਂਦਰੀ ਬਲਾਂ ਦੀ ਤਾਇਨਾਤੀ ਖਿਲਾਫ਼ ਮਤਾ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਹੈ। ਵਿਰੋਧੀ ਧਿਰਾਂ ਨੇ ਮਤੇ 'ਤੇ ਸਹਿਮਤੀ ਦਿੱਤੀ। ਮੁੱਖ ਮੰਤਰੀ ਦੀ ਹਾਜ਼ਰੀ 'ਚ ਮਤਾ ਪਾਸ ਹੋਇਆ। ਜਲ ਸਰੋਤ ਮੰਤਰੀ ਬਰਿੰਦਰ ਗੋਇਲ ਨੇ ਸਬੰਧਤ ਮਤਾ ਸਦਨ ਵਿਚ ਪੇਸ਼ ਕੀਤਾ। ਸਦਨ ਨੇ ਪੰਜਾਬ ਸਰਕਾਰ ਨੂੰ ਇਹ ਮਾਮਲਾ ਕੇਂਦਰ ਸਰਕਾਰ ਕੋਲ ਉਠਾਉਣ ਲਈ ਕਿਹਾ ਹੈ। ਮਤੇ ਵਿਚ ਕਿਹਾ ਗਿਆ ਕਿ ਪੰਜਾਬ ਪੁਲਿਸ ਡੈਮ ਦੀ ਸੁਰੱਖਿਆ ਲਈ

■ **ਜਲ ਮੰਤਰੀ ਬਰਿੰਦਰ ਗੋਇਲ ਨੇ ਮਤਾ ਸਦਨ 'ਚ ਰੱਖਿਆ; ਪੰਜਾਬ ਪੁਲੀਸ ਨੂੰ ਡੈਮ ਦੀ ਸੁਰੱਖਿਆ ਦੇ ਸਮਰੱਥ ਦੱਸਿਆ**

ਪੂਰੀ ਤਰ੍ਹਾਂ ਸਮਰੱਥ ਹੈ।

ਇਸ ਦੌਰਾਨ ਪੰਜਾਬ ਵਿਧਾਨ ਸਭਾ 'ਚ ਉਸ ਸਮੇਂ ਹੰਗਾਮਾ ਹੋ ਗਿਆ, ਜਦੋਂ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਅਸੈਂਬਲੀ ਨੂੰ ਸਟੇਜ ਦੀ ਤਰ੍ਹਾਂ ਵਰਤਣ ਦਾ ਇਲਜ਼ਾਮ ਹਾਕਮ ਧਿਰ 'ਤੇ ਲਾਇਆ। ਮੰਤਰੀ ਅਮਨ ਅਰੋੜਾ ਨੇ ਇਹ ਕਹਿੰਦਿਆਂ ਇਸ ਦਾ ਵਿਰੋਧ ਕੀਤਾ ਕਿ ਬਾਜਵਾ ਨੇ ਸਦਨ ਦੀ ਤੌਹੀਨ ਕੀਤੀ ਹੈ। ਉਨ੍ਹਾਂ ਇਸ ਮੁੱਦੇ ਉਤੇ ਬਾਜਵਾ ਖਿਲਾਫ਼ ਮਰਿਆਦਾ ਮਤਾ ਲਿਆਉਣ ਲਈ ਕਿਹਾ।

**ਬੈਲ ਗੱਡੀਆਂ ਦੀਆਂ ਦੌੜਾਂ ਦਾ ਰਾਹ ਪੱਧਰਾ ਕਰਨ ਵਾਲਾ ਬਿਲ ਪਾਸ** : ਪੰਜਾਬ ਵਿਧਾਨ ਸਭਾ ਨੇ ਪੰਜਾਬ 'ਚ ਬੈਲ ਗੱਡੀਆਂ ਦੀਆਂ ਖੇਡਾਂ ਨਾਲ ਸਬੰਧਤ ਬਿੱਲ ਪਾਸ ਕਰ ਦਿੱਤਾ ਹੈ। ਪਸ਼ੂ ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ 'ਪਸ਼ੂਆਂ 'ਤੇ ਜ਼ੁਲਮ ਰੋਕੂ ਪੰਜਾਬ ਸੋਧਨਾ ਬਿੱਲ 2025' ਪੇਸ਼ ਕੀਤਾ।

ਮਤੇ 'ਤੇ ਲੰਮੀ ਬਹਿਸ ਹੋਈ। ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਮਤੇ ਦੀ ਹਮਾਇਤ ਕੀਤੀ। ਬਹਿਸ ਪਿੱਛੋਂ ਸਦਨ ਨੇ ਬਿਲ ਪਾਸ ਕਰ ਦਿੱਤਾ।

# ਜਲੰਧਰ 'ਚ ਸ਼੍ਰੋਮਣੀ ਅਕਾਲੀ ਦਲ 'ਚ 90 ਫ਼ੀਸਦੀ ਆਗੂਆਂ ਵੱਲੋਂ ਅਸਤੀਫ਼ਾ

**ਜਲੰਧਰ, (ਪੰਜਾਬ ਮੇਲ)-**ਸ਼੍ਰੋਮਣੀ ਅਕਾਲੀ ਦਲ ਦੀ ਜਲੰਧਰ ਸ਼ਹਿਰੀ ਇਕਾਈ ਵਿਚ ਡੂੰਘਾ ਅੰਦਰੂਨੀ ਸੰਕਟ ਖੜ੍ਹਾ ਹੋ ਗਿਆ ਹੈ। ਜ਼ਿਲ੍ਹਾ ਪੱਧਰ 'ਤੇ ਪ੍ਰਧਾਨ ਦੀ ਨਿਯੁਕਤੀ ਵਿਚ ਸੀਨੀਅਰ ਆਗੂਆਂ ਅਤੇ ਸਮਰਪਿਤ ਵਰਕਰਾਂ ਦੀ ਅਣਦੇਖੀ ਦੇ ਵਿਰੋਧ 'ਚ ਸ਼ਨੀਵਾਰ ਲਗਭਗ 90 ਫ਼ੀਸਦੀ ਜ਼ਿਲ੍ਹਾ, ਸਰਕਲ ਅਤੇ ਵਿੰਗ ਪੱਧਰ ਦੇ ਆਗੂਆਂ ਨੇ ਸਮੂਹਿਕ ਅਸਤੀਫ਼ਾ ਦੇ ਦਿੱਤਾ।

ਡੈਲੀਗੇਟ ਪੱਧਰ 'ਤੇ ਹੋਏ ਇਸ ਵਿਰੋਧ ਵਿਚ ਜ਼ਿਲ੍ਹਾ ਅਕਾਲੀ ਦਲ ਦੇ ਸੀਨੀਅਰ ਅਹੁਦੇਦਾਰ, ਬੀ.ਸੀ. ਵਿੰਗ ਅਤੇ ਐੱਸ.ਸੀ. ਵਿੰਗ ਦੇ ਜ਼ਿਲ੍ਹਾ ਪ੍ਰਧਾਨ, ਇਸਤਰੀ ਅਕਾਲੀ ਦਲ ਆਗੂ, ਸਰਕਲ ਪ੍ਰਧਾਨ ਅਤੇ ਹੋਰ ਜ਼ਿੰਮੇਵਾਰ ਅਹੁਦੇਦਾਰ ਸ਼ਾਮਲ ਰਹੇ। ਆਗੂਆਂ ਨੇ ਦੋਸ਼ ਲਾਇਆ ਕਿ ਪਾਰਟੀ ਵਿਚ ਸਵਾਰਥੀ, ਮੌਕਾਪ੍ਰਸਤ ਅਤੇ ਦਲ-ਬਦਲੂ ਆਗੂਆਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ, ਜਦਕਿ ਸਾਲਾਂ ਤੋਂ ਵਫਾਦਾਰੀ ਅਤੇ ਮਿਹਨਤ ਨਾਲ ਜੁੜੇ ਵਰਕਰਾਂ ਦੀ ਅਣਦੇਖੀ ਹੋ ਰਹੀ ਹੈ।

ਆਗੂਆਂ ਨੇ ਸਪੱਸ਼ਟ ਕੀਤਾ ਕਿ ਇਹ ਫ਼ੈਸਲਾ ਪਾਰਟੀ ਦੇ ਸਿਧਾਂਤਾਂ ਅਤੇ ਸੰਗਠਨ ਦੀ ਮਜ਼ਬੂਤੀ ਦੇ ਵਿਰੁੱਧ ਹੈ ਅਤੇ ਇਸ ਨੂੰ ਕਿਸੇ ਵੀ ਸੂਰਤ ਵਿਚ ਸਵੀਕਾਰ ਨਹੀਂ ਕੀਤਾ ਜਾਵੇਗਾ। ਅਸਤੀਫ਼ਾ ਦੇਣ ਵਾਲਿਆਂ ਵਿਚ ਰਣਜੀਤ ਸਿੰਘ ਰਾਣਾ (ਪੀ.ਏ.ਸੀ. ਮੈਂਬਰ), ਪਰਮਜੀਤ ਸਿੰਘ ਰੇਰੂ (ਸਾਬਕਾ ਕੌਂਸਲਰ), ਹਰਿੰਦਰ ਸਿੰਘ ਢੀਂਡਸਾ (ਯੂਥ ਅਕਾਲੀ ਦਲ), ਸਤਿੰਦਰ ਸਿੰਘ ਪੀਤਾ (ਬੀ.ਸੀ. ਵਿੰਗ ਜ਼ਿਲ੍ਹਾ ਪ੍ਰਧਾਨ), ਭਜਨ ਲਾਲ ਚੋਪੜਾ (ਐੱਸ.ਸੀ. ਵਿੰਗ ਜ਼ਿਲ੍ਹਾ ਪ੍ਰਧਾਨ) ਸਮੇਤ ਲਗਭਗ 150 ਤੋਂ ਵੱਧ ਪ੍ਰਮੁੱਖ ਆਗੂ ਅਤੇ ਵਰਕਰ ਸ਼ਾਮਲ ਹਨ। ਮਹਿਲਾ ਆਗੂਆਂ ਵਿਚ ਬੀਬੀ ਬਲਵਿੰਦਰ ਕੌਰ ਲੂਥਰਾ, ਸਤਨਾਮ ਕੌਰ, ਲਖਵਿੰਦਰ ਕੌਰ, ਗੀਤਾ ਚੋਪੜਾ, ਪੁਸ਼ਪਾ ਦੇਵੀ, ਆਸ਼ਾ ਰਾਣੀ, ਮਨਜੀਤ ਕੌਰ ਅਤੇ ਹੋਰਨਾਂ ਔਰਤਾਂ ਨੇ ਵੀ ਇਸ ਸਮੂਹਿਕ ਅਸਤੀਫ਼ੇ ਵਿਚ ਹਿੱਸਾ ਲਿਆ। ਪਾਰਟੀ ਵਿਚ ਇਸ ਸਮੂਹਿਕ ਅਸਤੀਫ਼ੇ ਨੇ ਜ਼ਿਲ੍ਹਾ ਸੰਗਠਨ ਨੂੰ ਝੰਜੋੜ ਕੇ ਰੱਖ ਦਿੱਤਾ ਹੈ ਅਤੇ ਭਵਿੱਖ ਵਿਚ ਇਸ ਤੋਂ ਉਪਜਣ ਵਾਲੀ ਸਿਆਸੀ ਸਥਿਤੀ 'ਤੇ ਸਭ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ।

# ਪੰਜਾਬ 'ਚ ਪੰਚਾਂ ਤੇ ਸਰਪੰਚਾਂ ਦੀਆਂ ਖਾਲੀ ਅਹੁਦਿਆਂ ਲਈ 27 ਜੁਲਾਈ ਨੂੰ ਪੈਣਗੀਆਂ ਵੋਟਾਂ

**ਚੰਡੀਗੜ੍ਹ, (ਪੰਜਾਬ ਮੇਲ)-** ਪੇਂਡੂ ਵਿਕਾਸ ਤੇ ਪੰਚਾਇਤਾਂ ਵਿਭਾਗ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ 15.10.2024 ਨੂੰ ਹੋਈਆਂ ਗ੍ਰਾਮ ਪੰਚਾਇਤਾਂ ਦੀਆਂ ਆਮ ਚੋਣਾਂ ਤੋਂ ਬਾਅਦ, ਇਸ ਸਮੇਂ ਵੱਖ-ਵੱਖ ਜ਼ਿਲਿਆਂ 'ਚ ਸਰਪੰਚਾਂ ਦੀਆਂ 90 ਅਸਾਮੀਆਂ ਅਤੇ ਪੰਚਾਂ ਦੀਆਂ 1771 ਅਸਾਮੀਆਂ ਖਾਲੀ ਹਨ। ਇਨ੍ਹਾਂ ਖਾਲੀ ਅਸਾਮੀਆਂ ਨੂੰ ਭਰਨ ਲਈ, ਰਾਜ ਚੋਣ ਕਮਿਸ਼ਨ ਨੇ ਉਪ-ਚੋਣਾਂ ਦਾ ਸ਼ਡਿਊਲ ਐਲਾਨਿਆ ਹੈ।

ਇਸ ਸ਼ਡਿਊਲ ਦੇ ਅਨੁਸਾਰ ਨਾਮਜ਼ਦਗੀਆਂ ਦਾਖਲ ਕਰਨ ਦੀ ਆਖਰੀ ਮਿਤੀ 17 ਜੁਲਾਈ ਦੁਪਹਿਰ 3 ਵਜੇ ਤੱਕ ਹੋਵੇਗੀ। ਨਾਮਜ਼ਦਗੀਆਂ ਦੀ ਪੜਤਾਲ 18 ਜੁਲਾਈ ਨੂੰ ਕੀਤੀ ਜਾਵੇਗੀ ਤੇ ਉਮੀਦਵਾਰੀ ਵਾਪਸ ਲੈਣ ਦੀ ਆਖਰੀ ਮਿਤੀ 19 ਜੁਲਾਈ ਸ਼ਾਮ 3 ਵਜੇ ਤੱਕ ਹੋਵੇਗੀ। ਵੋਟਿੰਗ 27 ਜੁਲਾਈ ਨੂੰ ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ ਬੈਲਟ ਪੇਪਰਾਂ ਦੀ ਵਰਤੋਂ ਰਾਹੀਂ ਹੋਵੇਗੀ। ਅਪਡੇਟ ਕੀਤੀਆਂ ਵੋਟਰ ਸੂਚੀਆਂ ਦਾ ਅੰਤਿਮ ਪ੍ਰਕਾਸ਼ਨ 23.05.2025 ਨੂੰ ਸਬੰਧਤ ਜ਼ਿਲਾ ਚੋਣ ਅਧਿਕਾਰੀਆਂ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ ਸੀ। ਵੋਟਾਂ ਪੈਣ ਤੋਂ ਬਾਅਦ ਇਸ ਦੀ ਗਿਣਤੀ ਉਸੇ ਦਿਨ ਪੋਲਿੰਗ ਸਟੇਸ਼ਨ 'ਤੇ ਹੀ ਕੀਤੀ ਜਾਵੇਗੀ। ਸਰਪੰਚ ਦੇ ਅਹੁਦੇ ਲਈ ਚੋਣ ਲੜ ਰਹੇ ਉਮੀਦਵਾਰ ਲਈ ਸੂਚਿਤ ਖਰਚ ਸੀਮਾ 40,000/- ਰੁਪਏ ਹੈ, ਜਦੋਂ ਕਿ ਪੰਚ ਲਈ ਖਰਚ ਸੀਮਾ 30,000/- ਰੁਪਏ ਤੈਅ ਕੀਤੀ ਗਈ ਹੈ। ਕਮਿਸ਼ਨ ਨੇ ਇਨ੍ਹਾਂ ਚੋਣਾਂ ਨੂੰ ਸੁਚਾਰੂ ਅਤੇ ਸ਼ਾਂਤੀਪੂਰਨ ਢੰਗ ਨਾਲ ਕਰਵਾਉਣ ਲਈ ਸਾਰੇ ਪੁਖ਼ਤਾ ਪ੍ਰਬੰਧ ਕੀਤੇ ਹਨ।

# ਬੀ.ਬੀ.ਐੱਮ.ਬੀ. ਨੇ ਕੇਂਦਰੀ ਬਲਾਂ ਲਈ ਰਿਹਾਇਸ਼ਾਂ ਤਿਆਰ ਕਰਵਾਉਣ ਦੀ ਕਾਰਵਾਈ ਰੋਕੀ

**ਰੋਪੜ, (ਪੰਜਾਬ ਮੇਲ)-** ਪੰਜਾਬ ਵਿਧਾਨ ਸਭਾ ਵੱਲੋਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐੱਮ.ਬੀ.) ਦੇ ਪ੍ਰਾਜੈਕਟਾਂ ਵਿਚ ਕੇਂਦਰੀ ਉਦਯੋਗਿਕ ਸੁਰੱਖਿਆ ਬਲ (ਸੀ.ਆਈ.ਐੱਸ.ਐੱਫ.) ਦੇ ਮੁਲਾਜ਼ਮਾਂ ਦੀ ਤਾਇਨਾਤੀ ਵਿਰੁੱਧ ਮਤਾ ਪਾਸ ਕੀਤੇ ਜਾਣ ਤੋਂ ਬਾਅਦ ਬੀ.ਬੀ.ਐੱਮ.ਬੀ. ਨੇ ਨੰਗਲ ਟਾਊਨਸ਼ਿਪ ਵਿਚ ਸੀ.ਆਈ.ਐੱਸ.ਐੱਫ. ਦੇ ਅਧਿਕਾਰੀਆਂ ਤੇ ਕਰਮਚਾਰੀਆਂ ਲਈ ਰਿਹਾਇਸ਼ਾਂ ਤਿਆਰ ਕਰਵਾਉਣ ਦੀ ਕਾਰਵਾਈ ਰੋਕ ਦਿੱਤੀ ਹੈ। ਬੀ.ਬੀ.ਐੱਮ.ਬੀ. ਨੇ ਇਹ ਫੈਸਲਾ ਪੰਜਾਬ ਦੇ ਸਖ਼ਤ ਵਿਰੋਧ ਕਾਰਨ ਲਿਆ ਹੈ।

ਪਿਛਲੇ ਮਹੀਨੇ ਨੰਗਲ ਵਿਚ ਆਪਣੇ ਅਧਿਕਾਰੀਆਂ ਨੂੰ ਜਾਰੀ ਕੀਤੇ ਪੱਤਰ ਵਿਚ ਬੀ.ਬੀ.ਐੱਮ.ਬੀ. ਪ੍ਰਬੰਧਨ ਨੇ ਨੰਗਲ ਟਾਊਨਸ਼ਿਪ ਵਿਚ ਸੀ.ਆਈ.ਐੱਸ.ਐੱਫ. ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਦੇਣ ਲਈ ਘਰਾਂ ਦੀ ਨਿਸ਼ਾਨਦੇਹੀ ਕੀਤੀ ਸੀ। ਇਹ ਘਰ ਸੀ.ਸੀ., ਐੱਚ.ਐੱਚ., ਐੱਚ., ਜੀ.ਜੀ. ਅਤੇ ਡੀ.ਡੀ. ਬਲਾਕਾਂ ਵਿਚ ਸਨ। ਇਨ੍ਹਾਂ ਬਲਾਕਾਂ ਵਿਚ ਰਹਿ ਰਹੇ ਬੀ.ਬੀ.ਐੱਮ.ਬੀ. ਦੇ ਮੁਲਾਜ਼ਮਾਂ ਨੂੰ ਇਹ ਘਰ ਖਾਲੀ ਕਰਨ ਲਈ ਕਿਹਾ ਗਿਆ ਸੀ ਅਤੇ ਦੱਸਿਆ ਗਿਆ ਸੀ ਕਿ ਉਨ੍ਹਾਂ ਨੂੰ ਨੰਗਲ ਟਾਊਨਸ਼ਿਪ ਦੇ

■ **ਪੰਜਾਬ ਸਰਕਾਰ ਦੇ ਸਖਤ ਵਿਰੋਧ ਕਾਰਨ ਲਿਆ ਫੈਸਲਾ**

■ **ਬੀ.ਬੀ.ਐੱਮ.ਬੀ. ਨੂੰ ਪੰਜਾਬ ਵੱਲੋਂ ਬਜਟ 'ਚ ਬਣਦਾ ਹਿੱਸਾ ਨਾ ਪਾਉਣ ਦਾ ਡਰ**



ਹੋਰ ਹਿੱਸਿਆਂ ਵਿਚ ਰਿਹਾਇਸ਼ ਅਲਾਟ ਕੀਤੀ ਜਾਵੇਗੀ। ਨੰਗਲ ਵਿਚਲੇ ਬੀ.ਬੀ.ਐੱਮ.ਬੀ. ਪ੍ਰਬੰਧਨ ਨੂੰ ਸੀ.ਆਈ.ਐੱਸ.ਐੱਫ. ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਦਿੱਤੇ ਜਾਣ ਵਾਲੇ ਘਰਾਂ ਦੀ ਮੁਰੰਮਤ ਅਤੇ ਰੱਖ-ਰਖਾਓ ਲਈ ਟੈਂਡਰ ਜਾਰੀ ਕਰਨ ਲਈ ਵੀ ਕਿਹਾ ਗਿਆ ਸੀ। ਬੀ.ਬੀ.ਐੱਮ.ਬੀ. ਦੇ ਅਧਿਕਾਰੀਆਂ ਨੂੰ ਨੰਗਲ ਟਾਊਨਸ਼ਿਪ ਵਿਚ ਸੀ.ਆਈ.ਐੱਸ.ਐੱਫ. ਦੇ 142 ਅਧਿਕਾਰੀਆਂ ਤੇ ਕਰਮਚਾਰੀਆਂ ਲਈ ਪਰਿਵਾਰਕ ਰਿਹਾਇਸ਼ਾਂ ਦੇਣ ਦਾ ਨਿਰਦੇਸ਼ ਦਿੱਤਾ ਗਿਆ ਸੀ, ਜਿਨ੍ਹਾਂ ਵਿਚ ਇੱਕ ਕਮਾਂਡੈਂਟ, ਦੋ ਸਹਾਇਕ ਕਮਾਂਡੈਂਟ, ਤਿੰਨ ਇੰਸਪੈਕਟਰ, ਅੱਠ ਸਬ-ਇੰਸਪੈਕਟਰ, 20 ਸਹਾਇਕ ਸਬ-ਇੰਸਪੈਕਟਰ, 35 ਹੈੱਡ ਕਾਂਸਟੇਬਲ ਅਤੇ 73 ਕਾਂਸਟੇਬਲ ਸ਼ਾਮਲ ਸਨ। ਬਾਕੀ ਸੀ.ਆਈ.ਐੱਸ.ਐੱਫ. ਕਰਮਚਾਰੀਆਂ ਦੀ ਬੀ.ਬੀ.ਐੱਮ.ਬੀ. ਦੀ ਤਲਵਾੜਾ ਟਾਊਨਸ਼ਿਪ ਵਿਚ ਤਾਇਨਾਤੀ ਕੀਤੀ ਜਾਵੇਗੀ। ਹਾਲਾਂਕਿ, ਸੂਤਰਾਂ ਨੇ ਦੱਸਿਆ ਕਿ ਸੀ.ਆਈ.ਐੱਸ.ਐੱਫ. ਨੂੰ ਰਿਹਾਇਸ਼ਾਂ ਅਲਾਟ ਕਰਨ ਸਬੰਧੀ ਕਦਮ ਨੂੰ ਹੁਣ ਰੋਕ ਦਿੱਤਾ ਗਿਆ ਹੈ। ਇਸ ਦੌਰਾਨ, ਬੋਰਡ ਦੇ ਹੋਰ ਭਾਈਵਾਲ ਸੂਬਿਆਂ ਹਰਿਆਣਾ ਅਤੇ ਰਾਜਸਥਾਨ ਨੇ ਸੀ.ਆਈ.ਐੱਸ.ਐੱਫ. ਦੇ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਤਾਇਨਾਤੀ ਦਾ ਸਮਰਥਨ ਕੀਤਾ ਹੈ। ਉੱਚ ਪੱਧਰੀ ਸੂਤਰਾਂ ਨੇ ਦੱਸਿਆ ਕਿ 4 ਜੁਲਾਈ ਨੂੰ ਹੋਈ ਬੀ.ਬੀ.ਐੱਮ.ਬੀ. ਦੀ ਪੂਰੀ ਬੋਰਡ ਮੀਟਿੰਗ ਵਿਚ ਜਿੱਥੇ ਪੰਜਾਬ ਨੇ ਬੀ.ਬੀ.ਐੱਮ.ਬੀ. ਵਿਚ ਸੀ.ਆਈ.ਐੱਸ.ਐੱਫ. ਦੀ ਤਾਇਨਾਤੀ 'ਤੇ ਇਤਰਾਜ਼ ਦਾਇਰ ਕੀਤਾ ਸੀ, ਉੱਥੇ ਹੀ ਹੋਰ ਭਾਈਵਾਲ ਸੂਬਿਆਂ ਹਰਿਆਣਾ ਅਤੇ ਰਾਜਸਥਾਨ ਨੇ ਇਸ ਕਦਮ ਦਾ ਸਮਰਥਨ ਕੀਤਾ ਸੀ। ਸੂਤਰਾਂ ਨੇ ਦੱਸਿਆ ਕਿ ਬੀ.ਬੀ.ਐੱਮ.ਬੀ. ਨੇ ਇਸ ਮਾਮਲੇ 'ਤੇ ਅੰਤਿਮ ਫੈਸਲਾ ਲੈਣਾ ਹੈ।

# ਰਮਨ ਅਰੋੜਾ ਦੀ ਰੈਗੂਲਰ ਜ਼ਮਾਨਤ ਅਰਜ਼ੀ ਅਦਾਲਤ ਵੱਲੋਂ ਰੱਦ

**ਜਲੰਧਰ, (ਪੰਜਾਬ ਮੇਲ)-** ਭ੍ਰਿਸ਼ਟਾਚਾਰ ਦੇ ਮਾਮਲੇ 'ਚ ਗ੍ਰਿਫਤਾਰ ਕੀਤੇ ਗਏ ਵਿਧਾਇਕ ਰਮਨ ਅਰੋੜਾ, ਨਗਰ ਨਿਗਮ ਇੰਸਪੈਕਟਰ ਹਰਪ੍ਰੀਤ ਕੌਰ, ਰਮਨ ਅਰੋੜਾ ਦੇ ਕੁੜਮ ਰਾਜ ਕੁਮਾਰ ਮਦਾਨ ਦੀਆਂ ਮੁਸ਼ਕਲਾਂ ਵਧ ਗਈਆਂ ਹਨ।



ਐਡੀਸ਼ਨਲ ਸੈਸ਼ਨ ਜੱਜ ਜਸਵਿੰਦਰ ਸਿੰਘ ਦੀ ਅਦਾਲਤ ਵਲੋਂ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਮਈ ਮਹੀਨੇ ਵਿਜੀਲੈਂਸ ਵੱਲੋਂ ਗ੍ਰਿਫਤਾਰ ਕੀਤੇ ਗਏ ਜਲੰਧਰ ਕੇਂਦਰੀ ਹਲਕੇ ਦੇ ਵਿਧਾਇਕ ਰਮਨ ਅਰੋੜਾ ਅਤੇ ਨਗਰ ਨਿਗਮ ਦੀ ਇੰਸਪੈਕਟਰ ਹਰਪ੍ਰੀਤ ਕੌਰ ਜੋ ਕਿ ਇਸ ਸਮੇਂ ਜੁਡੀਸ਼ੀਅਲ ਹਿਰਾਸਤ ਵਿਚ ਹਨ, ਦੋਵਾਂ ਦੀ ਰੈਗੂਲਰ ਜ਼ਮਾਨਤ ਅਤੇ ਰਮਨ ਅਰੋੜਾ ਦੇ ਕੁੜਮ ਰਾਜ ਕੁਮਾਰ ਮਦਾਨ ਜਿਸ ਨੇ ਆਪਣੇ ਵਕੀਲ ਦੇ ਰਾਹੀਂ ਪੇਸ਼ਗੀ ਜ਼ਮਾਨਤ ਦੀ ਅਰਜ਼ੀ ਲਗਾਈ ਸੀ। ਇਸ ਉੱਤੇ ਫੈਸਲਾ ਸੁਣਾਉਂਦਿਆਂ ਅਦਾਲਤ ਨੇ ਇਨ੍ਹਾਂ ਸਾਰਿਆਂ ਦੀਆਂ ਜ਼ਮਾਨਤ ਅਰਜ਼ੀਆਂ ਰੱਦ ਕੀਤੇ ਜਾਣ ਦਾ ਹੁਕਮ ਸੁਣਾਇਆ ਹੈ। ਇਸ ਮਾਮਲੇ ਵਿਚ ਉਕਤ ਸਾਰਿਆਂ ਦੇ ਵਿਰੁੱਧ 14 ਮਈ 2025 ਨੂੰ ਵਿਜੀਲੈਂਸ ਬਿਊਰੋ ਵਲੋਂ ਭ੍ਰਿਸ਼ਟਾਚਾਰ ਦਾ ਮਾਮਲਾ ਦਰਜ ਕੀਤਾ ਗਿਆ ਸੀ।

# ਵਿਜੀਲੈਂਸ ਵੱਲੋਂ ਰਮਨ ਅਰੋੜਾ ਦੇ ਪੁੱਤਰ ਤੇ ਕੁੜਮ ਦੀ ਗ੍ਰਿਫ਼ਤਾਰੀ ਲਈ ਲੁਕਆਊਟ ਸਰਕੁਲਰ ਜਾਰੀ

**ਜਲੰਧਰ, (ਪੰਜਾਬ ਮੇਲ)-** ਭ੍ਰਿਸ਼ਟਾਚਾਰ ਦੇ ਮਾਮਲੇ 'ਚ ਘਿਰੇ ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕ ਰਮਨ ਅਰੋੜਾ ਦੇ ਫ਼ਰਾਰ ਪੁੱਤਰ ਰਾਜਨ ਅਰੋੜਾ ਤੇ ਕੁੜਮ ਰਾਜੂ ਮਦਾਨ ਦੀ ਗ੍ਰਿਫ਼ਤਾਰੀ ਲਈ ਵਿਜੀਲੈਂਸ ਨੇ ਲੁਕਆਊਟ ਸਰਕੁਲਰ (ਐੱਲ.ਓ.ਸੀ.) ਜਾਰੀ ਕੀਤਾ ਹੈ। ਰਮਨ ਅਰੋੜਾ ਤੇ ਉਨ੍ਹਾਂ ਦੇ ਕੁੜਮ ਰਾਜੂ ਮਦਾਨ ਦੀ ਜ਼ਮਾਨਤ ਪਟੀਸ਼ਨ ਬੀਤੇ ਦਿਨੀਂ ਅਦਾਲਤ ਵਿਚ ਰੱਦ ਹੋਣ ਤੋਂ ਬਾਅਦ ਵਿਜੀਲੈਂਸ ਹੁਣ ਫ਼ਰਾਰ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਛਾਪੇ ਮਾਰ ਰਹੀ ਹੈ। ਵਿਜੀਲੈਂਸ ਦੀ ਜਾਂਚ 'ਚ ਸਾਹਮਣੇ ਆਇਆ ਹੈ ਕਿ ਦੋਵੇਂ ਦੁਬਈ ਵਿਚ ਲੁਕੇ ਹੋਏ ਹਨ, ਜਿੱਥੇ ਜਲੰਧਰ ਦਾ ਇਕ ਵੱਡਾ ਸੱਟੇਬਾਜ਼ ਉਨ੍ਹਾਂ ਦੀ ਮਦਦ ਕਰ ਰਿਹਾ ਹੈ। ਵਿਜੀਲੈਂਸ ਟੀਮ ਹੁਣ ਸੱਟੇਬਾਜ਼ ਦੀ ਭੂਮਿਕਾ ਦੀ ਵੀ ਜਾਂਚ ਕਰ ਰਹੀ ਹੈ ਤੇ ਉਸ ਦੇ ਖ਼ਿਲਾਫ਼ ਵੀ ਮਾਮਲਾ ਦਰਜ ਕੀਤਾ ਜਾ ਸਕਦਾ ਹੈ। ਦੁਬਈ 'ਚ ਹੋਣ ਦੀ ਪੁਸ਼ਟੀ ਹੋਣ ਤੋਂ ਬਾਅਦ ਇੰਟਰਪੋਲ ਦੀ ਮਦਦ ਨਾਲ ਵਿਧਾਇਕ ਦੇ ਪੁੱਤਰ ਤੇ ਕੁੜਮ ਨੂੰ ਭਾਰਤ ਲਿਆਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਅਧਿਕਾਰੀਆਂ ਮੁਤਾਬਕ, ਇਹ ਮਾਮਲਾ ਆਰਥਿਕ ਅਪਰਾਧਾਂ, ਮਨੀ ਲਾਂਡਰਿੰਗ ਤੇ ਹਾਈ ਪ੍ਰੋਫਾਈਲ ਨੈੱਟਵਰਕ ਨਾਲ ਜੁੜਿਆ ਹੋ ਸਕਦਾ ਹੈ। ਉੱਧਰ, ਵਿਧਾਇਕ ਰਮਨ ਅਰੋੜਾ ਜ਼ਮਾਨਤ ਲੈਣ ਲਈ ਹੁਣ ਹਾਈ ਕੋਰਟ ਦੀ ਪਨਾਹ ਲੈ ਸਕਦੇ ਹਨ। ਵਿਧਾਇਕ ਤੇ ਉਨ੍ਹਾਂ ਦੇ ਕੁੜਮ ਦੀ ਜ਼ਮਾਨਤ ਪਟੀਸ਼ਨ ਰੱਦ ਹੋਣ ਤੋਂ ਬਾਅਦ ਸਿਆਸੀ ਗਲਿਆਰਿਆਂ 'ਚ ਅਰੋੜਾ ਦੇ ਅਸਤੀਫ਼ੇ ਦੀ ਚਰਚਾ ਸ਼ੁਰੂ ਹੋ ਗਈ ਹੈ।

■ **ਵਿਜੀਲੈਂਸ ਨੂੰ ਫ਼ਰਾਰ ਮੁਲਜ਼ਮਾਂ ਦੇ ਦੁਬਈ 'ਚ ਲੁਕੇ ਹੋਣ ਦਾ ਖਦਸ਼ਾ**

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਗੁਰਪਤਵੰਤ ਪਨੂੰ ਵੱਲੋਂ ਕਪਿਲ ਸ਼ਰਮਾ ਨੂੰ ਕੈਨੇਡਾ ਤੋਂ ਆਪਣਾ ਕਾਰੋਬਾਰ ਹਟਾਉਣ ਦੀ ਚੇਤਾਵਨੀ

**ਸਰੀ, (ਪੰਜਾਬ ਮੇਲ)-** ਭਾਰਤੀ ਕਾਮੇਡੀਅਨ ਕਪਿਲ ਸ਼ਰਮਾ ਇੱਕ ਵਾਰ ਫਿਰ ਚਰਚਾ ਵਿਚ ਹਨ, ਪਰ ਇਸ ਵਾਰ ਇਹ ਮਾਮਲਾ ਕਿਸੇ ਮਜ਼ਾਕ ਜਾਂ ਸ਼ੋਅ ਨਾਲ ਸਬੰਧਤ ਨਹੀਂ ਹੈ, ਸਗੋਂ ਉਨ੍ਹਾਂ ਦੀ ਜਾਨ ਅਤੇ ਸੰਪਤੀ ਨੂੰ ਸਿੱਧੇ ਤੌਰ 'ਤੇ ਗੰਭੀਰ ਧਮਕੀ ਦਿੱਤੀ ਗਈ ਹੈ। ਕੈਨੇਡਾ ਦੇ ਸਰੀ ਸ਼ਹਿਰ ਵਿਚ ਉਨ੍ਹਾਂ ਦੇ ਕੈਫੇ ਕੈਪਸ ਕੈਫੇ ਵਿਚ ਗੋਲੀਬਾਰੀ ਕੀਤੀ ਗਈ ਸੀ ਅਤੇ ਹੁਣ ਖਾਲਿਸਤਾਨੀ ਵੱਖਵਾਦੀ ਜਥੇਬੰਦੀ ਸਿੱਖਸ ਫਾਰ ਜਸਟਿਸ (ਐੱਸ.ਐੱਫ.ਜੇ.) ਨੇ ਇੱਕ ਧਮਕੀ ਭਰਿਆ ਵੀਡੀਓ ਜਾਰੀ ਕੀਤਾ ਹੈ ਅਤੇ ਉਨ੍ਹਾਂ ਨੂੰ ਕੈਨੇਡਾ ਤੋਂ ਆਪਣਾ ਕਾਰੋਬਾਰ ਹਟਾਉਣ ਦੀ ਚੇਤਾਵਨੀ ਦਿੱਤੀ ਹੈ।




ਬੀਤੇ ਹਫਤੇ ਬੁੱਧਵਾਰ ਨੂੰ ਕਪਿਲ ਸ਼ਰਮਾ ਦੇ ਰੈਸਟੋਰੈਂਟ ਵਿਚ ਹੋਈ ਗੋਲੀਬਾਰੀ ਦੀ ਜ਼ਿੰਮੇਵਾਰੀ ਬੱਬਰ ਖਾਲਸਾ ਨਾਲ ਸੰਬੰਧਤ ਵੱਖਵਾਦੀ ਹਰਜੀਤ ਸਿੰਘ ਲਾਡੀ ਨੇ ਲਈ ਹੈ, ਜੋ ਇਸ ਸਮੇਂ ਜਰਮਨੀ ਵਿਚ ਰਹਿ ਰਿਹਾ ਹੈ। ਇਹ ਉਹੀ ਲਾਡੀ ਹੈ, ਜੋ ਭਾਰਤ ਦੀ ਐੱਨ.ਆਈ.ਏ. ਦੀ ਮੋਸਟ ਵਾਂਟੇਡ ਸੂਚੀ ਵਿਚ ਸ਼ਾਮਲ ਹੈ ਅਤੇ ਉਸਨੂੰ ਭਗੌੜਾ ਐਲਾਨਿਆ ਗਿਆ ਹੈ। ਗੋਲੀਬਾਰੀ ਤੋਂ ਤੁਰੰਤ ਬਾਅਦ, ਐੱਸ.ਐੱਫ.ਜੇ. ਮੁਖੀ ਗੁਰਪਤਵੰਤ ਸਿੰਘ ਪੰਨੂ ਨੇ ਹੁਣ ਇੱਕ ਵੀਡੀਓ ਸੰਦੇਸ਼ ਜਾਰੀ ਕੀਤਾ ਹੈ, ਜਿਸ ਵਿੱਚ ਕਪਿਲ ਸ਼ਰਮਾ ਨੂੰ ਸਿੱਧਾ ਨਿਸ਼ਾਨਾ ਬਣਾਇਆ ਗਿਆ ਹੈ ਅਤੇ ਉਨ੍ਹਾਂ ਨੂੰ ਕਿਹਾ ਗਿਆ ਹੈ ਕਿ "ਕੈਨੇਡਾ ਤੁਹਾਡਾ ਖੇਡ ਦਾ ਮੈਦਾਨ ਨਹੀਂ ਹੈ" ਅਤੇ ਉਨ੍ਹਾਂ ਨੂੰ ਆਪਣੇ "ਹਿੰਦੂਤਵ ਵਿਚਾਰਧਾਰਾ ਵਾਲੇ ਨਿਵੇਸ਼" ਨੂੰ ਵਾਪਸ ਭਾਰਤ ਲਿਜਾਣਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ ਕਪਿਲ ਸ਼ਰਮਾ ਨੇ ਹਾਲ ਹੀ ਵਿਚ ਕੈਨੇਡਾ ਦੇ ਸਰੀ ਸ਼ਹਿਰ ਵਿਚ ਕੈਪਸ ਕੈਫੇ ਖੋਲ੍ਹਿਆ ਸੀ। ਬੀਤੇ ਹਫਤੇ ਬੁੱਧਵਾਰ ਨੂੰ ਅਣਪਛਾਤੇ ਹਮਲਾਵਰਾਂ ਨੇ ਇਸ ਕੈਫੇ 'ਤੇ ਗੋਲੀਬਾਰੀ ਕੀਤੀ, ਜਿਸ ਨਾਲ ਇਲਾਕੇ ਵਿਚ ਦਹਿਸ਼ਤ ਫੈਲ ਗਈ। ਇਸ ਹਮਲੇ ਦੀ ਜ਼ਿੰਮੇਵਾਰੀ ਵੱਖਵਾਦੀ ਹਰਜੀਤ ਸਿੰਘ ਲਾਡੀ ਨੇ ਲਈ, ਜੋ ਕਿ ਭਾਰਤ ਦੀ ਐੱਨ.ਆਈ.ਏ. (ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ) ਵੱਲੋਂ "ਮੋਸਟ ਵਾਂਟੇਡ ਟੇਰੇਰਿਸਟ" ਦੀ ਸੂਚੀ 'ਚ ਸ਼ਾਮਲ ਹੈ। ਘਟਨਾ ਤੋਂ ਬਾਅਦ, ਭਾਰਤ ਵਿਚ ਵੀ ਹਲਚਲ ਮਚ ਗਈ ਹੈ। ਮੁੰਬਈ ਪੁਲਿਸ ਨੇ ਸ਼ੁੱਕਰਵਾਰ ਨੂੰ ਓਸ਼ੀਵਾਰਾ ਵਿਚ ਉਸ ਇਮਾਰਤ ਦਾ ਦੌਰਾ ਕੀਤਾ, ਜਿੱਥੇ ਕਪਿਲ ਸ਼ਰਮਾ ਰਹਿੰਦੇ ਹਨ। ਹਾਲਾਂਕਿ, ਅਧਿਕਾਰੀਆਂ ਨੇ ਸਪੱਸ਼ਟ ਕੀਤਾ ਕਿ ਇਹ ਦੌਰਾ ਸਿਰਫ ਪਤੇ ਦੀ ਪੁਸ਼ਟੀ ਕਰਨ ਲਈ ਕੀਤਾ ਗਿਆ ਸੀ। ਕਪਿਲ ਸ਼ਰਮਾ ਤੋਂ ਨਾ ਤਾਂ ਕੋਈ ਬਿਆਨ ਲਿਆ ਗਿਆ ਹੈ ਅਤੇ ਨਾ ਹੀ ਉਨ੍ਹਾਂ ਦੀ ਸੁਰੱਖਿਆ ਵਿਚ ਕੋਈ ਬਦਲਾਅ ਕੀਤਾ ਗਿਆ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

## ਪੰਜਾਬ 'ਚ ਅੱਤਵਾਦੀ ਹਮਲਿਆਂ ਲਈ ਲੋੜੀਂਦਾ ਹੈਪੀ ਪਾਸੀਆ ਭਾਰਤ ਹਵਾਲੇ

**ਸੈਕਰਾਮੈਂਟੋ, (ਪੰਜਾਬ ਮੇਲ)-** ਪੰਜਾਬ 'ਚ ਘੱਟੋ-ਘੱਟ 16 ਅੱਤਵਾਦੀ ਹਮਲਿਆਂ 'ਚ ਲੋੜੀਂਦੇ ਹਰਪ੍ਰੀਤ ਸਿੰਘ ਉਰਫ ਹੈਪੀ ਪਾਸੀਆ ਨੂੰ ਅਮਰੀਕੀ ਏਜੰਸੀ ਐੱਫ.ਬੀ.ਆਈ. ਨੇ ਭਾਰਤ ਹਵਾਲੇ ਕਰ ਦਿੱਤਾ ਹੈ ਤੇ ਉਸ ਨੂੰ ਛੇਤੀ ਭਾਰਤ ਲਿਆਂਦਾ ਜਾਵੇਗਾ। ਮੀਡੀਆ ਰਿਪੋਰਟਾਂ ਅਨੁਸਾਰ ਸਮੁੱਚੇ ਭਾਰਤ 'ਚ ਹੈਪੀ ਪਾਸੀਆ ਵਿਰੁੱਧ 30 ਅਪਰਾਧਿਕ ਮਾਮਲੇ ਦਰਜ ਹਨ।

ਅੰਮ੍ਰਿਤਸਰ ਦੇ ਰਹਿਣ ਵਾਲੇ ਹੈਪੀ ਪਾਸੀਆ ਨੂੰ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ ਤੇ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ਆਈ.ਸੀ.ਈ.) ਨੇ 18 ਅਪ੍ਰੈਲ ਨੂੰ ਗ੍ਰਿਫਤਾਰ ਕੀਤਾ ਸੀ। ਉਸ ਨੂੰ ਆਈ.ਸੀ.ਈ. ਦੀ ਹਿਰਾਸਤ 'ਚ ਰੱਖਿਆ ਗਿਆ ਸੀ। ਭਾਰਤੀ ਜਾਂਚ ਏਜੰਸੀ ਐੱਨ.ਆਈ.ਏ. ਪਿਛਲੇ ਸਮੇਂ ਤੋਂ ਹੈਪੀ ਪਾਸੀਆ ਨੂੰ ਭਾਰਤ ਲਿਆਉਣ ਦੀਆਂ ਕੋਸ਼ਿਸ਼ਾਂ ਕਰ ਰਹੀ ਸੀ। ਜਨਵਰੀ 'ਚ ਉਸ ਉਪਰ 5 ਲੱਖ ਰੁਪਏ ਦਾ ਇਨਾਮ ਵੀ ਐਲਾਨਿਆ ਗਿਆ ਸੀ। ਐੱਨ.ਆਈ.ਏ. ਅਨੁਸਾਰ ਪਿਛਲੇ ਸਾਲ ਅਕਤੂਬਰ 'ਚ ਚੰਡੀਗੜ੍ਹ ਦੇ ਇਕ ਘਰ ਉਪਰ ਹੋਏ ਹਮਲੇ ਵਿਚ ਵੀ ਹੈਪੀ ਪਾਸੀਆ ਸ਼ਾਮਲ ਸੀ। ਜਾਂਚ ਏਜੰਸੀ ਅਨੁਸਾਰ ਸਰਹੱਦ ਪਾਰ ਅੱਤਵਾਦੀ ਨੈੱਟਵਰਕ ਨਾਲ ਪਾਸੀਆ ਦੇ ਗੂੜ੍ਹੇ ਸੰਬੰਧ ਹਨ ਤੇ ਕਥਿਤ ਤੌਰ 'ਤੇ ਉਹ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈ.ਐੱਸ.ਆਈ. ਤੇ ਪਾਬੰਦੀਸ਼ੁਦਾ ਬੱਬਰ ਖਾਲਸਾ ਇੰਟਰਨੈਸ਼ਨਲ ਨਾਲ ਵੀ ਜੁੜਿਆ ਹੋਇਆ ਹੈ।

# ਪੀਲ ਪੁਲਿਸ ਵੱਲੋਂ ਲੁੱਟ-ਖੋਹ ਕਰਨ ਵਾਲੇ ਗਿਰੋਹ ਦੇ ਪੰਜ ਮੈਂਬਰ ਕਾਬੂ



ਗਿਰੋਹ ਦਾ ਸਰਗਣਾ ਪ੍ਰੀਤਪਾਲ ਕੁਨਰ ਅਤੇ ਫੜੇ ਗਏ ਅਭਿਜੋਤ ਸਿੰਘ, ਹਰਦਿਲ ਸਿੰਘ ਮਹਿਰੋਕ ਤੇ ਰਿਧਮਪ੍ਰੀਤ ਸਿੰਘ ਦੀਆਂ ਪੁਲਿਸ ਵਲੋਂ ਜਾਰੀ ਫੋਟੋਆਂ।

**ਵੈਨਕੂਵਰ, (ਪੰਜਾਬ ਮੇਲ)-** ਪੀਲ ਪੁਲਿਸ ਦੀ ਵਿਸ਼ੇਸ਼ ਟੀਮ ਨੇ ਸੋਸ਼ਲ ਮੀਡੀਆ 'ਤੇ ਸਾਂਝ ਬਣਾਉਣ ਤੋਂ ਬਾਅਦ ਸੁੰਨਸਾਨ ਥਾਂ 'ਤੇ ਸੱਦ ਕੇ ਹਥਿਆਰਾਂ ਦੀ ਨੋਕ 'ਤੇ ਲੁੱਟ-ਖੋਹ ਕਰਨ ਤੇ ਫਿਰੌਤੀ ਮੰਗਣ ਵਾਲੇ ਗਿਰੋਹ ਦੇ ਪੰਜ ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਵਿਚ ਦੋ ਨਾਬਾਲਗ ਵੀ ਸ਼ਾਮਲ ਹਨ। ਗਿਰੋਹ ਦੇ ਸਰਗਣੇ ਦੀ ਭਾਲ ਜਾਰੀ ਹੈ।

ਵੱਖ-ਵੱਖ ਦੋਸ਼ਾਂ ਅਧੀਨ ਹਿਰਾਸਤ ਵਿਚ ਲਏ ਮੁਲਜ਼ਮਾਂ ਦੀ ਪਛਾਣ ਹਰਦਿਲ ਸਿੰਘ ਮਹਿਰੋਕ, ਰਿਧਮਪ੍ਰੀਤ ਸਿੰਘ ਤੇ ਅਭਿਜੋਤ ਸਿੰਘ ਵਜੋਂ ਕੀਤੀ ਗਈ ਹੈ, ਜਦਕਿ ਗਿਰੋਹ ਦੇ ਸਰਗਨੇ ਪ੍ਰੀਤਪਾਲ ਕੁਨਰ ਦੀ ਭਾਲ ਕੀਤੀ ਜਾ ਰਹੀ ਹੈ। ਨਾਬਾਲਗਾਂ ਦੀ ਪਛਾਣ ਜਨਤਕ ਕੀਤੇ ਜਾਣ 'ਤੇ ਪਾਬੰਦੀ ਹੈ।

ਪੁਲਿਸ ਬੁਲਾਰੇ ਨੇ ਦੱਸਿਆ ਕਿ ਇਹ ਲੋਕ ਆਪਣੇ ਭਾਈਚਾਰੇ ਦੇ ਲੋਕਾਂ ਨਾਲ ਪਹਿਲਾਂ ਸੋਸ਼ਲ ਮੀਡੀਆ 'ਤੇ ਸਾਂਝ ਪਾਉਂਦੇ ਸਨ ਤੇ ਮਗਰੋਂ ਉਨ੍ਹਾਂ ਨੂੰ ਸਬਜ਼ਬਾਗ ਵਿਖਾ ਕੇ ਕਿਸੇ ਇਕਾਂਤ ਥਾਂ 'ਤੇ ਸੱਦ ਕੇ ਹਥਿਆਰਾਂ ਦੀ ਨੋਕ 'ਤੇ ਲੁੱਟ-ਖੋਹ ਕਰਦੇ ਸਨ। ਅਪ੍ਰੈਲ ਤੇ ਮਈ ਮਹੀਨੇ ਦੌਰਾਨ ਇਸ ਗਿਰੋਹ ਵੱਲੋਂ ਅਜਿਹੀਆਂ ਕਈ ਘਟਨਾਵਾਂ ਨੂੰ ਅੰਜਾਮ ਦਿੱਤਾ ਗਿਆ। ਪੁਲਿਸ ਨੇ ਇਨ੍ਹਾਂ ਨੂੰ ਫੜਨ ਲਈ ਵਿਸ਼ੇਸ਼ ਟੀਮ ਬਣਾਈ ਸੀ। ਗਿਰੋਹ ਦੇ ਸਰਗਣੇ ਦੀ ਭਾਲ ਅਜੇ ਜਾਰੀ ਹੈ। ਪੁਲਿਸ ਨੇ ਗਿਰੋਹ ਦਾ ਸ਼ਿਕਾਰ ਬਣੇ ਲੋਕਾਂ ਨੂੰ ਅੱਗੇ ਆਉਣ ਦੀ ਅਪੀਲ ਕੀਤੀ ਹੈ।

**ਮੁਲਜ਼ਮਾਂ 'ਚ ਦੋ ਨਾਬਾਲਗ ਵੀ ਸ਼ਾਮਲ; ਪੁਲਿਸ ਵੱਲੋਂ ਹੋਰ ਪੀੜਤਾਂ ਨੂੰ ਸਾਹਮਣੇ ਆਉਣ ਦੀ ਅਪੀਲ**

# ਸਾਬਕਾ ਬ੍ਰਿਟਿਸ਼ ਪੀ.ਐੱਮ. ਰਿਸ਼ੀ ਸੁਨਕ ਬੈਂਕਿੰਗ ਜਗਤ 'ਚ ਪਰਤੇ

**ਲੰਡਨ, (ਪੰਜਾਬ ਮੇਲ)-** ਸਾਬਕਾ ਬ੍ਰਿਟਿਸ਼ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਗੋਲਡਮੈਨ ਸੈਚਸ ਗਰੁੱਪ 'ਚ ਸੀਨੀਅਰ ਐਡਵਾਈਜ਼ਰ ਦੇ ਤੌਰ 'ਤੇ ਨਵੀਂ ਭੂਮਿਕਾ ਸੰਭਾਲੀ ਹੈ। ਉਹ ਆਪਣੀ ਕਮਾਈ ਨੂੰ ਸਿੱਖਿਆ ਚੈਰਿਟੀ ਨੂੰ ਦਾਨ ਕਰਨ ਦੀ ਯੋਜਨਾ ਬਣਾ ਰਹੇ ਹਨ, ਜਿਸ ਨੂੰ ਹਾਲ ਹੀ ਵਿਚ ਆਪਣੀ ਪਤਨੀ ਅਕਸ਼ਤਾ ਮੂਰਤੀ ਨਾਲ ਸਥਾਪਤ ਕੀਤਾ ਸੀ।



ਸਿਆਸਤ 'ਚ ਆਉਣ ਤੋਂ ਪਹਿਲਾਂ ਸੁਨਕ ਨੇ ਅਮਰੀਕਾ ਸਥਿਤ ਬਹੁਰਾਸ਼ਟਰੀ ਨਿਵੇਸ਼ ਬੈਂਕ 'ਚ ਕੰਮ ਕੀਤਾ ਸੀ। ਬੈਂਕ ਵੱਲੋਂ ਇਹ ਐਲਾਨ ਪਿਛਲੇ ਸਾਲ ਚਾਰ ਜੁਲਾਈ ਨੂੰ ਆਮ ਚੋਣਾਂ 'ਚ ਹਾਰ ਤੋਂ ਬਾਅਦ ਉਨ੍ਹਾਂ ਦੇ ਮੰਤਰੀ ਦੇ ਅਹੁਦੇ ਦਾ ਕਾਰਜਕਾਲ ਖ਼ਤਮ ਹੋਣ ਤੋਂ ਬਾਅਦ ਜ਼ਰੂਰੀ 12 ਮਹੀਨੇ ਦੀ ਮਿਆਦ ਬੀਤ ਜਾਣ ਤੋਂ ਬਾਅਦ ਕੀਤਾ ਗਿਆ ਹੈ।

**ਤਨਖਾਹ ਕਰਨਗੇ ਦਾਨ**

ਬ੍ਰਿਟਿਸ਼ ਐਡਵਾਈਜ਼ਰੀ ਕਮੇਟੀ ਆਨ ਬਿਜ਼ਨੈੱਸ ਅਪਾਇੰਟਮੈਂਟਸ ਨੇ ਸੁਨਕ ਦੀ ਨਿਯੁਕਤੀ ਨੂੰ ਕੁਝ ਸ਼ਰਤਾਂ ਨਾਲ ਮਨਜ਼ੂਰੀ ਦਿੱਤੀ ਹੈ। ਇਸਦਾ ਮੰਤਵ ਸਰਕਾਰ ਦੇ ਲਈ ਸੰਭਾਵੀ ਖ਼ਤਰਿਆਂ ਨੂੰ ਘੱਟ ਕਰਨਾ ਹੈ, ਜੋ ਸੁਨਕ ਦੇ ਸਾਬਕਾ ਪੀ.ਐੱਮ. ਦੇ ਤੌਰ 'ਤੇ ਵਿਸ਼ੇਸ਼ ਜਾਣਕਾਰੀ ਤੱਕ ਪਹੁੰਚ ਨਾਲ ਸਬੰਧਤ ਹੈ। ਇਸ ਵਿਚ ਇਹ ਵੀ ਕਿਹਾ ਗਿਆ ਹੈ ਕਿ ਉਨ੍ਹਾਂ ਦੀ ਨਵੀਂ ਨੌਕਰੀ ਨਾਲ ਮਿਲਣ ਵਾਲੀ ਤਨਖਾਹ ਰਿਚਮੰਡ ਪ੍ਰੋਜੈਕਟ 'ਚ ਜਾਵੇਗੀ। ਇਸ਼ ਦਾ ਮੰਤਵ ਬੱਚਿਆਂ ਤੇ ਨੌਜਵਾਨਾਂ 'ਚ ਗਣਿਤ ਤੇ ਸੰਖਿਆਤਮਕ ਹੁਨਰ ਨੂੰ ਸੁਧਾਰਨਾ ਹੈ।

# ਨਾਸਾ ਵੱਲੋਂ ਆਪਣੇ ਲਗਭਗ 2145 ਕਰਮਚਾਰੀਆਂ ਨੂੰ ਬਾਹਰ ਦਾ ਰਸਤਾ ਦਿਖਾਉਣ ਦੀ ਤਿਆਰੀ!

**ਨਵੀਂ ਦਿੱਲੀ, (ਪੰਜਾਬ ਮੇਲ)-** ਅਮਰੀਕੀ ਪੁਲਾੜ ਏਜੰਸੀ ਨਾਸਾ ਇਨ੍ਹੀਂ ਦਿਨੀਂ ਇਕ ਵੱਡੇ ਬਦਲਾਅ ਵਿਚੋਂ ਲੰਘ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਨਾਸਾ ਆਪਣੇ ਲਗਭਗ 2145 ਕਰਮਚਾਰੀਆਂ ਨੂੰ ਬਾਹਰ ਦਾ ਰਸਤਾ ਦਿਖਾਉਣ ਦੀ ਤਿਆਰੀ ਕਰ ਰਿਹਾ ਹੈ।

ਅਮਰੀਕੀ ਮੀਡੀਆ ਆਊਟਲੈਟ ਪੋਲੀਟੀਕੋ ਨੇ ਇਸ ਬਾਰੇ ਜਾਣਕਾਰੀ ਦਿੱਤੀ ਹੈ। ਦੱਸਿਆ ਗਿਆ ਹੈ ਕਿ ਕਰਮਚਾਰੀਆਂ ਦੇ ਬਜਟ ਵਿਚ ਕਟੌਤੀ ਕਰਨ ਅਤੇ ਏਜੰਸੀ ਦੇ ਕੰਮ ਨੂੰ ਵਧੇਰੇ ਤਰਜੀਹ ਦੇਣ ਦੀ ਯੋਜਨਾ ਦਾ ਹਿੱਸਾ ਹੈ।




ਨਾਸਾ ਦੇ ਇਸ ਫੈਸਲੇ ਦਾ ਵਿਗਿਆਨਿਕ ਢਾਂਚੇ 'ਤੇ ਵੱਡਾ ਪ੍ਰਭਾਵ ਪੈਣ ਦੀ ਉਮੀਦ ਹੈ। ਪੋਲੀਟੀਕੋ ਦੀ ਰਿਪੋਰਟ ਦੇ ਅਨੁਸਾਰ, ਜਿਨ੍ਹਾਂ ਕਰਮਚਾਰੀਆਂ ਨੂੰ ਕੱਢਿਆ ਜਾ ਰਿਹਾ ਹੈ, ਉਹ ਜ਼ਿਆਦਾਤਰ ਜੀ.ਐੱਸ.-13 ਤੋਂ ਜੀ.ਐੱਸ.-15 ਗ੍ਰੇਡ ਤੱਕ ਦੇ ਹਨ, ਜਿਨ੍ਹਾਂ ਨੂੰ ਅਮਰੀਕੀ ਸਰਕਾਰੀ ਸੇਵਾ ਵਿਚ ਸੀਨੀਅਰ ਅਹੁਦੇ ਮੰਨਿਆ ਜਾਂਦਾ ਹੈ। ਨੌਕਰੀ ਤੋਂ ਕੱਢੇ ਜਾ ਰਹੇ ਕਰਮਚਾਰੀਆਂ ਲਈ ਨਾਸਾ ਦੇ ਤਿੰਨ ਆਪਸ਼ਨ ਜਲਦੀ ਸੇਵਾਮੁਕਤੀ, ਖਰੀਦਦਾਰੀ ਅਤੇ ਮੁਲਤਵੀ ਅਸਤੀਫਾ ਹਨ।

**ਟਰੰਪ ਵੱਲੋਂ ਬਜਟ 'ਚ ਵੱਡੀ ਕਟੌਤੀ**

ਨਾਸਾ ਦੇ ਬੁਲਾਰੇ ਬੈਥਨੀ ਸਟੀਵਨਜ਼ ਨੇ ਰਾਇਟਰਜ਼ ਨੂੰ ਕਿਹਾ, "ਅਸੀਂ ਆਪਣੇ ਮਿਸ਼ਨ ਪ੍ਰਤੀ ਵਚਨਬੱਧ ਹਾਂ ਪਰ ਹੁਣ ਸਾਨੂੰ ਸੀਮਤ ਬਜਟ ਵਿਚ ਤਰਜੀਹਾਂ ਨਿਰਧਾਰਿਤ ਕਰਨੀਆਂ ਪੈਣਗੀਆਂ।" ਤੁਹਾਨੂੰ ਦੱਸ ਦੇਈਏ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਕਾਰਜਕਾਲ ਦੌਰਾਨ ਨਾਸਾ ਅਤੇ ਅਮਰੀਕਾ ਦੀ ਪੁਲਾੜ ਨੀਤੀ ਵਿਚ ਕਈ ਬਦਲਾਅ ਆਏ ਹਨ। ਇਸ ਨਾਲ ਨਾਸਾ ਦੇ 18 ਹਜ਼ਾਰ ਕਰਮਚਾਰੀਆਂ ਦੀ ਟੀਮ ਵੀ ਪ੍ਰਭਾਵਿਤ ਹੋਈ ਹੈ।

ਟਰੰਪ ਨੇ ਅਰਬਪਤੀ ਅਤੇ ਸਪੇਸਐਕਸ ਸਮਰਥਕ ਜੇਰੇਡ ਇਸਹਾਕਮੈਨ ਨੂੰ ਨਾਸਾ ਦੇ ਨਵੇਂ ਪ੍ਰਸ਼ਾਸਕ ਵਜੋਂ ਨਾਮਜ਼ਦ ਕੀਤਾ ਸੀ। ਪਰ ਟਰੰਪ ਅਤੇ ਐਲੋਨ ਮਸਕ ਵਿਚਕਾਰ ਦੂਰੀ ਤੋਂ ਬਾਅਦ ਵ੍ਹਾਈਟ ਹਾਊਸ ਨੇ ਇਸਹਾਕਮੈਨ ਦਾ ਨਾਂ ਹਟਾ ਦਿੱਤਾ, ਜਿਸ ਕਾਰਨ ਇਹ ਨਿਯੁਕਤੀ ਮੁਲਤਵੀ ਕਰ ਦਿੱਤੀ ਗਈ।

# ਅਮਰੀਕਾ 'ਚ ਸੜਕ ਹਾਦਸੇ ਦੌਰਾਨ ਪੰਜਾਬੀ ਨੌਜਵਾਨ ਦੀ ਮੌਤ

**ਕੈਲੀਫੋਰਨੀਆ/ਧਰਮਕੋਟ, (ਪੰਜਾਬ ਮੇਲ)-** ਕੈਲੀਫੋਰਨੀਆ 'ਚ ਵਾਪਰੇ ਇਕ ਸੜਕ ਹਾਦਸੇ ਦੌਰਾਨ ਪੰਜਾਬੀ ਨੌਜਵਾਨ ਦੀ ਮੌਤ ਹੋ ਜਾਣ ਦਾ ਦੁੱਖਦ ਸਮਾਚਾਰ ਪ੍ਰਾਪਤ ਹੋਇਆ ਹੈ। ਮਿਲੀ ਜਾਣਕਾਰੀ ਅਨੁਸਾਰ ਮ੍ਰਿਤਕ ਦੀ ਪਛਾਣ ਗੁਰਜੰਟ ਸਿੰਘ ਵਜੋਂ ਹੋਈ ਹੈ। ਉਹ ਪੰਜ ਸਾਲ ਪਹਿਲਾਂ ਅਮਰੀਕਾ ਆਇਆ ਸੀ ਅਤੇ ਕੈਲੀਫੋਰਨੀਆ 'ਚ ਇਕ ਸਟੋਰ 'ਤੇ ਕੰਮ ਕਰਦਾ ਸੀ। ਬੀਤੇ ਦਿਨੀਂ ਜਦੋਂ ਉਹ ਕੰਮ ਤੋਂ ਵਾਪਸ ਘਰ ਆ ਰਿਹਾ ਸੀ, ਤਾਂ ਉਸ ਦੀ ਕਾਰ ਹਾਦਸੇ ਦਾ ਸ਼ਿਕਾਰ ਹੋ ਕੇ ਪਲਟ ਗਈ ਗਈ, ਜਿਸ ਕਾਰਨ ਉਸ ਦੀ ਮੌਤ ਹੋ ਗਈ।



ਗੁਰਜੰਟ ਸਿੰਘ ਦੀ ਫਾਈਲ ਫੋਟੋ।

ਪੰਜਾਬ ਦੇ ਪਿੰਡ ਗਲੋਟੀ ਦੇ ਰਹਿਣ ਵਾਲੇ ਮ੍ਰਿਤਕ ਨੌਜਵਾਨ ਦੇ ਭਰਾ ਤੇ ਕਾਂਗਰਸ ਆਗੂ ਗੁਰਮੁਖ ਸਿੰਘ ਨੇ ਇਸ ਸੰਬੰਧੀ ਜਾਣਕਾਰੀ ਦਿੱਤੀ। ਉਕਤ ਪਰਿਵਾਰ ਸਾਬਕਾ ਵਿਧਾਇਕ ਕਾਕਾ ਸੁਖਜੀਤ ਸਿੰਘ ਲੋਹਗੜ੍ਹ ਦਾ ਕਰੀਬੀ ਹੈ ਅਤੇ ਇਹ ਨੌਜਵਾਨ ਅਮਰੀਕਾ 'ਚ ਸਾਬਕਾ ਵਿਧਾਇਕ ਦੇ ਭਰਾ ਇਕਬਾਲ ਸਿੰਘ ਲੋਹਗੜ੍ਹ ਦੇ ਸਟੋਰ 'ਤੇ ਹੀ ਕੰਮ ਕਰਦਾ ਸੀ। ਉਨ੍ਹਾਂ ਵੱਲੋਂ ਹੀ ਲਾਸ਼ ਨੂੰ ਭਾਰਤ ਲਿਆਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ।

# ਅਮਰੀਕਾ ਤੋਂ ਕੈਨੇਡਾ ਸਰਹੱਦ ਪਾਰ ਕਰਕੇ ਆਏ ਗੈਰਕਾਨੂੰਨੀ ਪ੍ਰਵਾਸੀਆਂ ਦੀ ਗੱਡੀ ਨਾਲ ਹਾਦਸਾ

**ਮਾਂਟਰੀਅਲ, (ਪੰਜਾਬ ਮੇਲ)-** ਟਰੰਪ ਦੇ ਇਮੀਗ੍ਰੇਸ਼ਨ ਛਾਪਿਆਂ ਦੇ ਡਰੋਂ ਸੁਰੱਖਿਅਤ ਟਿਕਾਣੇ ਤਲਾਸ਼ ਕਰ ਰਹੇ ਪ੍ਰਵਾਸੀਆਂ ਨਾਲ ਕੈਨੇਡਾ ਵਿਚ ਭਾਣਾ ਵਰਤ ਗਿਆ, ਜਦੋਂ ਸ਼ਰਾਬੀ ਏਜੰਟ ਨੇ ਸਾਹਮਣੇ ਤੋਂ ਆ ਰਹੇ ਐੱਸ.ਯੂ.ਵੀ. ਨੂੰ ਟੱਕਰ ਮਾਰ ਦਿੱਤੀ। ਹਾਦਸਾ ਕਿਊਬੈਕ ਸੂਬੇ ਵਿਚ ਵਾਪਰਿਆ ਅਤੇ ਗੱਡੀ ਵਿਚ ਤੁੰਨੇ ਪ੍ਰਵਾਸੀਆਂ ਵਿਚੋਂ ਘੱਟੋ-ਘੱਟ ਚਾਰ ਜਣੇ ਜ਼ਖਮੀ ਹੋ ਗਏ। ਮਾਂਟਰੀਅਲ ਤੋਂ 65 ਕਿਲੋਮੀਟਰ ਦੱਖਣ ਵੱਲ ਹੈਮਿੰਗਫਰਡ ਦੇ ਇਕ ਇੰਟਰਸੈਕਸ਼ਨ 'ਤੇ ਵਾਪਰਿਆ। ਪੁਲਿਸ ਦਾ ਕਹਿਣਾ ਹੈ ਕਿ ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ ਤੋਂ ਕੈਨੇਡਾ ਦਾਖਲ ਹੋ ਰਹੇ ਪ੍ਰਵਾਸੀਆਂ ਨੂੰ ਆਪਣੀ ਕੋਈ ਪ੍ਰਵਾਹ ਨਹੀਂ।

ਉਧਰ ਗੱਡੀ ਵਿਚ ਤੁੰਨੇ ਪ੍ਰਵਾਸੀਆਂ ਦੀ ਗਿਣਤੀ ਬਾਰੇ ਵੀ ਵੱਖੋ-ਵੱਖਰੇ ਅੰਕੜੇ ਸਾਹਮਣੇ ਆ ਰਹੇ ਹਨ। ਮੌਕੇ 'ਤੇ ਪੁੱਜੇ ਐਮਰਜੰਸੀ

**ਸ਼ਰਾਬੀ ਏਜੰਟ ਨੇ ਸਾਹਮਣੇ ਤੋਂ ਆ ਰਹੇ ਐੱਸ.ਯੂ.ਵੀ. ਨੂੰ ਮਾਰੀ ਟੱਕਰ**

**ਗੱਡੀ 'ਚ ਭਰੇ ਸਨ 12 ਗੈਰਕਾਨੂੰਨੀ ਪ੍ਰਵਾਸੀ; 4 ਜ਼ਖ਼ਮੀ**

ਕਾਮਿਆਂ ਵੱਲੋਂ ਪਹਿਲਾਂ 10 ਜਣਿਆਂ ਦਾ ਜ਼ਿਕਰ ਕੀਤਾ ਗਿਆ ਪਰ ਕੁਝ ਦੇਰ ਮਗਰੋਂ ਅੰਕੜਾ 12 ਦੱਸਿਆ ਜਾ ਰਿਹਾ ਸੀ। ਆਰ.ਸੀ.ਐੱਮ.ਪੀ. ਨੇ ਗੈਰਕਾਨੂੰਨੀ ਪ੍ਰਵਾਸੀਆਂ ਦੇ ਅਮਰੀਕਾ ਤੋਂ ਆਉਣ ਬਾਰੇ ਤਸਦੀਕ ਕਰ ਦਿੱਤੀ ਪਰ ਇਹ ਪਤਾ ਨਹੀਂ ਲੱਗ ਸਕਿਆ ਕਿ ਇਹ ਕਦੋਂ ਦਾਖਲ ਹੋਏ। ਪੁਲਿਸ ਵੱਲੋਂ 48 ਸਾਲ ਦੇ ਅਮਰੀਕਨ ਨੂੰ ਗ੍ਰਿਫ਼ਤਾਰ ਕਰਦਿਆਂ ਸ਼ਰਾਬ ਪੀ ਕੇ ਗੱਡੀ ਚਲਾਉਣ ਦੇ ਦੋਸ਼ ਆਇਦ ਕੀਤੇ ਗਏ ਹਨ। ਇਥੇ ਦੱਸਣਾ ਬਣਦਾ ਹੈ ਕਿ ਡੋਨਾਲਡ ਟਰੰਪ ਦੇ ਸੱਤਾ ਵਿਚ ਆਉਣ ਤੋਂ ਪਹਿਲਾਂ ਕੈਨੇਡਾ ਤੋਂ ਅਮਰੀਕਾ ਵੱਲ ਜਾਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਲੱਖਾਂ ਵਿਚ ਹੁੰਦੀ ਸੀ ਅਤੇ 2023 ਦੌਰਾਨ ਕਸਟਮਜ਼ ਅਤੇ ਬਾਰਡਰ ਪੈਟਰੋਲ ਵਾਲਿਆਂ ਨੇ 1 ਲੱਖ 90 ਹਜ਼ਾਰ ਤੋਂ ਵੱਧ ਪ੍ਰਵਾਸੀਆਂ ਨੂੰ ਬਾਰਡਰ 'ਤੇ ਰੋਕਿਆ। ਨਿਊਯਾਰਕ, ਵਰਮੌਂਟ ਅਤੇ ਨਿਊ ਹੈਂਪਸ਼ਾਇਰ ਦੇ ਨਾਲ ਲੱਗਦੇ ਕੈਨੇਡਾ ਦੇ ਸਵੈਂਟਨ ਸੈਕਟਰ ਦਾ 24 ਹਜ਼ਾਰ ਵਰਗ ਮੀਲ ਇਲਾਕਾ ਪ੍ਰਵਾਸੀਆਂ ਦੇ ਅਮਰੀਕਾ ਦਾਖਲ ਹੋਣ ਦਾ ਬਿਹਤਰੀਨ ਰਾਹ ਮੰਨਿਆ ਜਾਂਦਾ ਸੀ ਪਰ ਹੁਣ ਇਸੇ ਰਸਤੇ ਅਮਰੀਕਾ ਤੋਂ ਕੈਨੇਡਾ ਆਉਣ ਵਾਲਿਆਂ ਦੀ ਭੀੜ ਵਧਦੀ ਜਾ ਰਹੀ ਹੈ।

ਮਾਇਗ੍ਰੇਸ਼ਨ ਪਾਲਿਸੀ ਇੰਸਟੀਚਿਊਟ ਦੇ ਵਿਸ਼ਲੇਸ਼ਕ ਕੌਲਨ ਪੁਟਜ਼ਲ ਦਾ ਕਹਿਣਾ ਸੀ ਕਿ ਬਿਨਾਂ ਸ਼ੱਕ ਪ੍ਰਵਾਸੀਆਂ ਦੀ ਆਮਦ ਵਿਚ ਵਾਧਾ ਹੋ ਰਿਹਾ ਹੈ ਪਰ ਹਾਲਾਤ ਬੇਕਾਬੂ ਹੋਣ ਦੇ ਆਸਾਰ ਨਜ਼ਰ ਨਹੀਂ ਆਉਂਦੇ। ਇਸ ਦੇ ਉਲਟ ਇਮੀਗ੍ਰੇਸ਼ਨ ਵਿਰੋਧੀਆਂ ਦਾ ਕਹਿਣਾ ਹੈ ਕਿ ਇਹ ਰੁਝਾਨ ਕੈਨੇਡਾ ਵਾਸਤੇ ਖਤਰਨਾਕ ਸਾਬਤ ਹੋ ਸਕਦਾ ਹੈ ਅਤੇ ਇਸ ਨੂੰ ਜਲਦ ਤੋਂ ਜਲਦ ਠੱਲ੍ਹ ਪਾਉਣੀ ਹੋਵੇਗੀ। ਕੈਨੇਡਾ ਦੇ ਇਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਸੇਵਾਵਾਂ ਵਿਭਾਗ ਦੇ ਅੰਕੜਿਆਂ ਦੀ ਮਿਸਾਲ ਪੇਸ਼ ਕਰਦਿਆਂ ਉਨ੍ਹਾਂ ਕਿਹਾ ਕਿ 2015 'ਚ ਸਿਰਫ਼ 110 ਮੈਕਸੀਕਨ ਨਾਗਰਿਕਾਂ ਨੇ ਕੈਨੇਡਾ ਵਿਚ ਅਸਾਇਲਮ ਦਾ ਦਾਅਵਾ ਕੀਤਾ ਪਰ 2023 'ਚ ਇਹ ਅੰਕੜਾ 24 ਹਜ਼ਾਰ ਤੱਕ ਪੁੱਜ ਗਿਆ। ਇਸ ਵਾਰ ਸਿਰਫ਼ ਮੈਕਸੀਕਨ ਨਾਗਰਿਕ ਕੈਨੇਡਾ ਵੱਲ ਨਹੀਂ ਆ ਰਹੇ, ਸਗੋਂ ਇਹ ਵੱਖ-ਵੱਖ ਮੁਲਕਾਂ ਨਾਲ ਸਬੰਧਤ ਪ੍ਰਵਾਸੀ ਹਨ ਅਤੇ ਢੁੱਕਵੀਂ ਕਾਰਵਾਈ ਨਾ ਕੀਤੀ ਗਈ, ਤਾਂ ਪਨਾਹ ਦੇ ਦਾਅਵਿਆਂ ਦਾ ਅੰਕੜਾ 10 ਲੱਖ ਤੋਂ ਟੱਪ ਸਕਦਾ ਹੈ।

# ਪਾਕਿਸਤਾਨ ’ਚ ਜੇਲ੍ਹ ’ਚ ਬੰਦ ਇਮਰਾਨ ਖਾਨ ਦੀ ਰਿਹਾਈ ਲਈ ਅੰਦੋਲਨ ਸ਼ੁਰੂ

ਲਾਹੌਰ, (ਪੰਜਾਬ ਮੇਲ)- ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ ਨੇ ਜੇਲ੍ਹ ਵਿਚ ਬੰਦ ਸਾਬਕਾ ਪ੍ਰਧਾਨ ਮੰਤਰੀ ਦੀ ਰਿਹਾਈ ਦੀ ਮੰਗ ਕਰਦੇ ਹੋਏ ‘ਇਮਰਾਨ ਖਾਨ ਨੂੰ ਆਜ਼ਾਦ ਕਰੋ’ ਅੰਦੋਲਨ ਸ਼ੁਰੂ ਕੀਤਾ ਹੈ। ਪਾਰਟੀ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਹਾਲਾਂਕਿ ਪੁਲਿਸ ਨੇ ਪਾਰਟੀ ਵਰਕਰਾਂ ਨੂੰ ਇਸ ਗੈਰ-ਰਸਮੀ ਤੌਰ ’ਤੇ ਸ਼ੁਰੂ ਕੀਤੇ ਅੰਦੋਲਨ ਵਿਚ ਸ਼ਾਮਲ ਹੋਣ ਤੋਂ ਰੋਕਣ ਲਈ ਕਈ ਗ੍ਰਿਫ਼ਤਾਰੀਆਂ ਕੀਤੀਆਂ ਹਨ। ਅੰਦੋਲਨ ਦੀ ਇਹ ਗੈਰ-ਰਸਮੀ ਸ਼ੁਰੂਆਤ ਪਾਰਟੀ ਦੀ ਪਹਿਲਾਂ ਐਲਾਨੀ ਗਈ 5 ਅਗਸਤ ਦੀ ਮਿਤੀ ਤੋਂ ਇੱਕ ਮਹੀਨੇ ਤੋਂ ਵੀ ਘੱਟ ਸਮੇਂ ਪਹਿਲਾਂ ਹੋਈ ਹੈ।



ਖੈਬਰ ਪਖਤੂਨਖਵਾ ਦੇ ਮੁੱਖ ਮੰਤਰੀ ਅਤੇ ਪ੍ਰਮੁੱਖ ਪਾਰਟੀ ਨੇਤਾ ਅਲੀ ਅਮੀਨ ਗੰਡਾਪੁਰ ਸ਼ਨੀਵਾਰ ਦੇਰ ਰਾਤ ਪਾਰਟੀ ਨੇਤਾਵਾਂ ਨਾਲ ਲਾਹੌਰ ਪਹੁੰਚੇ ਅਤੇ ਖਾਨ ਨੂੰ ਰਿਹਾਅ ਕਰਨ ਲਈ ਅੰਦੋਲਨ ਸ਼ੁਰੂ ਕਰਨ ਦਾ ਐਲਾਨ ਕੀਤਾ। ਇੱਕ ਕ੍ਰਿਕਟਰ ਤੋਂ ਰਾਜਨੀਤਿਕ ਨੇਤਾ ਬਣੇ 72 ਸਾਲਾ ਇਮਰਾਨ ਖਾਨ ਅਗਸਤ 2023 ਤੋਂ ਜੇਲ੍ਹ ਵਿਚ ਹਨ ਕਿਉਂਕਿ ਉਨ੍ਹਾਂ ’ਤੇ ਕਈ ਮਾਮਲਿਆਂ ਵਿਚ ਮਾਮਲਾ ਦਰਜ ਕੀਤਾ ਗਿਆ ਹੈ। ਸਾਬਕਾ ਪ੍ਰਧਾਨ ਮੰਤਰੀ ਦੀ ਪਾਰਟੀ ਸ਼ਾਹਬਾਜ਼ ਸ਼ਰੀਫ਼ ਸਰਕਾਰ ਅਤੇ ਫੌਜ ’ਤੇ ਖਾਨ ਨੂੰ ਰਿਹਾਅ ਕਰਨ ਲਈ ਦਬਾਅ ਬਣਾਉਣ ਲਈ 5 ਅਗਸਤ ਤੋਂ ਦੇਸ਼ ਭਰ ਵਿਚ ਇੱਕ ਵਿਸ਼ਾਲ ਮੁਹਿੰਮ ਸ਼ੁਰੂ ਕਰਨ ਦੀ ਤਿਆਰੀ ਕਰ ਰਹੀ ਹੈ।

ਅਲੀ ਅਮੀਨ ਅਤੇ ਹੋਰ ਪ੍ਰਮੁੱਖ ਪਾਰਟੀ ਆਗੂ ਆਪਣੀ ਵਿਰੋਧ ਮੁਹਿੰਮ ਨੂੰ ਅੰਤਿਮ ਰੂਪ ਦੇਣ ਲਈ ਲਾਹੌਰ ਦੇ ਰਾਏਵਿੰਡ ਖੇਤਰ ਵਿਚ ਇੱਕ ਫਾਰਮ ਹਾਊਸ ਵਿਚ ਡੇਰਾ ਲਾ ਰਹੇ ਹਨ। ਇਸ ਦੌਰਾਨ ਪੁਲਿਸ ਨੇ ਕਥਿਤ ਤੌਰ ’ਤੇ ਘੱਟੋ-ਘੱਟ 20 ਪਾਰਟੀ ਵਰਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜੋ ਆਪਣੇ ਆਗੂਆਂ ਦਾ ਸਵਾਗਤ ਕਰਨ ਲਈ ਲਾਹੌਰ ਵਿਚ ਵੱਖ-ਵੱਖ ਥਾਵਾਂ ’ਤੇ ਇਕੱਠੇ ਹੋਏ ਸਨ। ਪਾਰਟੀ ਦੇ ਇੱਕ ਬੁਲਾਰੇ ਨੇ ਐਤਵਾਰ ਨੂੰ ਕਿਹਾ ਕਿ ਪੰਜਾਬ ਪੁਲਿਸ ਨੇ ਉਨ੍ਹਾਂ ਦੇ ਕਈ ਵਰਕਰਾਂ ਨੂੰ ਹਿਰਾਸਤ ਵਿਚ ਲਿਆ ਹੈ। ਪੁਲਿਸ ਪਿਛਲੇ ਕੁਝ ਦਿਨਾਂ ਤੋਂ ਪੰਜਾਬ ਸੂਬੇ, ਖਾਸ ਕਰਕੇ ਲਾਹੌਰ ਵਿਚ ਪਾਰਟੀ ਆਗੂਆਂ ਅਤੇ ਵਰਕਰਾਂ ਦੇ ਘਰਾਂ ’ਤੇ ਛਾਪੇਮਾਰੀ ਕਰ ਰਹੀ ਹੈ, ਤਾਂ ਜੋ ਉਨ੍ਹਾਂ ਨੂੰ ਵਿਰੋਧ ਗਤੀਵਿਧੀਆਂ ਵਿਚ ਹਿੱਸਾ ਲੈਣ ਤੋਂ ਰੋਕਿਆ ਜਾ ਸਕੇ। ਪੰਜਾਬ ਪੁਲਿਸ ਦੇ ਇੱਕ ਬੁਲਾਰੇ ਨੇ ਖਾਨ ਦੀ ਪਾਰਟੀ ਦੇ ਕਿਸੇ ਵੀ ਵਰਕਰ ਦੀ ਗ੍ਰਿਫ਼ਤਾਰੀ ਤੋਂ ਇਨਕਾਰ ਕੀਤਾ। ਹਾਲਾਂਕਿ ਇੱਕ ਪੁਲਿਸ ਸੂਤਰ ਨੇ ਕਿਹਾ ਕਿ ਲਾਹੌਰ ਅਤੇ ਹੋਰ ਥਾਵਾਂ ਤੋਂ ਘੱਟੋ-ਘੱਟ 20 ਪਾਰਟੀ ਵਰਕਰਾਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ।

# ਰਾਸ਼ਟਰਪਤੀ ਜ਼ਰਦਾਰੀ ਨੂੰ ਗੱਦੀਓਂ ਲਾਂਭੇ ਕਰਨ ਦੇ ਕਿਆਸ ਖਾਰਜ

ਇਸਲਾਮਾਬਾਦ, (ਪੰਜਾਬ ਮੇਲ)- ਪਾਕਿਸਤਾਨ ਦੇ ਗ੍ਰਹਿ ਮੰਤਰੀ ਮੋਹਸਿਨ ਨਕਵੀ ਨੇ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਨੂੰ ਅਹੁਦੇ ਹਟਾਉਣ ਦੇ ਕਿਆਫਿਆਂ ਨੂੰ ਰੱਦ ਕਰ ਦਿੱਤਾ ਅਤੇ ਇਸ ਨੂੰ ਇੱਕ ‘ਮੰਦਭਾਵਨਾ ਵਾਲੀ ਮੁਹਿੰਮ’ ਕਰਾਰ ਦਿੱਤਾ। ਨਕਵੀ ਨੇ ਇਹ ਬਿਆਨ ਸੋਸ਼ਲ ਮੀਡੀਆ ’ਤੇ ਲੱਗ ਰਹੀਆਂ ਅਟਕਲਾਂ, ਜਿਨ੍ਹਾਂ ਵਿਚ ਇਹ ਕਿਹਾ ਜਾ ਰਿਹਾ ਹੈ ਕਿ ਫੌਜ ਮੁਖੀ ਫੀਲਡ ਮਾਰਸ਼ਲ ਆਸਿਮ ਮੁਨੀਰ ਹੁਣ ਆਸਿਫ਼ ਅਲੀ ਜ਼ਰਦਾਰੀ ਦੀ ਜਗ੍ਹਾ ਮੁਲਕ ਦੇ ਰਾਸ਼ਟਰਪਤੀ ਬਣਨਗੇ, ਦੌਰਾਨ ਦਿੱਤਾ ਹੈ। ਨਕਵੀ ਨੇ ‘ਐਕਸ’ ਉੱਤੇ ਪੋਸਟ ’ਚ ਕਿਹਾ, “ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ, ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ ਅਤੇ ਚੀਫ ਆਫ ਆਰਮੀ

**■ ਸਾਨੂੰ ਪਤਾ ਹੈ ਕਿ ਝੂਠ ਕੌਣ ਫੈਲਾਅ ਰਿਹਾ ਤੇ ਕਿਸ ਨੂੰ ਫਾਇਦਾ ਹੋ ਰਿਹੈ: ਗ੍ਰਹਿ ਮੰਤਰੀ**



ਸਟਾਫ ਨੂੰ ਨਿਸ਼ਾਨਾ ਬਣਾ ਕੇ ਚਲਾਈ ਜਾ ਮੰਦਭਾਵਨਾ ਵਾਲੀ ਮੁਹਿੰਮ ਪਿੱਛੇ ਕੌਣ ਹੈ, ਇਸ ਬਾਰੇ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ।” ਹਾਲਾਂਕਿ ਉਨ੍ਹਾਂ ਨੇ ਕਿਸੇ ਦਾ ਨਾਮ ਨਹੀਂ ਲਿਆ।

ਉਨ੍ਹਾਂ ਕਿਹਾ, “ਮੈਂ ਸਪੱਸ਼ਟ ਤੌਰ ’ਤੇ ਕਿਹਾ ਹੈ ਕਿ ਰਾਸ਼ਟਰਪਤੀ ਨੂੰ ਅਸਤੀਫ਼ਾ ਦੇਣ ਲਈ ਆਖਣ ਜਾਂ ਫੌਜ ਮੁਖੀ ਦੇ ਰਾਸ਼ਟਰਪਤੀ ਦਾ ਅਹੁਦਾ ਸੰਭਾਲਣ ਦੀ ਇੱਛਾ ਜਤਾਉਣ ਬਾਰੇ ਨਾ ਕੋਈ ਚਰਚਾ ਹੋਈ ਹੈ ਅਤੇ ਨਾ ਹੀ ਅਜਿਹਾ ਕੋਈ ਵਿਚਾਰ ਹੈ।” ਗ੍ਰਹਿ ਮੰਤਰੀ ਨੇ ਕਿਹਾ ਕਿ ਰਾਸ਼ਟਰਪਤੀ ਜ਼ਰਦਾਰੀ ਦੇ ‘ਹਥਿਆਰਬੰਦ ਬਲਾਂ ਦੀ ਲੀਡਰਸ਼ਿਪ’ ਨਾਲ ਮਜ਼ਬੂਤ ਤੇ ਸਨਮਾਨਜਨਕ ਸਬੰਧ ਹਨ। ਉਨ੍ਹਾਂ ਨੇ ਰਾਸ਼ਟਰਪਤੀ ਜ਼ਰਦਾਰੀ ਦੇ ਹਵਾਲੇ ਨਾਲ ਆਖਿਆ, “ਮੈਨੂੰ ਪਤਾ ਹੈ ਕਿ ਇਹ ਝੂਠ ਕੌਣ ਫੈਲਾਅ ਰਿਹਾ ਹੈ, ਉਹ ਅਜਿਹਾ ਕਿਉਂ ਕਰ ਰਹੇ ਹਨ ਅਤੇ ਇਸ ਗਲਤ ਪ੍ਰਚਾਰ ਦਾ ਕਿਸ ਨੂੰ ਫਾਇਦਾ ਹੋ ਰਿਹਾ ਹੈ।” ਨਕਵੀ ਨੇ ਕਿਹਾ ਕਿ ਫੌਜ ਮੁਖੀ ਮੁਨੀਰ ਦਾ “ਧਿਆਨ ਸਿਰਫ਼” ਪਾਕਿਸਤਾਨ ਦੀ ਤਾਕਤ ਅਤੇ ਸਥਿਰਤਾ ’ਤੇ ਹੈ, “ਹੋਰ ਕਿਤੇ ਨਹੀਂ।’

## ਰੂਸ ਵਰ੍ਹੇ ਦੇ ਅਖੀਰ ਤੱਕ ਭਾਰਤ ਤੋਂ ਮੰਗਵਾਏਗਾ ਇੱਕ ਲੱਖ ਕੁਸ਼ਲ ਕਾਮੇ

ਮਾਸਕੋ, (ਪੰਜਾਬ ਮੇਲ)- ਇੱਥੇ ਕਾਰੋਬਾਰੀ ਆਗੂ ਆਂਦਰੇ ਬੇਸਦਿਨ ਨੇ ਕਿਹਾ ਹੈ ਕਿ ਰੂਸ ਦੇ ਸਨਅਤੀ ਖੇਤਰਾਂ ਵਿਚ ਲੇਬਰ ਦੀ ਭਾਰੀ ਘਾਟ ਨਾਲ ਨਜਿੱਠਣ ਲਈ ਮੁਲਕ ਵੱਲੋਂ ਵਰ੍ਹੇ ਦੇ ਅਖੀਰ ਤੱਕ ਭਾਰਤ ਤੋਂ ਇੱਕ ਲੱਖ ਕੁਸ਼ਲ ਕਾਮੇ ਮੰਗਵਾਏ ਜਾਣਗੇ। ‘ਯੂਰਲ ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀ’ ਦੇ ਮੁਖੀ ਬੇਸਦਿਨ ਨੇ ਦੱਸਿਆ, ‘ਜਿੱਥੋਂ ਤੱਕ ਮੈਂ ਜਾਣਦਾ ਹਾਂ, ਇਸ ਵਰ੍ਹੇ ਦੇ ਅਖੀਰ ਤੱਕ, ਭਾਰਤ ਤੋਂ ਇੱਕ ਲੱਖ ਹੁਨਰਮੰਦ ਰੂਸ ਆਉਣਗੇ।’ ਉਨ੍ਹਾਂ ਦੱਸਿਆ ਕਿ ਭਾਰਤੀਆਂ ਦੇ ਪਰਵਾਸ ਨਾਲ ਸਵਰਦਲੋਵਸਕ ਖਿੱਤੇ ਵਿਚ ਉੱਚ ਸਿੱਖਿਆ ਪ੍ਰਾਪਤ ਕਾਮਿਆਂ ਦੀ ਘਾਟ ਪੂਰੀ ਕਰਨ ’ਚ ਮਦਦ ਮਿਲੇਗੀ।

# ਬਿਹਾਰ ਦੇ 83.66 ਫ਼ੀਸਦੀ ਵੋਟਰ ਡਰਾਫਟ ਵੋਟਰ ਸੂਚੀ ’ਚ ਹੋਣਗੇ ਸ਼ਾਮਲ : ਚੋਣ ਕਮਿਸ਼ਨ

ਨਵੀਂ ਦਿੱਲੀ, (ਪੰਜਾਬ ਮੇਲ)- ਚੋਣ ਕਮਿਸ਼ਨ ਨੇ ਵੋਟਰ ਸੂਚੀ ਦੀ ਚੱਲ ਰਹੀ ਵਿਸ਼ੇਸ਼ ਪੜਤਾਲ ਦੌਰਾਨ ਕਿਹਾ ਕਿ ਬਿਹਾਰ ਦੇ ਕੁੱਲ 7.89 ਕਰੋੜ ਵੋਟਰਾਂ ਵਿਚੋਂ 6.60 ਕਰੋੜ ਤੋਂ ਵੱਧ ਦੇ ਨਾਮ ਡਰਾਫਟ ਵੋਟਰ ਸੂਚੀ ਵਿਚ ਸ਼ਾਮਲ ਕੀਤੇ ਜਾਣਗੇ। ਚੋਣ ਕਮਿਸ਼ਨ ਨੇ ਕਿਹਾ ਕਿ ਬਿਹਾਰ ਵਿਚ ਜਾਰੀ ਵਿਸ਼ੇਸ਼ ਪੜਤਾਲ ਤਹਿਤ ਗਣਨਾ ਫਾਰਮ (ਈ.ਐੱਫ.) ਭਰਨ ਅਤੇ ਇਨ੍ਹਾਂ ਨੂੰ ਜਮ੍ਹਾਂ ਕਰਨ ਦੀ ਆਖ਼ਰੀ ਮਿਤੀ ਵਿਚ 10 ਦਿਨ ਬਾਕੀ ਹਨ ਅਤੇ ਬੂਥ ਲੈਵਲ ਅਫਸਰਾਂ (ਬੀ.ਐੱਲ.ਓ.) ਵੱਲੋਂ ਘਰ-ਘਰ ਜਾ ਕੇ ਦੋ ਗੇੜਾਂ ਦੇ ਦੌਰਿਆਂ ਮਗਰੋਂ

**■ ਗਣਨਾ ਫਾਰਮ ਭਰਨ ਤੇ ਜਮ੍ਹਾਂ ਕਰਨ ਦੀ ਆਖ਼ਰੀ ਮਿਤੀ ਵਿਚ ਕੁੱਝ ਦਿਨ ਬਾਕੀ**

ਬਿਹਾਰ ਦੇ 7,89,69,844 ਵੋਟਰਾਂ ਵਿਚੋਂ 6,60,67,208 ਜਾਂ 83.66 ਫੀਸਦੀ ਗਣਨਾ ਫਾਰਮ ਇਕੱਤਰ ਕੀਤੇ ਜਾ ਚੁੱਕੇ ਹਨ। ਹੁਣ ਤੱਕ 1.59 ਫ਼ੀਸਦੀ ਵੋਟਰ ਮ੍ਰਿਤਕ ਪਾਏ ਗਏ ਹਨ, 2.2 ਫ਼ੀਸਦੀ ਸਥਾਈ ਤੌਰ ’ਤੇ ਤਬਦੀਲ ਹੋ ਗਏ ਹਨ ਅਤੇ 0.73 ਫ਼ੀਸਦੀ ਇੱਕ ਤੋਂ ਵੱਧ ਥਾਵਾਂ ’ਤੇ ਰਜਿਸਟਰਡ ਪਾਏ ਗਏ ਹਨ।

# ਯੂਕਰੇਨੀ ਰਾਸ਼ਟਰਪਤੀ ਜ਼ੇਲੇਂਸਕੀ ਨੇ ਉਪ ਪ੍ਰਧਾਨ ਮੰਤਰੀ ਨੂੰ ਪ੍ਰਧਾਨ ਮੰਤਰੀ ਕੀਤਾ ਨਿਯੁਕਤ

**ਕੀਵ, (ਪੰਜਾਬ ਮੇਲ)**- ਰੂਸ ਨਾਲ ਜੰਗ ਦੌਰਾਨ ਯੂਕਰੇਨ ਵਿੱਚ ਵੱਡਾ ਉਲਟਫੇਰ ਹੋਇਆ ਹੈ। ਰਾਸ਼ਟਰਪਤੀ ਵੋਲਦੋਮੀਰ ਜ਼ੇਲੇਂਸਕੀ ਨੇ ਉਪ ਪ੍ਰਧਾਨ ਮੰਤਰੀ ਯੂਲੀਆ ਸਵਿਰੀਡੇਂਕੋ ਨੂੰ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਹੈ। ਯੂਲੀਆ ਨੇ ਆਪਣੇ ਬੌਸ ਡੇਨਿਸ ਸ਼ਮੀਹਾਲ ਦੀ ਥਾਂ ਲਈ ਹੈ। ਡੇਨਿਸ 2020 ਵਿਚ ਪ੍ਰਧਾਨ ਮੰਤਰੀ ਚੁਣੇ ਗਏ ਸਨ ਅਤੇ ਯੁੱਧ ਦੌਰਾਨ ਵੀ ਪਿਛਲੇ 3 ਸਾਲਾਂ ਤੋਂ ਇਸ ਅਹੁਦੇ ’ਤੇ ਕੰਮ ਕਰ ਰਹੇ ਸਨ।

ਮਿਲੀ ਜਾਣਕਾਰੀ ਮੁਤਾਬਕ, ਸੋਮਵਾਰ (14 ਜੁਲਾਈ) ਨੂੰ ਇੱਕ ਮੀਟਿੰਗ ਤੋਂ ਬਾਅਦ ਜ਼ੇਲੇਂਸਕੀ ਨੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਯੂਲੀਆ ਦੇ ਨਾਮ ਦਾ ਐਲਾਨ ਕੀਤਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਅਸੀਂ ਕਾਰਜਕਾਰੀ ਅਹੁਦਿਆਂ ਵਿਚ ਬਦਲਾਅ ਸ਼ੁਰੂ ਕਰ ਦਿੱਤੇ ਹਨ। ਇਸਦਾ ਪ੍ਰਭਾਵ ਆਉਣ ਵਾਲੇ ਸਮੇਂ ਵਿਚ ਦਿਖਾਈ ਦੇਵੇਗਾ।

39 ਸਾਲਾ ਯੂਲੀਆ ਨੂੰ ਜ਼ੇਲੇਂਸਕੀ ਦਾ ਕਰੀਬੀ ਮੰਨਿਆ ਜਾਂਦਾ ਹੈ। ਯੂਲੀਆ ਨੇ ਅਰਥਸ਼ਾਸਤਰ ਵਿਚ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਰਾਜਨੀਤੀ ਵਿਚ ਪ੍ਰਵੇਸ਼ ਕੀਤਾ। 2008 ਵਿਚ ਯੂਲੀਆ ਨੇ ਕੀਵ ਯੂਨੀਵਰਸਿਟੀ ਤੋਂ ਅਰਥਸ਼ਾਸਤਰ ਵਿਚ ਗ੍ਰੈਜੂਏਸ਼ਨ ਦੀ ਡਿਗਰੀ ਪ੍ਰਾਪਤ ਕੀਤੀ। ਯੂਲੀਆ ਨੂੰ ਯੂਕਰੇਨ ਵਿਚ ਇੱਕ ਅਰਥਸ਼ਾਸਤਰੀ ਵਜੋਂ ਵੀ ਜਾਣਿਆ ਜਾਂਦਾ ਹੈ। ਸਾਲ 2020 ਵਿਚ ਯੂਲੀਆ ਰਾਸ਼ਟਰਪਤੀ ਦਫ਼ਤਰ ਵਿਚ ਸ਼ਾਮਲ ਹੋਈ। ਜ਼ੇਲੇਂਸਕੀ ਨੇ ਉਸ ਨੂੰ ਖਣਿਜ ਸੌਦਿਆਂ ’ਤੇ ਅਮਰੀਕਾ ਨਾਲ ਗੱਲ ਕਰਨ ਦਾ ਅਧਿਕਾਰ ਵੀ ਦਿੱਤਾ। ਯੂਲੀਆ ਨੇ ਇਹ ਕੰਮ ਵੀ ਬਹੁਤ ਵਧੀਆ ਢੰਗ ਨਾਲ ਕੀਤਾ। ਸਾਲ 2021 ਵਿਚ ਯੂਲੀਆ ਨੂੰ ਡਿਪਟੀ ਪੀ.ਐੱਮ. ਦਾ ਅਹੁਦਾ ਮਿਲਿਆ।

### ਯੂਲੀਆ ਨੂੰ ਪੀ.ਐੱਮ. ਦੀ ਕੁਰਸੀ ਇਸ ਕਰਕੇ ਮਿਲੀ, ਕਿਉਂਕਿ

1. ਰੂਸ ਨਾਲ ਜੰਗ ਕਾਰਨ ਸਰਕਾਰ ਦੇ ਕਾਰਜਕਾਰਨੀ ਵਿਚ ਫੇਰਬਦਲ ਨਹੀਂ ਕੀਤਾ ਜਾ ਸਕਿਆ। ਜ਼ੇਲੇਂਸਕੀ ਡੇਨਿਸ ਨੂੰ ਹਟਾਉਣ ਲਈ ਕੋਈ ਨਵਾਂ ਉਮੀਦਵਾਰ ਨਹੀਂ ਲੱਭ ਸਕਿਆ। ਯੂਲੀਆ ਇਸ ਮਾਮਲੇ ਵਿਚ ਫਿੱਟ ਹੈ। ਪਹਿਲਾਂ, ਯੂਲੀਆ ਯੂਕਰੇਨ ਦੀ ਡਿਪਟੀ ਪੀਐੱਮ ਸੀ। ਦੂਜਾ, ਉਸਦੇ ਹੱਥ ਵੀ ਸਾਫ਼ ਰਹੇ ਹਨ। ਇਸੇ ਕਰਕੇ ਜ਼ੇਲੇਂਸਕੀ ਨੇ ਪ੍ਰਧਾਨ ਮੰਤਰੀ ਦਾ ਅਹੁਦਾ ਯੂਲੀਆ ਨੂੰ ਸੌਂਪ ਦਿੱਤਾ ਹੈ।
2. ਰੂਸ ਦੇ ਹਮਲੇ ਕਾਰਨ ਯੂਕਰੇਨ ਬੈਕਫੁੱਟ ’ਤੇ ਹੈ। ਇਸ ਨੂੰ ਤੁਰੰਤ ਅਮਰੀਕੀ ਸਹਿਯੋਗ ਦੀ ਲੋੜ ਹੈ। ਅਮਰੀਕਾ ਸਹਿਯੋਗ ਦੀ ਗੱਲ ਕਰ ਰਿਹਾ ਹੈ ਪਰ ਇਸਦਾ ਪ੍ਰਭਾਵ ਜ਼ਮੀਨ ’ਤੇ ਦਿਖਾਈ ਨਹੀਂ ਦੇ ਰਿਹਾ ਹੈ। ਯੂਲੀਆ ਰਾਹੀਂ, ਯੂਕਰੇਨ ਦੇ ਰਾਸ਼ਟਰਪਤੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਲੁਭਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਜ਼ੇਲੇਂਸਕੀ ਨੇ ਯੂਲੀਆ ਨੂੰ ਨਾਮਜ਼ਦ ਕੀਤਾ ਹੈ, ਪਰ ਉਸਦੇ ਨਾਮ ਦੀ ਪ੍ਰਵਾਨਗੀ ਲੈਣ ਲਈ ਯੂਕਰੇਨੀ ਸੰਸਦ ਦੀ ਪ੍ਰਵਾਨਗੀ ਜ਼ਰੂਰੀ ਹੈ। ਸੰਸਦ ਦੀ ਇੱਕ ਮੀਟਿੰਗ ਹੋ ਸਕਦੀ ਹੈ, ਜਿਸ ਵਿਚ ਯੂਲੀਆ ਦੇ ਨਾਮ ਨੂੰ ਰਸਮੀ ਤੌਰ ’ਤੇ ਪ੍ਰਵਾਨਗੀ ਦਿੱਤੀ ਜਾਵੇਗੀ। ਪ੍ਰਧਾਨ ਮੰਤਰੀ ਦੀ ਕੁਰਸੀ ਸੰਭਾਲਣ ਤੋਂ ਬਾਅਦ ਯੂਲੀਆ ਦੀ ਪਹਿਲੀ ਕੋਸ਼ਿਸ਼ ਅਮਰੀਕਾ ਨਾਲ ਵਿਗੜਦੇ ਸਬੰਧਾਂ ਨੂੰ ਸੁਧਾਰਨ ਦੀ ਹੋਵੇਗੀ।

# ਨੈਸ਼ਨਲ ਹੇਰਾਲਡ ਮਾਮਲਾ: ਅਦਾਲਤ ਵੱਲੋਂ ਈ.ਡੀ. ਦੀ ਚਾਰਜਸ਼ੀਟ ’ਤੇ ਫ਼ੈਸਲਾ ਸੁਰੱਖਿਅਤ

ਨਵੀਂ ਦਿੱਲੀ, (ਪੰਜਾਬ ਮੇਲ)- ਇੱਥੋਂ ਦੀ ਅਦਾਲਤ ਨੇ ‘ਨੈਸ਼ਨਲ ਹੇਰਾਲਡ’ ਮਾਮਲੇ ’ਚ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਦਾਇਰ ਚਾਰਜਸ਼ੀਟ ਦਾ ਨੋਟਿਸ ਲੈਣ ਸਬੰਧੀ ਆਪਣਾ ਫ਼ੈਸਲਾ ਸੁਰੱਖਿਅਤ ਰੱਖ ਲਿਆ। ਵਿਸ਼ੇਸ਼ ਜੱਜ ਵਿਸ਼ਾਲ ਗੋਗਨੇ ਨੇ ਕਿਹਾ, “ਨੋਟਿਸ ਲੈਣ ਦੇ ਪਹਿਲੂ ਤੋਂ ਸਾਰੇ ਪੱਖਾਂ ਵੱਲੋਂ ਦਲੀਲਾਂ ਪੂਰੀਆਂ ਹੋ ਗਈਆਂ ਹਨ। ਮਾਮਲੇ ਨੂੰ 29 ਜੁਲਾਈ ਨੂੰ ਫ਼ੈਸਲੇ ਲਈ ਸੂਚੀਬੱਧ ਕੀਤਾ ਜਾਵੇਗਾ।” ਉਨ੍ਹਾਂ ਈ.ਡੀ. ਨੂੰ ਨਿਰਦੇਸ਼ ਦਿੱਤਾ, “ਜੇਕਰ ਜ਼ਰੂਰੀ ਹੋਵੇ ਤਾਂ 15 ਤੋਂ 17 ਜੁਲਾਈ ਦਰਮਿਆਨ ਕੇਸ ਦੀਆਂ ਫਾਈਲਾਂ ਦੀ ਪੜਤਾਲ ਲਈ ਜਾਂਚ ਅਧਿਕਾਰੀ (ਆਈ.ਓ.) ਦੀ ਮੌਜੂਦਗੀ ਯਕੀਨੀ ਬਣਾਈ ਜਾਵੇ।”

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com**







# ਡੌਂਕੀ ਰੂਟ ਮਾਮਲੇ 'ਚ ਈ.ਡੀ. ਵੱਲੋਂ ਪੰਜਾਬ ਤੇ ਹਰਿਆਣਾ 'ਚ 11 ਥਾਵਾਂ 'ਤੇ ਛਾਪੇ

**ਜਲੰਧਰ, (ਪੰਜਾਬ ਮੇਲ)-** ਇਸ ਸਾਲ ਫਰਵਰੀ ਮਹੀਨੇ 'ਚ ਅਮਰੀਕਾ ਤੋਂ ਗੈਰ-ਕਾਨੂੰਨੀ ਤੌਰ 'ਤੇ ਗਏ ਲੋਕਾਂ ਨੂੰ ਵਾਪਸ ਭਾਰਤ ਭੇਜਣ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਜਲੰਧਰ ਦੀਆਂ ਅਲੱਗ-ਅਲੱਗ ਟੀਮਾਂ ਵਲੋਂ ਡੌਂਕੀ ਰੂਟ ਮਾਮਲੇ 'ਚ ਅੰਮ੍ਰਿਤਸਰ, ਪਟਿਆਲਾ, ਸੰਗਰੂਰ, ਕੁਰੂਕਸ਼ੇਤਰ, ਕਰਨਾਲ, ਅੰਬਾਲਾ ਦੀਆਂ 11 ਥਾਵਾਂ 'ਤੇ ਛਾਪੇ ਮਾਰ ਕੇ ਵੱਡੀ ਕਾਰਵਾਈ ਕੀਤੀ, ਜਿਸ ਤਹਿਤ ਕਾਫੀ ਸਮੇਂ ਤੱਕ ਜਾਂਚ ਦਾ ਕੰਮ ਚੱਲਦਾ ਰਿਹਾ। ਅਮਰੀਕਾ ਵੱਲੋਂ ਗੈਰ-ਕਾਨੂੰਨੀ ਤੌਰ 'ਤੇ ਰਹਿੰਦੇ ਭਾਰਤੀਆਂ ਨੂੰ ਵਾਪਸ ਭੇਜਿਆ ਗਿਆ ਸੀ, ਤਾਂ ਉਸ ਤੋਂ ਬਾਅਦ ਪੁਲਿਸ ਵਲੋਂ ਪੰਜਾਬ ਅਤੇ ਹਰਿਆਣਾ ਦੇ ਉਨ੍ਹਾਂ ਕਥਿਤ ਏਜੰਟਾਂ ਅਤੇ ਵਿਚੋਲਿਆਂ ਖ਼ਿਲਾਫ਼ 17 ਕੇਸ ਦਰਜ ਕੀਤੇ ਸਨ, ਜਿਨ੍ਹਾਂ 'ਤੇ ਲੋਕਾਂ ਤੋਂ ਮੋਟੀਆਂ ਰਕਮਾਂ ਲੈ ਕੇ ਉਨ੍ਹਾਂ ਨੂੰ ਡੌਂਕੀ ਰੂਟ ਰਾਹੀਂ ਵੀ ਅਮਰੀਕਾ ਭਿਜਵਾਇਆ ਗਿਆ ਸੀ।

**■ ਗੈਰ-ਕਾਨੂੰਨੀ ਤੌਰ 'ਤੇ ਲੋਕਾਂ ਨੂੰ ਵਿਦੇਸ਼ ਭੇਜਣ ਵਾਲੇ ਏਜੰਟ ਤੇ ਵਿਚੋਲੀਏ ਆਏ ਨਿਸ਼ਾਨੇ 'ਤੇ**

ਜਲੰਧਰ ਈ.ਡੀ. ਵੱਲੋਂ ਇਸ ਮਾਮਲੇ 'ਚ ਪੰਜਾਬ ਪੁਲਿਸ ਵੱਲੋਂ ਕੇਸ ਦਰਜ ਕਰਨ ਤੋਂ ਬਾਅਦ ਕਾਰਵਾਈ ਸ਼ੁਰੂ ਕੀਤੀ ਗਈ ਸੀ, ਤਾਂ ਕੁਝ ਮਹੀਨੇ ਪਹਿਲਾਂ ਹੀ ਈ.ਡੀ. ਵੱਲੋਂ ਇਸ ਠੱਗੀ ਦਾ ਸ਼ਿਕਾਰ ਹੋਏ ਕੁਝ ਵਿਅਕਤੀਆਂ ਨੂੰ ਵੀ ਜਾਣਕਾਰੀ ਹਾਸਲ ਕਰਨ ਲਈ ਤਲਬ ਕੀਤਾ ਸੀ, ਤਾਂ ਉਸ ਤੋਂ ਬਾਅਦ ਈ.ਡੀ. ਜਲੰਧਰ ਵਲੋਂ ਇਹ ਵੱਡੀ ਕਾਰਵਾਈ ਨੂੰ ਅੰਜ਼ਾਮ ਦਿੱਤਾ ਗਿਆ ਹੈ। ਪੁਲਿਸ ਵੱਲੋਂ ਕੇਸ ਦਰਜ ਕਰਨ ਤੋਂ ਬਾਅਦ ਈ.ਡੀ. ਵੀ ਹਰਕਤ ਵਿਚ ਆ ਗਈ ਸੀ, ਤਾਂ ਉਸ ਨੇ ਪੁਲਿਸ ਵਲੋਂ ਦਰਜ ਕੀਤੇ ਕੇਸਾਂ ਤੋਂ ਬਾਅਦ ਆਪਣੀ ਕਾਰਵਾਈ ਸ਼ੁਰੂ ਕੀਤੀ ਸੀ, ਤਾਂ ਪੀ.ਐੱਮ.ਐੱਲ.ਏ. ਤਹਿਤ ਇਹ ਛਾਪੇਮਾਰੀ ਕੀਤੀ ਗਈ ਹੈ ਕਿਉਂਕਿ ਕੁਝ ਮਹੀਨੇ ਪਹਿਲਾਂ ਕਈ ਲੋਕਾਂ ਨੇ ਦੋਸ਼ ਵੀ ਲਗਾਏ ਸਨ ਕਿ ਉਨ੍ਹਾਂ ਨੇ ਅਮਰੀਕਾ ਜਾਣ ਲਈ 45 ਤੋਂ 50 ਲੱਖ ਰੁਪਏ ਕਥਿਤ ਏਜੰਟਾਂ ਨੂੰ ਦਿੱਤੇ ਹਨ। ਇਹ ਰਕਮਾਂ ਬਾਹਰੋਂ-ਬਾਹਰ ਦਿੱਤੀਆਂ ਗਈਆਂ ਸਨ। ਜਿਨ੍ਹਾਂ ਦੀ ਜਾਂਚ ਫਿਰ ਈ.ਡੀ. ਜਲੰਧਰ ਦਫ਼ਤਰ ਵਲੋਂ ਸ਼ੁਰੂ ਕੀਤੀ ਗਈ ਸੀ ਕਿ ਇਸ ਮਾਮਲੇ ਵਿਚ ਵੱਡਾ ਲੈਣ-ਦੇਣ ਹੋਇਆ ਹੈ। ਜ਼ਿਕਰਯੋਗ ਹੈ ਕਿ ਡੌਂਕੀ ਰੂਟ ਰਾਹੀਂ ਲਿਜਾਏ ਜਾਂਦੇ ਕਈ ਲੋਕ ਆਪਣੀਆਂ ਜਾਨਾਂ ਵੀ ਗੁਆ ਲੈਂਦੇ ਹਨ। ਦੱਸਿਆ ਜਾਂਦਾ ਹੈ ਕਿ ਈ.ਡੀ. ਜਲੰਧਰ ਵੱਲੋਂ ਜਿਹੜੀ ਛਾਪੇਮਾਰੀ ਕੀਤੀ ਗਈ ਹੈ, ਉਸ ਨਾਲ ਕਥਿਤ ਏਜੰਟਾਂ ਅਤੇ ਵਿਚੌਲੀਆਂ ਵਿਚ ਕਾਫੀ ਹਫੜਾ-ਦਫੜੀ ਮਚੀ ਹੋਈ ਹੈ। ਈ.ਡੀ. ਵੱਲੋਂ ਇਹ ਜਾਣਕਾਰੀ ਸਾਹਮਣੇ ਲਿਆਈ ਜਾਣੀ ਹੈ ਕਿ ਜਿਨ੍ਹਾਂ ਲੋਕਾਂ ਨੂੰ ਅਮਰੀਕਾ ਤੋਂ ਜਬਰੀ ਕੱਢਿਆ ਗਿਆ ਹੈ, ਉਨ੍ਹਾਂ ਵੱਲੋਂ ਜਿਸ ਤਰ੍ਹਾਂ ਨਾਲ ਪ੍ਰਤੀ ਵਿਅਕਤੀ 45 ਤੋਂ 50 ਲੱਖ ਰੁਪਏ ਦੀ ਰਕਮ ਦਿੱਤੀ ਸੀ, ਤਾਂ ਇਹ ਰਕਮ ਕਈ ਕਰੋੜਾਂ ਵਿਚ ਪੁੱਜ ਗਈ ਸੀ। ਈ.ਡੀ. ਨੂੰ ਆਪਣੀ ਜਾਂਚ ਵਿਚ ਕਈ ਅਹਿਮ ਖ਼ੁਲਾਸੇ ਹੋਣ ਦੀ ਸੰਭਾਵਨਾ ਜ਼ਾਹਰ ਕੀਤੀ ਜਾ ਰਹੀ ਹੈ।

# ਨਪੁੰਸਕ ਬਣਾਉਣ ਦਾ ਮਾਮਲਾ: ਮੁੱਖ ਗਵਾਹ ਵੱਲੋਂ ਡੇਰੇ 'ਤੇ ਧਮਕੀਆਂ ਦੇਣ ਦਾ ਦੋਸ਼

**ਚੰਡੀਗੜ੍ਹ, (ਪੰਜਾਬ ਮੇਲ)-** ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਖ਼ਿਲਾਫ਼ ਨਪੁੰਸਕ ਬਣਾਉਣ ਸਬੰਧੀ ਕੇਸ ਵਿਚ ਪੀੜਤ ਤੇ ਮੁੱਖ ਗਵਾਹ ਨੇ ਖੁਦ ਨੂੰ ਅਤੇ ਆਪਣੇ ਪਰਿਵਾਰ ਨੂੰ ਧਮਕੀਆਂ ਮਿਲਣ ਦਾ ਦੋਸ਼ ਲਾਇਆ ਹੈ ਅਤੇ ਅਮਰੀਕਾ ਵਿਚ ਪਨਾਹ ਲਈ ਅਰਜ਼ੀ ਦਿੱਤੀ ਹੈ। ਉਹ ਚਾਹੁੰਦਾ ਹੈ ਕਿ ਧਮਕੀਆਂ ਕਾਰਨ ਕੇਸ ਵਿਚ ਉਸ ਦੀ ਜਿਰ੍ਹਾ ਵੀਡੀਓ ਕਾਨਫਰੰਸਿੰਗ ਰਾਹੀਂ ਕਰਵਾਈ ਜਾਵੇ ਪਰ ਰਾਮ ਰਹੀਮ ਇਸ ਦਾ ਵਿਰੋਧ ਕਰ ਰਿਹਾ ਹੈ। ਇਹ ਪੀੜਤ ਹੀ ਸੀ, ਜਿਸ ਦੀ ਪਟੀਸ਼ਨ 'ਤੇ 2015 ਵਿਚ ਸੀ.ਬੀ.ਆਈ. ਵੱਲੋਂ ਡੇਰਾ ਮੁਖੀ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ ਅਤੇ ਫਿਰ 2018 ਵਿਚ ਡਾਕਟਰਾਂ ਦੀ ਮਿਲੀਭੁਗਤ ਨਾਲ ਪੈਰੋਕਾਰਾਂ ਨੂੰ ਨਪੁੰਸਕ ਬਣਾਏ ਜਾਣ ਸਬੰਧੀ ਚਾਰਜਸ਼ੀਟ ਦਾਖਲ ਕੀਤੀ ਗਈ ਸੀ। ਪੰਚਕੂਲਾ ਦੀ ਹੇਠਲੀ ਅਦਾਲਤ ਦੇ ਸਾਹਮਣੇ ਪੀੜਤ ਨੇ ਆਪਣੇ ਵਕੀਲ ਨਵਕਿਰਨ ਸਿੰਘ ਰਾਹੀਂ ਦੱਸਿਆ ਕਿ ਉਹ ਜੂਨ 2024 'ਚ ਆਪਣੀ ਪਤਨੀ ਤੇ ਤਿੰਨ ਬੱਚਿਆਂ ਨਾਲ ਅਮਰੀਕਾ ਚਲਾ ਗਿਆ ਸੀ ਕਿਉਂਕਿ ਉਨ੍ਹਾਂ ਨੂੰ ਆਪਣੀ ਜਾਨ ਦਾ ਖਤਰਾ ਸੀ। ਉਸ ਨੇ ਕਿਹਾ ਕਿ ਉਹ ਭਾਰਤ

**■ ਮੁੱਖ ਗਵਾਹ ਨੇ ਕੇਸ ਦੀ ਜਿਰ੍ਹਾ ਵੀਡੀਓ ਕਾਨਫਰੰਸ ਰਾਹੀਂ ਕਰਾਉਣ ਦੀ ਕੀਤੀ ਮੰਗ**

ਵਾਪਸ ਆਉਣ ਦਾ ਇੱਛੁਕ ਨਹੀਂ ਹੈ ਪਰ ਮਾਮਲੇ 'ਚ ਵੀਡੀਓ ਕਾਨਫਰੰਸ ਰਾਹੀਂ ਜਿਰ੍ਹਾ ਕਰਾਉਣ ਲਈ ਤਿਆਰ ਹੈ। ਉਸ ਨੇ ਅਦਾਲਤ ਨੂੰ ਇਹ ਵੀ ਦੱਸਿਆ ਕਿ ਆਰਥਿਕ ਤੰਗੀ ਕਾਰਨ ਉਸ ਦੀ ਪਤਨੀ ਤੇ ਬੱਚੇ ਭਾਰਤ ਵਾਪਸ ਆ ਗਏ ਹਨ ਤੇ ਟੋਹਾਣਾ (ਹਰਿਆਣਾ) 'ਚ ਰਹਿ ਰਹੇ ਹਨ। ਉਸ ਨੇ ਦੱਸਿਆ ਕਿ ਰਾਮ ਰਹੀਮ ਦੇ ਪੈਰੋਕਾਰਾਂ ਵੱਲੋਂ ਜਾਨੋਂ ਮਾਰਨ ਦੀਆਂ ਮਿਲ ਰਹੀਆਂ ਧਮਕੀਆਂ ਦੇ ਆਧਾਰ 'ਤੇ ਉਸ ਨੇ ਅਮਰੀਕਾ 'ਚ ਪਨਾਹ ਲਈ ਅਰਜ਼ੀ ਦਿੱਤੀ ਹੈ। ਗਵਾਹ ਨੇ ਕਿਹਾ ਕਿ ਉਸ ਨੇ ਹਾਲਾਂਕਿ 25 ਮਾਰਚ ਤੇ 8 ਅਪ੍ਰੈਲ ਨੂੰ ਸੀ.ਬੀ.ਆਈ. ਨੂੰ ਪੱਤਰ ਲਿਖ ਕੇ ਆਪਣੇ ਪਰਿਵਾਰਕ ਮੈਂਬਰਾਂ ਲਈ ਸੁਰੱਖਿਆ ਮੰਗੀ ਸੀ ਤੇ ਡੇਰਾ ਮੁਖੀ ਦੇ ਪੈਰੋਕਾਰਾਂ ਵੱਲੋਂ ਉਸ ਨੂੰ ਜਾਨੋਂ ਮਾਰਨ ਦੀ ਧਮਕੀ ਮਿਲਣ ਬਾਰੇ ਜਾਣਕਾਰੀ ਦਿੱਤੀ ਸੀ। ਉਸ ਨੇ ਸ਼ਿਕਾਇਤ ਕੀਤੀ ਕਿ ਸੀ.ਬੀ.ਆਈ. ਨੇ ਵੀਡੀਓ ਕਾਨਫਰੰਸ ਰਾਹੀਂ ਗਵਾਹੀ ਦਰਜ ਕਰਾਉਣ ਦੀ ਇਜਾਜ਼ਤ ਮੰਗਣ ਲਈ ਇਸ ਅਦਾਲਤ 'ਚ ਰਸਮੀ ਅਰਜ਼ੀ ਨਹੀਂ ਦਿੱਤੀ। ਉਸ ਨੇ 11 ਜੁਲਾਈ ਨੂੰ ਅਦਾਲਤ ਨੂੰ ਦੱਸਿਆ ਕਿ 24 ਮਈ ਨੂੰ ਉਸ ਦੇ ਪਰਿਵਾਰ ਦੀ ਸੁਰੱਖਿਆ ਵਾਪਸ ਲੈ ਲਈ ਗਈ ਅਤੇ ਡੇਰਾ ਪੈਰੋਕਾਰਾਂ ਵੱਲੋਂ ਧਮਕੀਆਂ ਦਿੱਤੇ ਜਾਣ ਮਗਰੋਂ ਉਸ ਦੀ ਪਤਨੀ ਨੇ 26 ਮਈ ਨੂੰ ਫਤਿਹਾਬਾਦ ਦੇ ਐੱਸ.ਪੀ., ਸੀ.ਬੀ.ਆਈ. ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਨੂੰ ਇਸ ਬਾਰੇ ਪੱਤਰ ਲਿਖਿਆ ਸੀ। ਦੂਜੇ ਪਾਸੇ ਰਾਮ ਰਹੀਮ ਨੇ 11 ਜੁਲਾਈ ਆਪਣੇ ਵਕੀਲ ਅਮਰ ਡੀ. ਕਾਮਰਾ ਰਾਹੀਂ ਵੀਡੀਓ ਕਾਨਫਰੰਸਿੰਗ ਰਾਹੀਂ ਸੁਣਵਾਈ ਦਾ ਵਿਰੋਧ ਕਰਦਿਆਂ ਦਲੀਲ ਦਿੱਤੀ ਕਿ ਉਹ ਮੌਜੂਦਾ ਸਮੇਂ ਅਹਿਮ ਗਵਾਹ ਹੈ ਕਿਉਂਕਿ ਉਹ ਸ਼ਿਕਾਇਤਕਰਤਾ ਹੈ, ਜਿਸ ਕਾਰਨ ਇਹ ਕੇਸ ਦਰਜ ਕੀਤਾ ਗਿਆ। ਉਸ ਨੇ ਧਮਕੀਆਂ ਦਿੱਤੇ ਜਾਣ ਦੇ ਦੋਸ਼ਾਂ ਨੂੰ ਵੀ ਝੂਠਾ ਕਰਾਰ ਦਿੱਤਾ। ਇਸੇ ਦੌਰਾਨ ਸੀ.ਬੀ.ਆਈ. ਨੇ ਪੀੜਤ ਦੇ ਪਰਿਵਾਰ ਨੂੰ ਸੁਰੱਖਿਆ ਬਾਰੇ ਅਰਜ਼ੀ 'ਤੇ ਜਵਾਬ ਦੇਣ ਲਈ ਸਮਾਂ ਮੰਗਿਆ ਹੈ।

# ਹਰਿਆਣਾ ਅਤੇ ਗੋਆ ਨੂੰ ਮਿਲੇ ਨਵੇਂ ਰਾਜਪਾਲ ਤੇ ਲੱਦਾਖ ਨੂੰ ਉਪ ਰਾਜਪਾਲ

**ਨਵੀਂ ਦਿੱਲੀ, (ਪੰਜਾਬ ਮੇਲ)-** ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਹਰਿਆਣਾ ਅਤੇ ਗੋਆ ਵਿਚ ਨਵੇਂ ਰਾਜਪਾਲਾਂ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ ਲੱਦਾਖ ਵਿਚ ਨਵੇਂ ਉਪ ਰਾਜਪਾਲ ਦੀ ਨਿਯੁਕਤੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਪ੍ਰੋ. ਅਸ਼ੀਮ ਕੁਮਾਰ ਘੋਸ਼ ਨੂੰ ਹਰਿਆਣਾ ਦਾ ਨਵਾਂ ਰਾਜਪਾਲ ਨਿਯੁਕਤ ਕੀਤਾ ਗਿਆ ਹੈ। ਉਹ ਮੌਜੂਦਾ ਰਾਜਪਾਲ ਬੰਡਾਰੂ ਦੱਤਾਤ੍ਰੇਅ ਦੀ ਥਾਂ ਲੈਣਗੇ। ਸਾਬਕਾ ਸ਼ਹਿਰੀ ਹਵਾਬਾਜ਼ੀ ਮੰਤਰੀ ਪੁਸ਼ਪਤੀ ਅਸ਼ੋਕ ਗਜਪਤੀ ਰਾਜੂ ਨੂੰ ਗੋਆ ਦਾ ਰਾਜਪਾਲ ਨਿਯੁਕਤ ਕੀਤਾ ਹੈ। ਜੰਮੂ ਕਸ਼ਮੀਰ ਦੇ ਸਾਬਕਾ ਉਪ ਮੁੱਖ ਮੰਤਰੀ ਕਵਿੰਦਰ ਗੁਪਤਾ ਨੂੰ ਲੱਦਾਖ ਦੇ ਨਵੇਂ ਉਪ ਰਾਜਪਾਲ ਦੀ ਜ਼ਿੰਮੇਵਾਰ ਸੌਂਪੀ ਗਈ ਹੈ। ਬਿਆਨ ਮੁਤਾਬਕ, ਇਹ ਨਿਯੁਕਤੀਆਂ ਉਸ ਮਿਤੀ ਤੋਂ ਲਾਗੂ ਹੋਣਗੀਆਂ, ਜਿਸ ਦਿਨ ਉਹ ਆਪੋ-ਆਪਣੇ ਦਫ਼ਤਰਾਂ ਦਾ ਕਾਰਜਭਾਰ ਸੰਭਾਲ ਲੈਣਗੇ।

# ਰਾਸ਼ਟਰਪਤੀ ਮੁਰਮੂ ਵੱਲੋਂ ਰਾਜ ਸਭਾ ਲਈ ਚਾਰ ਉੱਘੀਆਂ ਸ਼ਖਸੀਅਤਾਂ ਨਾਮਜ਼ਦ

**ਨਵੀਂ ਦਿੱਲੀ, (ਪੰਜਾਬ ਮੇਲ)-** ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਆਪਣੀਆਂ ਸੰਵਿਧਾਨਕ ਸ਼ਕਤੀਆਂ ਦੀ ਵਰਤੋਂ ਕਰਦਿਆਂ ਰਾਜ ਸਭਾ ਲਈ ਚਾਰ ਉੱਘੀਆਂ ਸ਼ਖ਼ਸੀਅਤਾਂ ਨੂੰ ਨਾਮਜ਼ਦ ਕੀਤਾ ਹੈ। ਇਹ ਨਾਮਜ਼ਦਗੀਆਂ ਰਾਜ ਸਭਾ ਦੇ ਪਹਿਲਾਂ ਨਾਮਜ਼ਦ ਮੈਂਬਰਾਂ ਦੀ ਸੇਵਾਮੁਕਤੀ ਤੋਂ ਬਾਅਦ ਬਣੀਆਂ ਖਾਲੀ ਅਸਾਮੀਆਂ ਨੂੰ ਭਰਨ ਲਈ ਕੀਤੀਆਂ ਗਈਆਂ ਹਨ। ਇਸ ਸੂਚੀ 'ਚ ਉੱਜਵਲ ਦੇਵਰਾਓ ਨਿਕਮ ਦਾ ਨਾਮ ਵੀ ਸ਼ਾਮਲ ਹੈ।

ਰਾਜ ਸਭਾ ਲਈ ਨਾਮਜ਼ਦ ਕੀਤੀਆਂ ਗਈਆਂ ਚਾਰ ਪ੍ਰਮੁੱਖ ਸ਼ਖ਼ਸੀਅਤਾਂ ਵਿਚ ਵੱਖ-ਵੱਖ ਖੇਤਰਾਂ ਦੇ ਬਜ਼ੁਰਗ ਸ਼ਾਮਲ ਹਨ।

**■ ਉੱਜਵਲ ਨਿਕਮ ਵੀ ਸੂਚੀ 'ਚ ਸ਼ਾਮਲ**

**ਉਜਵਲ ਦੇਵਰਾਓ ਨਿਕਮ:** ਉਹ ਇੱਕ ਪ੍ਰਸਿੱਧ ਵਿਸ਼ੇਸ਼ ਸਰਕਾਰੀ ਵਕੀਲ ਹਨ। ਉਹ ਮੁੰਬਈ ਅੱਤਵਾਦੀ ਹਮਲੇ ਅਤੇ ਕਈ ਹੋਰ ਵੱਡੇ ਮਾਮਲਿਆਂ ਸਮੇਤ ਕਈ ਉੱਚ-ਪ੍ਰੋਫਾਈਲ ਅਪਰਾਧਿਕ ਮਾਮਲਿਆਂ ਵਿਚ ਆਪਣੀ ਮਜ਼ਬੂਤ ਭੂਮਿਕਾ ਲਈ ਜਾਣੇ ਜਾਂਦੇ ਹਨ।

**ਸੀ. ਸਦਾਨੰਦਨ ਮਸਤੇ:** ਉਹ ਕੇਰਲਾ ਦੇ ਰਹਿਣ ਵਾਲੇ ਇੱਕ ਸੀਨੀਅਰ ਸਮਾਜ ਸੇਵਕ ਅਤੇ ਸਿੱਖਿਆ ਸ਼ਾਸਤਰੀ ਹਨ। ਉਨ੍ਹਾਂ ਨੇ ਸਮਾਜ ਸੇਵਾ ਅਤੇ ਸਿੱਖਿਆ ਦੇ ਖੇਤਰ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ।

**ਹਰਸ਼ਵਰਧਨ ਸ਼੍ਰਿੰਗਲਾ:** ਉਹ ਭਾਰਤ ਦੇ ਸਾਬਕਾ ਵਿਦੇਸ਼ ਸਕੱਤਰ ਰਹੇ ਹਨ। ਉਹ ਭਾਰਤੀ ਕੂਟਨੀਤੀ ਅਤੇ ਵੱਖ-ਵੱਖ ਦੇਸ਼ਾਂ ਨਾਲ ਭਾਰਤ ਦੇ ਸਬੰਧਾਂ ਨੂੰ ਮਜ਼ਬੂਤ ਕਰਨ ਵਿਚ ਆਪਣੇ ਮਹੱਤਵਪੂਰਨ ਯੋਗਦਾਨ ਲਈ ਜਾਣੀ ਜਾਂਦੀ ਹੈ।

**ਮੀਨਾਕਸ਼ੀ ਜੈਨ:** ਇੱਕ ਉੱਘੀ ਇਤਿਹਾਸਕਾਰ ਅਤੇ ਸਿੱਖਿਆ ਸ਼ਾਸਤਰੀ। ਉਹ ਭਾਰਤੀ ਇਤਿਹਾਸ, ਖਾਸ ਕਰਕੇ ਸੱਭਿਆਚਾਰਕ ਅਤੇ ਧਾਰਮਿਕ ਇਤਿਹਾਸ 'ਤੇ ਆਪਣੀ ਵਿਆਪਕ ਖੋਜ ਅਤੇ ਲਿਖਣ ਲਈ ਜਾਣੀ ਜਾਂਦੀ ਹੈ।

# ਮੁਲਤਾਨੀ ਕੇਸ: ਹਾਈ ਕੋਰਟ ਵੱਲੋਂ ਮੁਲਜ਼ਮਾਂ ਦੀ ਅਰਜ਼ੀ 'ਤੇ ਸੀ.ਬੀ.ਆਈ. ਨੂੰ ਨੋਟਿਸ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਿਟਕੋ ਦੇ ਜੂਨੀਅਰ ਇੰਜਨੀਅਰ (ਜੇ.ਈ.) ਬਲਵਿੰਦਰ ਸਿੰਘ ਅਤੇ ਹੋਰਾਂ ਨੂੰ ਗ੍ਰਿਫ਼ਤਾਰ ਕਰਨ, ਗ਼ਲਤ ਢੰਗ ਨਾਲ ਹਿਰਾਸਤ ਵਿਚ ਰੱਖਣ ਅਤੇ ਹੱਤਿਆ ਦੇ ਦੋਸ਼ਾਂ ਸਬੰਧੀ ਐੱਫ.ਆਈ.ਆਰ. ਦਰਜ ਹੋਣ ਤੋਂ ਲਗਪਗ 31 ਸਾਲ ਮਗਰੋਂ ਮੁਕੱਦਮੇ ਨੂੰ ਮੁਹਾਲੀ ਦੀ ਕਿਸੇ ਹੋਰ ਅਦਾਲਤ ਵਿਚ ਤਬਦੀਲ ਕਰਨ ਦੀ ਮੰਗ ਵਾਲੀ ਪਟੀਸ਼ਨ 'ਤੇ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੂੰ ਨੋਟਿਸ ਜਾਰੀ ਕੀਤਾ ਹੈ। ਇਹ ਕੇਸ ਇਸ ਸਮੇਂ ਮੁਹਾਲੀ ਵਿਚ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਵਿਚ ਵਿਚਾਰ ਅਧੀਨ ਹੈ। ਇਸ ਕੇਸ ਵਿਚ ਨਾਮਜ਼ਦ ਸਾਬਕਾ ਪੁਲਿਸ ਅਧਿਕਾਰੀਆਂ ਨੇ ਹਾਈ ਕੋਰਟ ਦਾ ਰੁਖ਼ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਝੂਠਾ ਫਸਾਇਆ ਗਿਆ ਹੈ ਅਤੇ ਨਿਰਪੱਖ ਸੁਣਵਾਈ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਹੇਠਲੀ ਅਦਾਲਤ ਉਨ੍ਹਾਂ ਦੇ ਵਕੀਲ ਨੂੰ ਇਸਤਗਾਸਾ ਪੱਖ ਦੇ ਗਵਾਹਾਂ ਖਾਸ ਕਰ ਜਾਂਚ ਅਧਿਕਾਰੀ ਨਾਲ ਸਹੀ ਢੰਗ ਨਾਲ ਜ਼ਿਰ੍ਹਾ ਕਰਨ ਦੀ ਇਜਾਜ਼ਤ ਨਹੀਂ ਦੇ ਰਹੀ, ਜਿਸ ਕਾਰਨ ਉਨ੍ਹਾਂ ਲਈ ਆਪਣਾ ਬਚਾਅ ਕਰਨਾ ਅਸੰਭਵ ਹੋ ਗਿਆ ਹੈ। ਪਟੀਸ਼ਨਰਾਂ ਨੇ 6 ਜੂਨ ਦੇ ਉਸ ਹੁਕਮ ਨੂੰ ਚੁਣੌਤੀ ਦਿੱਤੀ ਹੈ, ਜਿਸ ਵਿਚ ਮੁਹਾਲੀ ਦੇ ਸੈਸ਼ਨ ਜੱਜ ਨੇ ਮੁਕੱਦਮੇ ਨੂੰ ਤਬਦੀਲ ਕਰਨ ਦੀ ਉਨ੍ਹਾਂ ਦੀ ਅਰਜ਼ੀ ਰੱਦ ਕਰ ਦਿੱਤੀ ਸੀ। ਪਟੀਸ਼ਨਰਾਂ ਨੇ ਇਹ ਵੀ ਦੋਸ਼ ਲਾਇਆ ਕਿ ਇਹ ਹੁਕਮ ਮਾਮਲੇ ਦੇ ਤੱਥਾਂ ਅਤੇ ਸਥਿਤੀਆਂ ਨੂੰ ਧਿਆਨ ਵਿਚ ਰੱਖੇ ਬਿਨਾਂ 'ਮਕੈਨੀਕਲ ਢੰਗ' ਨਾਲ ਪਾਸ ਕੀਤਾ ਗਿਆ ਸੀ। ਪਟੀਸ਼ਨ ਅਨੁਸਾਰ,

**■ ਸਾਬਕਾ ਪੁਲਿਸ ਅਧਿਕਾਰੀਆਂ ਵੱਲੋਂ ਕੇਸ ਮੁਹਾਲੀ ਦੀ ਕਿਸੇ ਹੋਰ ਅਦਾਲਤ ਵਿਚ ਤਬਦੀਲ ਕਰਨ ਦੀ ਮੰਗ**

ਐੱਫ.ਆਈ.ਆਰ. 12 ਸਤੰਬਰ 1994 ਨੂੰ ਦਰਜ ਕੀਤੀ ਗਈ ਸੀ ਅਤੇ ਚਲਾਨ 31 ਮਈ 1996 ਨੂੰ ਪੇਸ਼ ਕੀਤਾ ਗਿਆ ਸੀ, ਪਰ ਇਸਤਗਾਸਾ ਪੱਖ ਦੀ ਗਵਾਹੀ ਹਾਲੇ ਵੀ ਜਾਰੀ ਹੈ। ਇਹ ਮਾਮਲਾ ਹੋਰ ਪੁੱਛ-ਪੜਤਾਲ ਲਈ ਇਸ ਸਮੇਂ ਜਾਂਚ ਅਧਿਕਾਰੀ ਕੋਲ ਸੂਚੀਬੱਧ ਹੈ। ਪਟੀਸ਼ਨਰਾਂ, ਜਿਨ੍ਹਾਂ ਨੂੰ ਸੇਵਾਮੁਕਤ ਅਤੇ ਬਜ਼ੁਰਗ ਪੁਲਿਸ ਅਧਿਕਾਰੀ ਦੱਸਿਆ ਗਿਆ ਹੈ, ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਗਵਾਹਾਂ ਨਾਲ ਜ਼ਿਰ੍ਹਾ ਕਰਨ ਦਾ ਨਿਰਪੱਖ ਮੌਕਾ ਨਹੀਂ ਮਿਲਿਆ ਅਤੇ ਉਹ ਇਨਸਾਫ਼ ਯਕੀਨੀ ਬਣਾਉਣ ਲਈ ਮੁਕੱਦਮੇ ਨੂੰ ਮੁਹਾਲੀ ਦੀ ਕਿਸੇ ਹੋਰ ਅਦਾਲਤ ਵਿਚ ਤਬਦੀਲ ਕਰਨ ਦੀ ਮੰਗ ਕਰ ਰਹੇ ਹਨ। ਸੀਨੀਅਰ ਐਡਵੋਕੇਟ ਬਿਪਨ ਘਈ ਤੇ ਐਡਵੋਕੇਟ ਨਿਖਿਲ ਘਈ ਪਟੀਸ਼ਨਰਾਂ ਨਾਲ ਅਦਾਲਤ ਵਿਚ ਪੇਸ਼ ਹੋਏ। ਉਨ੍ਹਾਂ ਕਿਹਾ ਕਿ ਇਸ ਸਮੇਂ ਹੇਠਲੀ ਅਦਾਲਤ 'ਚ ਮਾਹੌਲ ਉਨ੍ਹਾਂ ਦੇ ਮੁਵੱਕਿਲਾਂ ਦੇ ਉਲਟ ਹੈ ਅਤੇ ਨਿਰਪੱਖ ਬਚਾਅ ਦੇ ਉਨ੍ਹਾਂ ਦੇ ਅਧਿਕਾਰ ਨੂੰ ਕਮਜ਼ੋਰ ਕਰਦਾ ਹੈ। ਵਿਸ਼ੇਸ਼ ਸਰਕਾਰੀ ਵਕੀਲ ਆਕਾਸ਼ਦੀਪ ਸਿੰਘ ਵੱਲੋਂ ਨੋਟਿਸ ਸਵੀਕਾਰ ਕਰਨ ਅਤੇ ਹਲਫ਼ਨਾਮਾ ਦਾਇਰ ਕਰਨ ਲਈ ਸਮਾਂ ਮੰਗੇ ਜਾਣ ਮਗਰੋਂ ਜਸਟਿਸ ਮੰਜਰੀ ਨਹਿਰੂ ਕੌਲ ਨੇ ਸੀ.ਬੀ.ਆਈ. ਨੂੰ ਨੋਟਿਸ ਜਾਰੀ ਕਰ ਦਿੱਤਾ। ਮਾਮਲੇ ਦੀ ਅਗਲੀ ਸੁਣਵਾਈ 28 ਅਗਸਤ ਤੈਅ ਕੀਤੀ ਗਈ ਹੈ।

# ਭਾਰਤ 'ਚ ਪੈਰ ਪਸਾਰ ਰਹੀ ਇਹ 'ਖਾਮੋਸ਼ ਮਹਾਮਾਰੀ'!

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤੀਆਂ ਵੱਲੋਂ ਲੂਣ ਦੀ ਮਿੱਥੀ ਹੱਦ ਤੋਂ ਵੱਧ ਵਰਤੋਂ ਦੇਸ਼ 'ਚ ਇਕ ਖਾਮੋਸ਼ ਮਹਾਮਾਰੀ ਦਾ ਰੂਪ ਧਾਰਨ ਕਰ ਰਹੀ ਹੈ। ਇਸ ਨਾਲ ਲੋਕਾਂ 'ਚ ਹਾਈ ਬਲੱਡ ਪ੍ਰੈਸ਼ਰ, ਸਟ੍ਰੋਕ, ਦਿਲ ਅਤੇ ਗੁਰਦੇ ਦੀਆਂ ਬੀਮਾਰੀਆਂ ਦਾ ਖਤਰਾ ਵਧ ਰਿਹਾ ਹੈ। ਇਹ ਜਾਣਕਾਰੀ ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ (ਆਈ.ਸੀ.ਐੱਮ.ਆਰ.) ਦੇ ਨੈਸ਼ਨਲ ਇੰਸਟੀਚਿਊਟ ਆਫ਼ ਐਪੀਡੈਮਿਓਲੋਜੀ ਦੇ ਵਿਗਿਆਨੀਆਂ ਨੇ ਦਿੱਤੀ ਹੈ। ਵਿਗਿਆਨੀਆਂ ਨੇ ਇਸ ਸਮੱਸਿਆ ਨੂੰ ਹੱਲ ਕਰਨ ਲਈ ਕਮਿਊਨਿਟੀ-ਆਧਾਰਿਤ ਲੂਣ ਘਟਾਉਣ ਦਾ ਇਕ ਅਧਿਐਨ ਸ਼ੁਰੂ ਕੀਤਾ ਹੈ। ਉਹ ਘੱਟ ਸੋਡੀਅਮ ਵਾਲੇ ਲੂਣ ਦੇ ਬਦਲਾਂ 'ਤੇ ਧਿਆਨ ਕੇਂਦਰਿਤ ਕਰ ਰਹੇ ਹਨ।

ਵਿਸ਼ਵ ਸਿਹਤ ਸੰਗਠਨ ਨੇ ਪ੍ਰਤੀ ਵਿਅਕਤੀ ਰੋਜ਼ਾਨਾ 5 ਗ੍ਰਾਮ ਤੋਂ ਘੱਟ ਲੂਣ ਦੀ ਵਰਤੋਂ ਕਰਨ ਦੀ ਸਿਫਾਰਸ਼ ਕੀਤੀ ਹੈ ਪਰ ਅਧਿਐਨਾਂ ਤੋਂ ਪਤਾ ਲੱਗਦਾ ਹੈ ਕਿ ਸ਼ਹਿਰਾਂ 'ਚ ਰਹਿਣ ਵਾਲੇ ਭਾਰਤੀ ਲਗਭਗ 9.2 ਗ੍ਰਾਮ ਲੂਣ ਹਰ ਰੋਜ਼ ਖਾਂਦੇ ਹਨ। ਪੇਂਡੂ ਖੇਤਰਾਂ 'ਚ ਇਹ ਲਗਭਗ 5.6 ਗ੍ਰਾਮ ਹੈ। ਇਸ ਤਰ੍ਹਾਂ ਪੂਰੇ ਦੇਸ਼ 'ਚ ਲੂਣ ਦੀ ਵਰਤੋਂ ਸਿਫ਼ਾਰਸ਼ ਕੀਤੀ ਮਾਤਰਾ ਤੋਂ ਵੱਧ ਹੈ। ਨੈਸ਼ਨਲ ਇੰਸਟੀਚਿਊਟ ਆਫ਼ ਐਪੀਡੈਮੀਓਲੋਜੀ ਦੇ ਸੀਨੀਅਰ ਵਿਗਿਆਨੀ ਤੇ ਅਧਿਐਨ ਦੇ ਮੁੱਖ ਜਾਂਚਕਰਤਾ ਡਾ. ਸ਼ਰਨ ਮੁਰਲੀ ਨੇ ਕਿਹਾ ਕਿ ਇਸ ਸਥਿਤੀ ਨੂੰ ਬਦਲਣ ਦੀ ਇਕ ਉਮੀਦ ਘੱਟ ਸੋਡੀਅਮ ਵਾਲਾ ਲੂਣ ਹੈ। ਇਹ ਲੂਣ ਦਾ ਇਕ ਰੂਪ ਹੈ, ਜਿਸ 'ਚ ਸੋਡੀਅਮ ਕਲੋਰਾਈਡ ਦੇ ਇਕ ਹਿੱਸੇ ਨੂੰ ਪੋਟਾਸ਼ੀਅਮ ਜਾਂ ਮੈਗਨੀਸ਼ੀਅਮ ਲੂਣ ਨਾਲ ਬਦਲਿਆ ਜਾਂਦਾ ਹੈ।

# ਐੱਨ.ਆਰ.ਆਈ. ਨੂੰ ਬੰਦ ਪਏ ਮਕਾਨ ਦਾ 33,500 ਰੁਪਏ ਆਇਆ ਬਿਜਲੀ ਦਾ ਬਿੱਲ

**ਜੰਡਿਆਲਾ ਗੁਰੂ, (ਪੰਜਾਬ ਮੇਲ)-** ਸਥਾਨਕ ਜੋਤੀਸਰ ਕਲੋਨੀ ਵਿਚ ਕੈਨੇਡਾ ਰਹਿੰਦੇ ਐੱਨ.ਆਰ.ਆਈ. ਪੱਤਰਕਾਰ ਕੰਵਲਜੀਤ ਸਿੰਘ ਦਾ ਮਕਾਨ ਹੈ ਤੇ ਪਿਛਲੀ 11 ਮਹੀਨਿਆਂ ਤੋਂ ਮਕਾਨ ਮਾਲਕਾਂ ਦੇ ਕੈਨੇਡਾ ਰਹਿਣ ਕਾਰਨ ਮਕਾਨ ਬੰਦ ਪਿਆ ਹੈ। ਲੰਮੇ ਸਮੇਂ ਤੋਂ ਕੈਨੇਡਾ 'ਚ ਰਹਿ ਰਹੇ ਪੱਤਰਕਾਰ ਨੂੰ 11 ਮਹੀਨੇ ਬਾਅਦ ਆਪਣੇ ਬੰਦ ਪਏ ਘਰ ਆਉਣ 'ਤੇ 33500 ਦੇ ਬਿੱਲ ਦਾ ਭੁਗਤਾਨ ਕਰਨ ਦੇ ਆਦੇਸ਼ ਮਿਲੇ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਗੁਰਮੀਤ ਕੌਰ ਕੰਵਲ ਨੇ ਦੱਸਿਆ ਕਿ ਉਹ ਕੈਨੇਡਾ ਤੋਂ 11 ਮਹੀਨੇ ਬਾਅਦ ਆਪਣੇ ਪਰਿਵਾਰ ਵਿਚ ਇੱਕ ਨੌਜਵਾਨ ਦੀ ਮੌਤ ਹੋਣ ਜਾਣ ਕਾਰਨ ਕੈਨੇਡਾ ਤੋਂ ਵਾਪਸ ਆਏ, ਤਾਂ ਉਨ੍ਹਾਂ ਦੇ ਘਰ ਦੇ ਬਿਜਲੀ ਦਾ ਬਿੱਲ ਜਿਸ ਦਾ ਖਾਤਾ ਨੰਬਰ 3005465357 ਹੈ, ਦੇ 33,500 ਰੁਪਏ ਭੁਗਤਾਨ ਕਰਨ ਦਾ ਆਦੇਸ਼ ਉਨ੍ਹਾਂ ਨੂੰ ਮਿਲਿਆ। ਉਨ੍ਹਾਂ ਦੱਸਿਆ ਉਹ ਪਹਿਲਾਂ ਵੀ ਜਦੋਂ ਕੈਨੇਡਾ ਵਿਚ ਸਨ, ਤਾਂ ਉਸ ਸਮੇਂ ਵੀ ਉਨ੍ਹਾਂ ਨਾਲ ਅਜਿਹਾ ਹੀ ਕਾਰਾ ਹੋ ਚੁੱਕਾ ਹੈ, ਜਿਸ ਦੀ ਸ਼ਿਕਾਇਤ ਵੀ ਬਿਜਲੀ ਵਿਭਾਗ ਦੇ ਰਿਕਾਰਡ ਵਿਚ ਦਰਜ ਹੈ। ਪੀੜਤ ਪਤੀ ਪਤਨੀ ਨੇ ਉਨ੍ਹਾਂ ਦੇ ਬੰਦ ਪਏ ਘਰ ਦੇ ਬਿੱਲ ਦੀ ਜਾਂਚ ਪੜਤਾਲ ਕਰਵਾ ਕੇ ਇਨਸਾਫ ਦਿਵਾਏ ਜਾਣ ਦੀ ਮੰਗ ਕੀਤੀ ਹੈ।

**■ ਮੁੱਖ ਮੰਤਰੀ ਅਤੇ ਬਿਜਲੀ ਮੰਤਰੀ ਤੋਂ ਇਨਸਾਫ ਦੀ ਮੰਗ ਕੀਤੀ**

ਇਸ ਸਬੰਧੀ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਉਪ ਮੰਡਲ ਜੰਡਿਆਲਾ ਗੁਰੂ ਦੇ ਐੱਸ.ਡੀ.ਓ. ਸੁਖਜੀਤ ਸਿੰਘ ਨੇ ਦੱਸਿਆ ਇਸ ਸਬੰਧੀ ਉਨ੍ਹਾਂ ਨੂੰ ਵਟਸਐਪ 'ਤੇ ਮੈਸੇਜ ਮਿਲਿਆ ਹੈ ਅਤੇ ਇਸ ਬਿੱਲ ਦੀ ਜਾਂਚ ਪੜਤਾਲ ਕਰਵਾਈ ਜਾ ਰਹੀ ਹੈ ਅਤੇ ਜੇ ਇਸ ਬਿੱਲ ਦੀ ਰੀਡਿੰਗ ਗਲਤ ਹੋਈ ਜਾਂ ਬਿੱਲ ਗਲਤ ਬਣਿਆ ਹੋਇਆ, ਤਾਂ ਉਹ ਦਰੁੱਸਤ ਕੀਤਾ ਜਾਵੇਗਾ ਅਤੇ ਜੇ ਇਹ ਸਭ ਠੀਕ ਹੋਇਆ ਤਾਂ ਖਪਤਕਾਰ ਨੂੰ ਇਸ ਬਿੱਲ ਦਾ ਭੁਗਤਾਨ ਕਰਨਾ ਪਵੇਗਾ।

# ਗਾਜ਼ਾ 'ਚ ਜੰਗ ਦੌਰਾਨ 58,000 ਤੋਂ ਵੱਧ ਫਲਸਤੀਨੀ ਮਾਰੇ ਗਏ

**ਅਲ-ਬਲਾਹ (ਗਾਜ਼ਾ ਪੱਟੀ) (ਪੰਜਾਬ ਮੇਲ)-** ਗਾਜ਼ਾ ਵਿਚ 21 ਮਹੀਨੇ ਜਾਰੀ ਜੰਗ ਵਿਚ 58,000 ਤੋਂ ਵੱਧ ਫਲਸਤੀਨੀ ਮਾਰੇ ਗਏ ਹਨ। ਸਥਾਨਕ ਸਿਹਤ ਮੰਤਰਾਲਾ ਨੇ ਇਹ ਜਾਣਕਾਰੀ ਦਿੱਤੀ। ਮੰਤਰਾਲੇ ਨੇ ਆਪਣੀ ਗਿਣਤੀ ਵਿਚ ਨਾਗਰਿਕਾਂ ਅਤੇ ਹਮਾਸ ਲੜਾਕਿਆਂ ਵਿਚ ਕੋਈ ਫਰਕ ਨਹੀਂ ਕੀਤਾ ਹੈ, ਪਰ ਕਿਹਾ ਹੈ ਕਿ ਮ੍ਰਿਤਕਾਂ ਵਿਚੋਂ ਅੱਧੇ ਤੋਂ ਵੱਧ ਔਰਤਾਂ ਅਤੇ ਬੱਚੇ ਹਨ।

ਇਹ ਮੌਤਾਂ ਦੀ ਗਿਣਤੀ ਅਜਿਹੇ ਸਮੇਂ ਸਾਹਮਣੇ ਆਈ ਹੈ, ਜਦੋਂ ਇਜ਼ਰਾਈਲ ਅਤੇ ਹਮਾਸ ਵਿਚਕਾਰ ਜੰਗਬੰਦੀ ਲਈ ਅਮਰੀਕਾ ਦੀ ਵਿਚੋਲਗੀ ਨਾਲ ਗੱਲਬਾਤ ਚੱਲ ਰਹੀ ਹੈ।

# PUNJAB MAIL USA

## TV Channel, Newspaper, Radio

## All over America, Canada, Australia & Europe

### All over America, Canada, Australia & Europe

24 Hours 7 Days

- IP TV (24 Hours)
- App: Punjab Mail USA (24 Hours)
  Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold # 2867, Gem # 375, TV Zon # 6888, Glow TV # 1828, Tashan # 131, Real TV etc.*

*For any Information & Advertisement Call at*

**+1-916-320-9444**



# ਨਾਨਕ ਦੁਖੀਆ ਸਭ ਸੰਸਾਰ ...

ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ (ਕੈਲੀਫੋਰਨੀਆ)
ਫੋਨ : 559-285-0841
ਪੰਜਾਬ ਮੇਲ USA





ਅੱਜ ਜਦ ਵੀ ਸਾਡੇ ਸਮਾਜ ਅੰਦਰ ਕਿਸੇ ਵੀ ਇਨਸਾਨ ਦੀ ਦੁੱਖਾਂ ਭਰੀ ਕਹਾਣੀ ਦੀ ਗੱਲ ਚੱਲਦੀ ਹੈ, ਤਾਂ ਸਾਨੂੰ ਸਾਰਿਆਂ ਨੂੰ ਇੰਝ ਪ੍ਰਤੀਤ ਹੁੰਦਾ ਜਿਵੇਂ ਅਸੀਂ ਇਕੱਲੇ ਹੀ ਬਹੁਤ ਦੁਖੀ ਹੋਈਏ। ਪਰ ਅਸਲ ਵਿਚ ਇਹ ਗੱਲ ਨਹੀਂ ਹੈ। ਹਰ ਇਨਸਾਨ ਦੀ ਅੱਜ ਦੇ ਸਮੇਂ ਅੰਦਰ ਦੁੱਖਾਂ ਦੀ ਕਹਾਣੀ ਬਹੁਤ ਲੰਬੀ ਹੈ। ਬਹੁਤ ਦੁਨੀਆਂ ਦੁੱਖਾਂ ਨਾਲ ਜੂਝ ਰਹੀ ਹੈ। ਬਹੁਤ ਦੁਨੀਆਂ ਬਿਮਾਰੀਆਂ ਦੇ ਨਾਲ ਜੂਝ ਰਹੀ ਹੈ, ਕਿਸੇ ਨੂੰ ਗਰੀਬੀ ਦਾ ਫਿਕਰ ਹੈ। ਕਿਸੇ ਨੂੰ ਅਮੀਰੀ ਦੇ ਪੈਸੇ ਸਾਂਭਣ ਦਾ ਫਿਕਰ ਵੱਢ-ਵੱਢ ਖਾਈ ਜਾ ਰਿਹਾ ਹੈ। ਕੋਈ ਕਰਜੇ ਨੂੰ ਲੈ ਕੇ ਪ੍ਰੇਸ਼ਾਨ ਹੈ। ਕੋਈ ਔਲਾਦ ਦੇ ਹੱਥੋਂ ਬੇਬਸ ਹੈ। ਕੋਈ ਹਸਪਤਾਲ ਦੇ ਵਿਚ ਬਿਮਾਰੀ ਦੇ ਨਾਲ ਜ਼ਿੰਦਗੀ-ਮੌਤ ਦੀ ਲੜਾਈ ਲੜ ਰਿਹਾ ਹੈ। ਕੋਈ ਸੜਕ 'ਤੇ ਭੀਖ ਮੰਗ ਰਿਹਾ ਹੈ। ਕੋਈ ਕੋਰਟ-ਕਚਹਿਰੀਆਂ ਦੇ ਚੱਕਰ ਕੱਟ ਰਿਹਾ ਹੈ। ਕੋਈ ਪਰਿਵਾਰਾਂ ਦੇ ਵਿਚ ਵੱਡੇ ਤੋਂ ਵੱਡੇ ਮਸਲੇ ਬਣਾ ਕੇ ਅਦਾਲਤਾਂ ਦੇ ਕੇਸ ਦਾ ਸਾਹਮਣਾ ਕਰਦਾ ਕਰਦਾ ਜ਼ਿੰਦਗੀ ਨੂੰ ਅਲਵਿਦਾ ਆਖ ਜਾਂਦਾ ਹੈ।

ਬਹੁਤ ਸਾਰੇ ਲੋਕ ਬਿਮਾਰੀਆਂ ਤੋਂ ਪੀੜਤ ਹੋ ਕੇ ਜ਼ਿੰਦਗੀ ਤਿਆਗ ਦਿੰਦੇ ਹਨ। ਸਾਡੇ ਸਮਾਜ ਅੰਦਰ ਅਜਿਹੇ ਇਨਸਾਨਾਂ ਦੀ ਵੀ ਕਮੀ ਨਹੀਂ, ਜਿਹੜੇ ਆਪਣਿਆਂ ਦਾ ਕਰਦੇ-ਕਰਦੇ ਪਾਰ ਢੋਂਹਦੇ-ਢੋਂਹਦੇ ਸਮਾਜ ਦੇ ਅੰਦਰ ਸਮਾਂ ਬਤੀਤ ਕਰਦੇ ਹਨ ਪਰ ਜਦ ਉਨ੍ਹਾਂ ਦੀ ਬਦਲੇ ਦੇ ਵਿਚ ਪਰਿਵਾਰ ਤੋਂ ਕੁਝ ਲੈਣ ਦੀ ਵਾਰੀ ਆਉਂਦੀ ਹੈ, ਤਾਂ ਪਰਿਵਾਰ ਉਸ ਨੂੰ ਠੇਂਗਾ ਵਿਖਾ ਦਿੰਦਾ ਹੈ। ਇਹ ਰੀਤ, ਇਹ ਰਿਵਾਜ਼, ਇਹ ਸਭ ਕੁਝ ਇਹ ਵਰਤਾਰਾ ਸਦੀਆਂ ਤੋਂ ਚੱਲਦਾ ਆਇਆ ਹੈ। ਮੇਰੇ ਕਹਿਣ ਦਾ ਭਾਵ ਹੈ ਕਿ ਇਸ ਸੰਸਾਰ ਉੱਤੇ ਅਸੀਂ ਇਕੱਲੇ ਹੀ ਦੁਖੀ ਨਹੀਂ ਹਾਂ। ਗੁਰਬਾਣੀ ਦਾ ਕਥਨ ਹੈ 'ਨਾਨਕ ਦੁਖੀਆ ਸਭ ਸੰਸਾਰ'। ਸੋ ਉਸ ਕਥਨ ਨੂੰ ਵੇਖਦੇ ਹੋਏ ਦੁਖੀ ਇਨਸਾਨਾਂ ਦੀ ਵੱਡੀ ਭੀੜ ਹੈ। ਅੱਜ ਸਾਡੇ ਸਮਾਜ ਦੇ ਅੰਦਰ ਚਾਰੇ ਪਾਸੇ ਆਲਮ ਇੱਕੋ ਜਿਹਾ ਹੈ, ਹਸਪਤਾਲਾਂ ਅੰਦਰ ਚਲੇ ਜਾਈਏ, ਤਾਂ ਬਿਮਾਰੀ ਦੇ ਨਾਲ ਕਰਹਾਉਂਦੇ ਮਰੀਜ਼ਾਂ ਦੇ ਦਰਸ਼ਨ ਸਾਨੂੰ ਆਮ ਹੋ ਜਾਂਦੇ ਹਨ। ਉਸ ਤੋਂ ਬਾਅਦ ਮੇਲਿਆਂ 'ਤੇ ਵੀ ਭਾਰੀ ਇਕੱਠ ਹੈ। ਸੜਕਾਂ 'ਤੇ ਵੀ ਲੱਗੀ ਭੀੜ ਸਾਨੂੰ ਕਿਸੇ ਦੂਜੀ ਦੁਨੀਆਂ ਦਾ ਭੁਲੇਖਾ ਪਾਉਂਦੀ ਹੈ।

ਹਸਪਤਾਲ ਦੇ ਵਿਚ ਜਾ ਕੇ ਸਾਨੂੰ ਇੰਝ ਪ੍ਰਤੀਤ ਹੁੰਦਾ ਹੈ ਕਿ ਸਾਰੀ ਦੁਨੀਆਂ ਇੱਥੇ ਹੀ ਹੈ। ਸਾਰੀ ਦੁਨੀਆਂ ਬਿਮਾਰ ਹੈ ਪਰ ਅਸਲ ਵਿਚ ਦੁਨੀਆਂ ਐਡੀ ਵੱਡੀ ਹੈ ਕਿ ਅਸੀਂ ਆਪ ਉਸ ਦੇ ਵਿਚ ਗੁਆਚ ਕੇ ਛੋਟੇ ਹੋ ਜਾਂਦੇ ਹਾਂ। ਦੁਨੀਆਂ ਕੋਈ ਛੋਟੀ ਨਹੀਂ ਹੈ, ਇਕ ਮੇਲਾ ਹੈ। ਸਭ ਜੱਗ ਚੱਲਣਹਾਰ ਹੈ ਪਰ ਅਸੀਂ ਸ਼ਾਇਦ ਇਸ ਗੱਲ ਨੂੰ ਸਮਝਣ ਤੋਂ ਅਸਮਰਥ ਹਾਂ ਕਿ ਇੱਥੇ ਕਿਸੇ ਨੇ ਰਹਿ ਨਹੀਂ ਜਾਣਾ, ਸਾਰਿਆਂ ਨੇ ਆਪੋ-ਆਪਣੀ ਵਾਰੀ ਤੁਰ ਜਾਣਾ ਹੈ। ਹਸਪਤਾਲਾਂ ਦੇ ਅੰਦਰ ਦਰਦ ਨਾਲ ਰੀਂਗਦੇ ਲੋਕਾਂ ਦੀ ਤਸਵੀਰ ਬਹੁਤ ਵਾਰ ਮਨ ਦੇ ਅੰਦਰ ਮਾੜੇ ਖਿਆਲ ਲਿਆਉਂਦੀ ਹੈ ਪਰ ਕੀ ਕਰ ਸਕਦੇ ਹਾਂ, ਮਾਲਕ ਸਭ ਦਾ ਰਾਖਾ ਹੈ, ਮਾਲਕ ਨੇ ਜੋ ਕਰਨਾ ਹੈ, ਉਸਨੇ ਕਰਨਾ ਹੈ। ਪਰ ਗੱਲ ਇੱਥੇ ਆ ਕੇ ਮੁੱਕ ਜਾਂਦੀ ਹੈ ਕਿ ਸਾਨੂੰ ਆਪ ਦਾ ਦੁੱਖ ਸਾਰਿਆਂ ਤੋਂ ਵੱਡਾ ਲੱਗਦਾ ਹੈ, ਇਸ ਤਰ੍ਹਾਂ ਨਹੀਂ ਹੈ। ਦੁੱਖ ਸਾਰਿਆਂ ਦੇ ਵੱਡੇ ਹਨ। ਹੋ ਸਕਦਾ ਸਾਨੂੰ ਦੂਜੇ ਜਿੱਡਾ ਦੁੱਖ ਨਾ ਹੋਵੇ ਤੇ ਅਸੀਂ ਆਪਦਾ ਰੌਲਾ ਆਪ ਜਾਣਬੁੱਝ ਕੇ ਪਾਉਂਦੇ ਹੋਈਏ। ਅਸੀਂ ਇਹ ਸੋਚੀਏ ਕਿ ਸਾਰਿਆਂ ਦੇ ਦੁੱਖ ਸਾਡੇ ਨਾਲੋਂ ਵੱਡੇ ਹਨ, ਗੱਲ ਤਾਂ ਫਿਰ ਮੁੱਕਦੀ ਹੈ।

ਸਮੱਸਥ ਸੰਸਾਰ ਅੰਦਰ ਦੁੱਖਾਂ ਦੀ ਕੋਈ ਕਮੀ ਨਹੀਂ, ਬਹੁਤ ਲੋਕ ਵੱਡੇ ਦੁੱਖਾਂ ਦੇ ਨਾਲ ਇਸ ਦੁਨੀਆਂ ਨੂੰ ਸੜ ਰਹੇ ਹਨ। ਖਾਸ ਕਰਕੇ ਕੈਂਸਰ ਦੀ ਭਿਆਨਕ ਬਿਮਾਰੀ ਨੇ ਦੁਨੀਆਂ ਦਾ ਜਿਊਣਾ ਦੁਭਰ ਕੀਤਾ ਹੋਇਆ ਹੈ। ਹੈਰਾਨੀ ਦਾ ਇੱਕ ਤੱਥ ਇਹ ਵੀ ਅਹਿਮ ਹੈ ਕਿ ਕੈਂਸਰ ਦਾ ਕੋਈ ਇਲਾਜ ਵੀ ਨਹੀਂ ਹੈ। ਹਸਪਤਾਲ ਭਰੇ ਪਏ ਹਨ ਪਰ ਕੀ ਕੀਤਾ ਜਾ ਸਕਦਾ ਹੈ। ਗਰੀਬ ਬੰਦੇ ਦੀ ਕੋਈ ਜੂਨ ਨਹੀਂ ਹੈ। ਗੱਲ ਕਰ ਰਹੇ ਸੀ ਦੁੱਖਾਂ ਦੀ। ਗੁਰੂ ਸਾਹਿਬ ਨੇ ਸਪੱਸ਼ਟ ਆਖਿਆ ਕਿ ਦੁੱਖ ਇੱਕ ਤੋਂ ਇੱਕ ਪਏ ਹਨ। ਕੋਈ ਰੌਲਾ ਜ਼ਿਆਦਾ ਪਾ ਰਿਹਾ ਹੈ, ਕੋਈ ਥੋੜਾ ਪਾ ਰਿਹਾ ਹੈ। ਦੁੱਖ ਸਾਰਿਆਂ ਨੂੰ ਹਨ, ਅਸੀਂ ਕਿਸੇ ਦਾ ਦੁੱਖ ਸੁਣ ਕੇ ਤਾਂ ਵੇਖੀਏ। ਸਾਨੂੰ ਪਤਾ ਲੱਗ ਜਾਵੇਗਾ ਕਿ ਦੁੱਖ ਕੀ ਹੁੰਦਾ ਹੈ। ਦੁੱਖ ਉਸ ਨੂੰ ਪੁੱਛ ਕੇ ਵੇਖੋ, ਜਿਸ ਦੇ ਕੋਲ ਇਲਾਜ ਕਰਵਾਉਣ ਲਈ ਪੈਸੇ ਨਹੀਂ ਹਨ। ਜਿਸ ਦੇ ਕੋਲ ਬੱਚੇ ਪੜ੍ਹਾਉਣ ਲਈ ਪੈਸੇ ਨਹੀਂ ਹਨ। ਜਿਸ ਦੇ ਕੋਲ ਦਵਾਈ ਲੈਣ ਲਈ ਪੈਸੇ ਨਹੀਂ ਹਨ। ਜਿਸ ਦੇ ਕੋਲ ਰੋਟੀ ਖਾਣ ਲਈ ਪੈਸੇ ਨਹੀਂ ਹਨ, ਅਸੀਂ ਤਾਂ ਐਵੇਂ ਰੌਲਾ ਪਾ ਰਹੇ ਹਾਂ।

ਕਹਿੰਦੇ ਇੱਕ ਵਾਰ ਕਿਸੇ ਵਿਦੇਸ਼ੀ ਵਸਦੇ ਸੱਜਣ ਨੇ ਆਪਣਾ ਸਾਰਾ ਪਰਿਵਾਰ ਬਾਹਰ ਬੁਲਾ ਲਿਆ। ਸਮਾਂ ਬੀਤਦਾ ਗਿਆ। ਪਰਿਵਾਰ ਨੇ ਬਹੁਤ ਕਮਾਈ ਕੀਤੀ। ਸਾਰਿਆਂ ਨੇ ਆਪੋ-ਆਪਣੇ ਘਰ ਪਰਿਵਾਰ ਸਾਂਭ ਲਏ। ਕਰੋੜਾਂ ਰੁਪਿਆ ਕਮਾ ਲਿਆ। ਅੰਤ ਜਿਸ ਵਿਅਕਤੀ ਨੇ ਸਾਰੇ ਪਰਿਵਾਰ ਨੂੰ ਬਾਹਰ ਬੁਲਾਇਆ ਸੀ, ਉਹ ਸਮਾਂ ਪਾ ਕੇ ਬਿਮਾਰ ਪੈ ਗਿਆ। ਹਸਪਤਾਲ ਦੇ ਅੰਦਰ ਚਲਿਆ ਗਿਆ। ਲੰਬਾ ਸਮਾਂ ਦਾਖਲ ਰਿਹਾ। ਹਸਪਤਾਲ ਦੇ ਵਿਚ ਸਿਰਫ ਦੋ ਜਾਣੇ ਸਨ। ਬਿਮਾਰ ਇਨਸਾਨ ਅਤੇ ਉਸਦੀ ਪਤਨੀ। ਸਾਰਾ ਪਰਿਵਾਰ ਸਾਥ ਛੱਡ ਗਿਆ। ਕਰੋੜਾਂ ਦੀ ਸੰਪਤੀ ਦਾ ਮਾਲਕ ਕੱਖਾਂ ਦਾ ਹੋ ਕੇ ਰਹਿ ਗਿਆ। ਕਿਸੇ ਨੇ ਉਸ ਦਾ ਹਾਲ ਨਾ ਪੁੱਛਿਆ। ਜੋ ਹਾਲਾਤ ਉਸ ਦੇ ਬਣੇ, ਉਹ ਭਿਆਨਕ ਸਨ। ਇਕੱਲਾ ਹੀ ਹਸਪਤਾਲ ਦੇ ਵਿਚ ਜ਼ਿੰਦਗੀ ਮੌਤ ਦੀ ਲੜਾਈ ਲੜਦਾ ਰਿਹਾ। ਕਿਸੇ ਨੇ ਖਬਰ ਤੱਕ ਨਾ ਲਈ। ਉਸ ਦਾ ਦੁੱਖ ਪੁਛ ਕੇ ਵੇਖੋ ਕੀ ਬਣਦਾ ਹੈ। ਕੀ ਉਸ ਬੰਦੇ ਦਾ ਦੁੱਖ ਛੋਟਾ ਹੋਵੇਗਾ, ਜਿਸ ਨੂੰ ਸਾਰੇ ਛੱਡ ਗਏ ਅਤੇ 'ਕੱਲਾ ਜ਼ਿੰਦਗੀ-ਮੌਤ ਦੀ ਲੜਾਈ ਲੜਦਾ ਰਿਹਾ।

ਇਸ ਕਰਕੇ ਗੁਰੂ ਸਾਹਿਬ ਨੇ ਸੱਚ ਕਿਹਾ ਹੈ ਕਿ ਨਾਨਕ ਦੁਖੀਆ ਸਭ ਸੰਸਾਰ। ਇਸ ਲਈ ਕਿਸੇ ਵੀ ਇਨਸਾਨ ਦੇ ਨਾਲ ਜਦ ਕੋਈ ਠੱਗੀ, ਧੋਖਾ, ਲੜਾਈ ਜਾਂ ਉਸ ਨੂੰ ਜ਼ਿੰਦਗੀ ਦੇ ਅੰਦਰ ਦੁੱਖ ਆਉਂਦਾ ਹੈ, ਤਾਂ ਕਦੇ ਵੀ ਘਬਰਾਉਣਾ ਨਹੀਂ ਚਾਹੀਦਾ। ਕਿਉਂਕਿ ਇਹ ਉਸਦੇ ਇਕੱਲੇ ਨਾਲ ਨਹੀਂ ਹੋ ਰਿਹਾ। ਸਗੋਂ ਇਹ ਤਾਂ ਦੁਨੀਆਂ ਦਾ ਦਸਤੂਰ ਹੈ। ਦੁਨੀਆਂ ਧੋਖਾ ਕਰਦੀ ਹੈ, ਠੱਗੀਆਂ ਮਾਰਦੀ ਹੈ। ਦੁੱਖ ਦਿੰਦੀ ਹੈ ਪਰ ਇਹ ਸਾਡੇ ਇਕੱਲਿਆਂ ਨਾਲ ਨਹੀਂ ਹੋ ਰਿਹਾ। ਇਹ ਤਾਂ ਦੁਨੀਆਂ ਦਾ ਇੱਕ ਬਹੁਤ ਵੱਡਾ ਹਿੱਸਾ ਹੈ। ਦਸਤੂਰ ਹੈ, ਜੋ ਪਿਛਲੇ ਲੰਬੇ ਸਮੇਂ ਤੋਂ ਚੱਲਦਾ ਆਇਆ ਹੈ। ਕਦੇ ਵੀ ਕਿਸੇ ਇਨਸਾਨ ਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਦੁੱਖ ਸਿਰਫ ਮੇਰੇ ਇਕੱਲੇ ਦੇ ਹਿੱਸੇ ਹਨ। ਬਹੁਤ ਲੋਕਾਂ ਦੇ ਪਰਿਵਾਰ ਸਾਥ ਛੱਡ ਜਾਂਦੇ ਹਨ। ਇਮਾਨਦਾਰੀ ਨਾਲ ਜ਼ਿੰਦਗੀ ਨਿਭਾਉਂਦਿਆਂ-ਨਿਭਾਉਂਦਿਆਂ ਨੂੰ ਦੁੱਖਾਂ ਦੀ ਮੁਸੀਬਤ ਆਣ ਪੈਂਦੀ ਹੈ ਪਰ ਇਹ ਕੁਦਰਤ ਦਾ ਦਸਤੂਰ ਹੈ। ਸਾਨੂੰ ਸਾਰਿਆਂ ਨੂੰ ਇਸ ਦਸਤੂਰ ਨੂੰ ਭਾਣਾ ਮੰਨ ਕੇ ਮੰਨਣਾ ਚਾਹੀਦਾ ਹੈ। ਗੁਰੂ ਸਾਹਿਬ ਨੇ ਬਿਲਕੁਲ ਸੱਚ ਕਿਹਾ ਹੈ ਕਿ ਨਾਨਕ ਦੁਖੀਆ ਸਭ ਸੰਸਾਰ। ਆਓ ਗੁਰੂ ਸਾਹਿਬ ਦੇ ਫਲਸਫੇ ਅਨੁਸਾਰ ਜ਼ਿੰਦਗੀ ਜਿਊਣ ਦੀ ਕੋਸ਼ਿਸ਼ ਕਰੀਏ।

ਸਫਾ 1 ਦਾ ਬਾਕੀ

## ਮੈਰਾਥਨ ਦੌੜਾਕ ਫੌਜਾ ਸਿੰਘ ਨੂੰ ਟੱਕਰ ਮਾਰਨ ਵਾਲਾ ਦੋਸ਼ੀ...

ਘਟਨਾ ਤੋਂ ਬਾਅਦ, ਪੁਲਿਸ ਨੇ ਦੋਸ਼ੀ ਡਰਾਈਵਰ ਵਿਰੁੱਧ ਭਾਰਤੀ ਦੰਡਾਵਲੀ (ਬੀ.ਐੱਨ.ਐੱਸ.) ਦੀ ਧਾਰਾ 281 (ਲਾਪ੍ਰਵਾਹੀ ਨਾਲ ਗੱਡੀ ਚਲਾਉਣਾ) ਅਤੇ ਧਾਰਾ 105 (ਗੈਰ-ਕਾਨੂੰਨੀ ਕਤਲ ਜੋ ਕਤਲ ਨਹੀਂ ਹੈ) ਤਹਿਤ ਮਾਮਲਾ ਦਰਜ ਕੀਤਾ ਸੀ। ਐੱਸ.ਐੱਸ.ਪੀ. ਮੁਤਾਬਕ ਚਸ਼ਮਦੀਦਾਂ ਨੇ ਦੱਸਿਆ ਸੀ ਕਿ ਇੱਕ ਚਿੱਟੀ ਕਾਰ ਜੋ ਕਿ ਫਾਰਚੂਨਰ ਜਾਂ ਇਨੋਵਾ ਹੋ ਸਕਦੀ ਹੈ, ਨੇ ਮੈਰਾਥਨ ਦੌੜਾਕ ਨੂੰ ਟੱਕਰ ਮਾਰੀ ਸੀ। ਉਨ੍ਹਾਂ ਦੱਸਿਆ ਕਿ ਘਟਨਾ ਤੋਂ ਬਾਅਦ ਵਾਲੇ ਸਾਰੇ ਵੀਡੀਓਜ਼ ਦੀ ਜਾਂਚ ਕੀਤੀ, ਤਾਂ ਜੋ ਉਸ ਵਾਹਨ, ਜਿਸ ਦੀ ਹੈੱਡਲਾਈਟ ਤੇ ਬੰਪਰ ਕੁਝ ਹਿੱਸੇ ਗਾਇਬ ਸਨ, ਦਾ ਪਤਾ ਲੱਗ ਸਕੇ। ਉਨ੍ਹਾਂ ਮੁਤਾਬਕ ਇਹ ਵੀ ਪਤਾ ਲੱਗਾ ਹੈ ਕਿ ਇਸ ਵਾਹਨ ਦੇ ਉਕਤ ਦੋਵੇਂ ਹਿੱਸੇ ਹਾਦਸੇ ਵਾਲੀ ਥਾਂ ਤੋਂ ਪਹਿਲਾਂ ਠੀਕ ਸਨ, ਜਿਸ ਤੋਂ ਪੁਸ਼ਟੀ ਹੋਈ ਕਿ ਇਸੇ ਵਾਹਨ ਨੇ ਫੌਜਾ ਸਿੰਘ ਨੂੰ ਟੱਕਰ ਮਾਰੀ ਸੀ।

ਇਹ ਹਾਦਸਾ ਸੋਮਵਾਰ ਦੁਪਹਿਰ ਬਾਅਦ 3.10 ਵਜੇ ਵਾਪਰਿਆ ਸੀ, ਜਦੋਂ ਫੌਜਾ ਸਿੰਘ ਬਿਆਸ ਪਿੰਡ ਵਿਚ ਆਪਣੇ ਘਰ ਨੇੜੇ ਜਲੰਧਰ-ਪਠਾਨਕੋਟ ਹਾਈਵੇਅ ਪਾਰ ਕਰ ਕੇ ਆਪਣੇ ਪਰਿਵਾਰ ਦੀ ਮਾਲਕੀ ਵਾਲੇ ਢਾਬੇ 'ਤੇ ਜਾ ਰਹੇ ਸਨ। ਸੀ.ਸੀ.ਟੀ.ਵੀ. ਫੁਟੇਜ ਵਿਚ ਉਹ ਆਪਣੀ ਜਗ੍ਹਾ ਤੋਂ ਹਾਈਵੇਅ ਵੱਲ ਜਾਂਦੇ ਦਿਖਾਏ ਦਿੱਤੇ। ਉਹ ਆਪਣੀ ਸੋਟੀ ਨਾਲ ਹੌਲੀ-ਹੌਲੀ ਤੁਰਦੇ ਦਿਖਾਈ ਦੇ ਰਹੇ ਹਨ। ਚਸ਼ਮਦੀਦਾਂ ਅਨੁਸਾਰ ਟੱਕਰ ਇੰਨੀ ਜ਼ੋਰਦਾਰ ਸੀ ਕਿ ਫੌਜਾ ਸਿੰਘ ਹਵਾ 'ਚ ਪੰਜ ਤੋਂ ਸੱਤ ਫੁੱਟ ਉੱਪਰ ਉੱਡ ਗਿਆ। ਫੌਜਾ ਸਿੰਘ ਦੇ ਪੁੱਤਰ ਹਰਵਿੰਦਰ ਸਿੰਘ ਦਾ ਕਹਿਣਾ ਹੈ ਕਿ ਜਦੋਂ ਹਾਦਸਾ ਹੋਇਆ ਤਾਂ ਉਹ ਘਰ ਵਿਚ ਨਹੀਂ ਸਨ।

ਜ਼ਿਕਰਯੋਗ ਹੈ ਕਿ ਜਦੋਂ ਫੌਜਾ ਸਿੰਘ 89 ਸਾਲਾਂ ਦੇ ਸਨ, ਤਾਂ ਉਨ੍ਹਾਂ ਦੀ ਪਤਨੀ ਅਤੇ ਬੱਚੇ ਦੀ ਇਕ ਹਾਦਸੇ ਵਿਚ ਮੌਤ ਹੋ ਗਈ। ਇਸ ਤੋਂ ਬਾਅਦ ਉਨ੍ਹਾਂ ਨੂੰ ਕਾਫ਼ੀ ਵੱਡਾ ਸਦਮਾ ਲੱਗਾ ਅਤੇ ਉਹ ਤਣਾਅ ਵਿਚ ਰਹਿਣ ਲੱਗ ਪਏ। ਉਦੋਂ ਤੋਂ ਹੀ ਉਨ੍ਹਾਂ ਨੇ ਮੈਰਾਥਨ ਦੌੜਨ ਦਾ ਫ਼ੈਸਲਾ ਕੀਤਾ ਤੇ ਕਈ ਖ਼ਿਤਾਬ ਵੀ ਜਿੱਤੇ।

### ਦ੍ਰਿੜ੍ਹਤਾ ਤੇ ਉਮੀਦ ਦੇ ਸਥਾਈ ਪ੍ਰਤੀਕ ਸਨ : ਰਾਜਪਾਲ

ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਨੇ ਦੌੜਾਕ ਫ਼ੌਜਾ ਸਿੰਘ ਦੇ ਦਿਹਾਂਤ 'ਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਉਹ ਆਪਣੀ ਤਾਕਤ ਤੇ ਵਚਨਬੱਧਤਾ ਨਾਲ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੇ ਰਹਿੰਦੇ ਸਨ। ਉਨ੍ਹਾਂ ਦੀ ਵਿਰਾਸਤ ਇਕ ਸਿਹਤਮੰਦ ਤੇ ਨਸ਼ਾ-ਮੁਕਤ ਪੰਜਾਬ ਲਈ ਲੜਨ ਵਾਲਿਆਂ ਦੇ ਦਿਲਾਂ 'ਚ ਹਮੇਸ਼ਾ ਜ਼ਿੰਦਾ ਰਹੇਗੀ।

### ਜਥੇ. ਗੜਗੱਜ ਤੇ ਕੈਪਟਨ ਅਮਰਿੰਦਰ ਵੱਲੋਂ ਦੁੱਖ ਪ੍ਰਗਟ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਦੌੜਾਕ ਫੌਜਾ ਸਿੰਘ ਦੇ ਹਾਦਸੇ 'ਚ ਹੋਏ ਦਿਹਾਂਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਫੌਜਾ ਸਿੰਘ ਸਮੁੱਚੇ ਸਿੱਖ ਜਗਤ ਅਤੇ ਖ਼ਾਸਕਰ ਸਿੱਖ ਨਨਜਵਾਨਾਂ ਲਈ ਪ੍ਰੇਰਣਾ ਸਰੋਤ ਹਨ। ਦੂਜੇ ਪਾਸੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦੁੱਖ ਪ੍ਰਗਟ ਕਰਦਿਆਂ ਆਖਿਆ ਕਿ ਉਨ੍ਹਾਂ ਦਾ ਅਸਾਧਾਰਨ ਜੀਵਨ ਤੇ ਅਟੱਲ ਭਾਵਨਾ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੀ ਰਹੇਗੀ।

ਸਫਾ 1 ਦਾ ਬਾਕੀ

## ਲਾਸ ਏਂਜਲਸ 'ਚ ਨੈਸ਼ਨਲ ਗਾਰਡ ਸੈਨਿਕਾਂ ਦੀ ਗਿਣਤੀ...

ਦਰਅਸਲ, ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਨੇ ਕਿਹਾ ਸੀ ਕਿ ਨੈਸ਼ਨਲ ਗਾਰਡ ਕੋਲ ਅੱਗ ਨੂੰ ਕਾਬੂ ਕਰਨ ਲਈ ਲੋੜੀਂਦੇ ਸੈਨਿਕ ਨਹੀਂ ਹਨ। ਪੈਂਟਾਗਨ ਦੇ ਮੁੱਖ ਬੁਲਾਰੇ ਸੀਨ ਪਾਰਨੇਲ ਨੇ ਮੰਗਲਵਾਰ ਨੂੰ ਸੈਨਿਕਾਂ ਦੀ ਤਾਇਨਾਤੀ ਖਤਮ ਕਰਨ ਦੇ ਫੈਸਲੇ ਦਾ ਐਲਾਨ ਕੀਤਾ ਅਤੇ ਕਿਹਾ, "ਸਾਡੇ ਸੈਨਿਕਾਂ ਦਾ ਧੰਨਵਾਦ ਜਿਨ੍ਹਾਂ ਨੇ ਚਾਰਜ ਸੰਭਾਲਿਆ। ਹੁਣ ਲਾਸ ਏਂਜਲਸ ਵਿਚ ਸਥਿਤੀ ਕਾਬੂ ਵਿਚ ਹੈ।" ਹਜ਼ਾਰਾਂ ਪ੍ਰਦਰਸ਼ਨਕਾਰੀ 8 ਜੂਨ ਨੂੰ ਟਰੰਪ ਦੁਆਰਾ ਨੈਸ਼ਨਲ ਗਾਰਡ ਦੀ ਤਾਇਨਾਤੀ ਦੇ ਵਿਰੋਧ ਵਿਚ ਸੜਕਾਂ 'ਤੇ ਉਤਰ ਆਏ ਅਤੇ ਇੱਕ ਮੁੱਖ ਹਾਈਵੇਅ ਨੂੰ ਰੋਕ ਦਿੱਤਾ। ਪੁਲਿਸ ਨੇ ਭੀੜ ਨੂੰ ਕਾਬੂ ਕਰਨ ਲਈ ਅੱਥਰੂ ਗੈਸ ਦੇ ਗੋਲੇ ਛੱਡੇ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

ਸਫਾ 1 ਦਾ ਬਾਕੀ

## ਪੰਜਾਬ ਵਿਧਾਨ ਸਭਾ ਵੱਲੋਂ ਬੇਅਦਬੀ-ਰੋਕੂ ਬਿਲ ਸਿਲੈਕਟ...

ਸਪੀਕਰ ਸੰਧਵਾਂ ਨੇ ਸਦਨ ਤੋਂ ਸਹਿਮਤੀ ਲੈਂਦਿਆਂ ਕਿਹਾ ਕਿ ਇਸ ਭਾਵਨਾਤਮਕ ਮੁੱਦੇ 'ਤੇ ਸਿਲੈਕਟ ਕਮੇਟੀ ਜਨਤਕ ਸੁਝਾਅ ਇਕੱਠੇ ਕਰੇਗੀ ਅਤੇ ਛੇ ਮਹੀਨਿਆਂ ਦੇ ਅੰਦਰ-ਅੰਦਰ ਸਿਫ਼ਾਰਸ਼ਾਂ ਦੇਵੇਗੀ। ਬਿੱਲ 'ਚ ਬੇਅਦਬੀ ਦੇ ਦੋਸ਼ੀਆਂ ਲਈ 10 ਸਾਲ ਤੋਂ ਲੈ ਕੇ ਉਮਰ ਕੈਦ ਤੱਕ ਦੀ ਸਜ਼ਾ ਦਾ ਪ੍ਰਬੰਧ ਕੀਤਾ ਗਿਆ ਹੈ ਅਤੇ ਪੰਜ ਲੱਖ ਰੁਪਏ ਤੋਂ 10 ਲੱਖ ਰੁਪਏ ਤੱਕ ਦੇ ਜੁਰਮਾਨੇ ਵੀ ਸ਼ਾਮਲ ਕੀਤੇ ਗਏ ਹਨ। ਭਗਵੰਤ ਮਾਨ ਨੇ ਸਲਾਹ ਦਿੱਤੀ ਕਿ ਸਿਲੈਕਟ ਕਮੇਟੀ ਵਿਚ ਸਿਆਸੀ ਪਾਰਟੀਆਂ ਦੇ ਨੁਮਾਇੰਦੇ ਸ਼ਾਮਲ ਕੀਤੇ ਜਾਣ ਅਤੇ ਧਾਰਮਿਕ ਸੰਸਥਾਵਾਂ ਤੋਂ ਵੀ ਸਲਾਹ-ਮਸ਼ਵਰਾ ਲਿਆ ਜਾਵੇ। ਉਨ੍ਹਾਂ ਕਿਹਾ ਕਿ ਬਿੱਲ ਪਾਸ ਕਰਨ ਵਾਸਤੇ ਉਹ ਜਲਦਬਾਜ਼ੀ ਨਹੀਂ ਕਰਨਗੇ। ਮੁੱਖ ਮੰਤਰੀ ਨੇ ਬਹਿਸ ਦੌਰਾਨ ਕਿਹਾ ਕਿ ਕੁਝ ਤਾਕਤਾਂ ਨੇ ਬੀਤੇ ਸਮਿਆਂ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਨੂੰ ਅੰਜਾਮ ਦੇਣ ਲਈ ਰਤਾ ਵੀ ਨਹੀਂ ਸੋਚਿਆ ਪ੍ਰੰਤੂ ਹੁਣ ਬੇਅਦਬੀ ਵਰਗੇ ਘਿਨਾਉਣੇ ਕੰਮ ਬਰਦਾਸ਼ਤ ਨਹੀਂ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਪਹਿਲਾਂ ਅਪਰਾਧੀ ਚੋਰ ਮੋਰੀਆਂ ਹੋਣ ਕਰਕੇ ਬਚ ਜਾਂਦੇ ਸਨ, ਜਿਸ ਕਰਕੇ ਹੁਣ ਨਵਾਂ ਬਿੱਲ ਲਿਆ ਕੇ ਮੁਲਜ਼ਮਾਂ ਦੇ ਸਾਰੇ ਰਾਹ ਬੰਦ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਹ ਬਿੱਲ ਸਮਾਜ ਤੇ ਰਾਸ਼ਟਰ ਵਿਰੋਧੀ ਤਾਕਤਾਂ ਨੂੰ ਠੱਲ੍ਹਣ ਦਾ ਕੰਮ ਵੀ ਕਰੇਗਾ। ਉਨ੍ਹਾਂ ਸ਼ਬਦ ਦੇ ਮਹੱਤਵ ਦੀ ਗੱਲ ਵੀ ਕੀਤੀ। ਮੁੱਖ ਮੰਤਰੀ ਨੇ ਪਿਛਲੀਆਂ ਸਰਕਾਰਾਂ ਨੂੰ ਵੀ ਕਟਹਿਰੇ ਵਿਚ ਖੜ੍ਹਾ ਕੀਤਾ ਅਤੇ ਉਚੇਚੇ ਤੌਰ 'ਤੇ ਗੁਟਕਾ ਸਾਹਿਬ ਦੀ ਸਹੁੰ ਚੁੱਕ ਕੇ ਸੱਤਾ ਸੰਭਾਲਣ ਵਾਲਿਆਂ ਨੂੰ ਨਿਸ਼ਾਨੇ 'ਤੇ ਲਿਆ।

ਦੱਸਣਯੋਗ ਹੈ ਕਿ ਅਕਾਲੀ-ਭਾਜਪਾ ਸਰਕਾਰ ਨੇ ਸਾਲ 2016 ਵਿਚ 'ਆਈ.ਪੀ.ਸੀ. (ਸੋਧ) ਬਿੱਲ-2016' ਅਤੇ ਸੀ.ਆਰ.ਪੀ.ਸੀ. (ਪੰਜਾਬ ਸੋਧ)-2016' ਲਿਆਂਦਾ ਸੀ, ਜਿਸ 'ਚ ਬੇਅਦਬੀ ਲਈ ਉਮਰ ਕੈਦ ਦਾ ਪ੍ਰਬੰਧ ਕੀਤਾ ਗਿਆ ਸੀ ਪ੍ਰੰਤੂ ਕੇਂਦਰ ਨੇ ਬਿੱਲ ਵਾਪਸ ਕਰ ਦਿੱਤਾ ਸੀ। ਕਾਂਗਰਸ ਸਰਕਾਰ ਨੇ 'ਭਾਰਤੀ ਦੰਡ ਸੰਹਿਤਾ (ਪੰਜਾਬ ਸੋਧ) ਬਿੱਲ-2018 ਅਤੇ 'ਅਪਰਾਧਿਕ ਪ੍ਰਕਿਰਿਆ ਸੰਹਿਤਾ (ਪੰਜਾਬ ਸੋਧ)-2018' ਪਾਸ ਕੀਤੇ ਸਨ, ਜੋ ਰਾਸ਼ਟਰਪਤੀ ਨੇ ਵਾਪਸ ਕਰ ਦਿੱਤੇ ਸਨ।

ਸਫਾ 1 ਦਾ ਬਾਕੀ

## ਡੰਕੀ ਰੂਟ ਮਾਮਲਾ: ਈ.ਡੀ. ਦੇ ਛਾਪਿਆਂ ਦੌਰਾਨ ਫ਼ਰਜ਼ੀ ...

ਉਸ ਵਕਤ ਭਾਵੇਂ ਡਿਪੋਰਟ ਕੀਤੇ ਯਾਤਰੀ ਬਿਨਾਂ ਕਿਸੇ ਪੁੱਛਗਿਛ ਦੇ ਆਪੋ-ਆਪਣੇ ਘਰਾਂ ਵਿਚ ਭੇਜ ਦਿੱਤੇ ਗਏ ਸਨ। ਪਰ ਬਾਅਦ ਵਿਚ ਈ.ਡੀ. ਵਿਭਾਗ ਨੇ ਡਿਪੋਰਟ ਕੀਤੇ ਗਏ ਲੋਕਾਂ ਅਤੇ ਉਨ੍ਹਾਂ ਦੇ ਟਰੈਵਲ ਏਜੰਟਾਂ 'ਤੇ ਨਿਗ੍ਹਾ ਰੱਖਣੀ ਸ਼ੁਰੂ ਕੀਤੀ ਸੀ। ਕਾਫੀ ਘੋਖ ਕਰਨ ਤੋਂ ਬਾਅਦ ਈ.ਡੀ. ਵਿਭਾਗ ਨੇ ਆਪਣੀ ਕਾਰਵਾਈ ਤੇਜ਼ ਕਰ ਦਿੱਤੀ ਹੈ। ਜਿੱਥੇ ਉਹ ਜਾਅਲੀ ਏਜੰਟਾਂ 'ਤੇ ਕਾਰਵਾਈ ਕਰਨਗੇ, ਉਸ ਦੇ ਨਾਲ-ਨਾਲ ਭਾਰੀ ਰਕਮਾਂ

ਸਫਾ 1 ਦਾ ਬਾਕੀ

## ਭਾਰਤੀ ਨਰਸ ਨਿਮਿਸ਼ਾ ਪ੍ਰਿਆ ਦੀ ਫਾਂਸੀ ਦੀ ਸਜ਼ਾ...

ਸੂਤਰਾਂ ਨੇ ਕਿਹਾ ਕਿ ਭਾਰਤ ਸਰਕਾਰ ਸ਼ੁਰੂ ਤੋਂ ਹੀ ਇਸ ਮਾਮਲੇ ਵਿਚ ਹਰ ਸੰਭਵ ਸਹਾਇਤਾ ਪ੍ਰਦਾਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮਾਮਲੇ ਨਾਲ ਜੁੜੀਆਂ ਸੰਵੇਦਨਸ਼ੀਲਤਾਵਾਂ ਦੇ ਬਾਵਜੂਦ, ਭਾਰਤੀ ਅਧਿਕਾਰੀ ਸਥਾਨਕ ਜੇਲ੍ਹ ਅਧਿਕਾਰੀਆਂ ਅਤੇ ਸਰਕਾਰੀ ਵਕੀਲ ਦੇ ਦਫ਼ਤਰ ਨਾਲ ਨਿਯਮਤ ਸੰਪਰਕ ਵਿਚ ਰਹੇ ਹਨ, ਜਿਸ ਕਾਰਨ ਸੁਣਵਾਈ ਮੁਲਤਵੀ ਹੋ ਗਈ।

ਪ੍ਰਿਆ ਦੀ ਮਾਂ ਪ੍ਰੇਮਾਕੁਮਾਰੀ ਨੇ ਉਸਦੀ ਰਿਹਾਈ ਯਕੀਨੀ ਬਣਾਉਣ ਦੀਆਂ ਕੋਸ਼ਿਸ਼ਾਂ ਦੇ ਹਿੱਸੇ ਵਜੋਂ ਪਿਛਲੇ ਸਾਲ ਯਮਨ ਦੀ ਯਾਤਰਾ ਕੀਤੀ ਸੀ। ਭਾਰਤੀ ਪੱਖ ਨੇ "ਦੀਅਤ" ਜਾਂ "ਬਲੱਡ ਮਨੀ" ਦਾ ਭੁਗਤਾਨ ਕਰਕੇ ਪ੍ਰਿਆ ਦੀ ਰਿਹਾਈ ਯਕੀਨੀ ਬਣਾਉਣ ਦਾ ਵਿਕਲਪ ਵੀ ਤਲਾਸ਼ਿਆ ਸੀ। ਪਰ

# ਸੁਖਦੇਵ ਸਿੰਘ ਸ਼ਾਂਤ ਦੀ ਪੁਸਤਕ 'ਗਿਆਰਾਂ ਭੱਟ ਸਾਹਿਬਾਨ' ਮਨੁੱਖ ਤੋਂ ਸਿੱਖ ਬਣਨ ਲਈ ਮਾਰਗ ਦਰਸ਼ਕ


-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA





ਸੁਖਦੇਵ ਸਿੰਘ ਸ਼ਾਂਤ ਸਿੱਖ ਵਿਚਾਰਧਾਰਾ ਨੂੰ ਲੋਕਾਈ ਤੱਕ ਪਹੁੰਚਾਉਣ ਲਈ ਪ੍ਰਤੀਬੱਧਤਾ ਨਾਲ ਪੁਸਤਕਾਂ ਲਿਖਕੇ ਮਨੁੱਖਤਾ ਨੂੰ ਜਾਗਰੂਕ ਕਰਨ ਵਿਚ ਵਿਲੱਖਣ ਯੋਗਦਾਨ ਪਾ ਰਿਹਾ ਹੈ। ਹੁਣ ਤੱਕ ਉਸ ਦੀਆਂ ਤੇਰਾਂ ਧਾਰਮਿਕ ਰੰਗ ਵਿਚ ਰੰਗੀਆਂ ਹੋਈਆਂ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਆਮ ਤੌਰ 'ਤੇ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੀ ਬਾਣੀ ਬਾਰੇ ਹੀ ਬਹੁਤਾ ਸਾਹਿਤ ਲਿਖਿਆ ਗਿਆ ਹੈ, ਪ੍ਰੰਤੂ ਸੁਖਦੇਵ ਸਿੰਘ ਸ਼ਾਂਤ ਦੀ ਖ਼ੂਬੀ ਹੈ ਕਿ ਉਸਨੇ ਗੁਰੂ ਸਾਹਿਬ ਦੀ ਬਾਣੀ ਤੋਂ ਇਲਾਵਾ ਪਹਿਲਾਂ ਭਗਤਾਂ ਅਤੇ ਹੁਣ ਭੱਟ ਸਾਹਿਬਾਨ ਦੀ ਬਾਣੀ ਬਾਰੇ ਲਿਖਿਆ ਹੈ। ਇਸ ਲਈ ਉਹ ਵਧਾਈ ਦਾ ਪਾਤਰ ਹੈ। 'ਗਿਆਰਾਂ ਭੱਟ ਸਾਹਿਬਾਨ' ਉਸਦੀ 14ਵੀਂ ਪੁਸਤਕ ਹੈ। ਇਸ ਤੋਂ ਇਲਾਵਾ ਉਸਦੇ ਚਾਰ ਗੁਰਮਤਿ ਨਾਲ ਸੰਬੰਧਤ ਟ੍ਰੈਕਟ ਵੀ ਪ੍ਰਕਾਸ਼ਤ ਹੋ ਚੁੱਕੇ ਹਨ। ਇਸ ਪੁਸਤਕ ਨੂੰ ਉਸਨੇ ਚਾਰ ਅਧਿਆਇ ਵਿਚ ਵੰਡਿਆ ਹੈ। ਲੇਖਕ ਨੇ 'ਗਿਆਰਾਂ ਭੱਟ ਸਾਹਿਬਾਨ' ਦੇ ਸਵੱਈਏ ਅਰਥਾਤ ਭੱਟ-ਕਾਵਿ ਨੂੰ ਬਾਣੀ ਦਾ ਹੀ ਦਰਜਾ ਦਿੱਤਾ ਹੈ, ਕਿਉਂਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਦੇ ਸਵੱਈਏ ਸ੍ਰੀ ਗੁਰੂ ਗ੍ਰੰਥ ਵਿਚ ਸ਼ਾਮਲ ਕਰਕੇ ਬਾਣੀ ਦਾ ਦਰਜਾ ਦੇ ਦਿੱਤਾ ਹੈ, ਭਾਵੇਂ ਇਹ ਸਵੱਈਏ ਗੁਰੂ ਸਾਹਿਬਾਨ ਦੀ ਉਸਤਤ ਵਿਚ ਹੀ ਕਹੇ ਗਏ ਹਨ। ਮੁਖ ਤੌਰ 'ਤੇ ਸਵੱਈਏ ਛੰਦ ਦੀ ਵਰਤੋਂ ਕੀਤੀ ਗਈ ਹੈ, ਪ੍ਰੰਤੂ ਰਡ, ਝੋਲਨਾ ਅਤੇ ਸੋਰਠਾ ਛੰਦ ਵੀ ਵਰਤੇ ਗਏ ਹਨ। ਸਵੱਈਆਂ ਦੀ ਸਾਹਿਤਕ ਅਮੀਰੀ ਕਾਵਿ-ਅਲੰਕਾਰ, ਕਾਵਿ-ਰਸ, ਕਾਵਿ-ਰੂਪ, ਕਾਵਿ-ਛੰਦ ਅਤੇ ਅਖਾਣਾਂ-ਮੁਹਾਵਰਿਆਂ ਦੀ ਵਰਤੋਂ ਤੋਂ ਪਤਾ ਲੱਗਦੀ ਹੈ। ਪਹਿਲੇ ਅਧਿਆਇ 'ਭੱਟ ਸਾਹਿਬਾਨ ਦੀ ਗਿਣਤੀ, ਉਨ੍ਹਾਂ ਦੇ ਮੁਖੀ ਅਤੇ ਸਵੱਈਏ ਉਚਾਰਨ ਦੇ ਸਮੇਂ-ਸਥਾਨ ਬਾਰੇ' ਵਿਚ ਸੁਖਦੇਵ ਸਿੰਘ ਸ਼ਾਂਤ ਨੇ ਉਦਾਹਰਣਾਂ ਦੇ ਵੱਖ-ਵੱਖ ਵਿਦਵਾਨਾਂ ਦੀ ਜਾਣਕਾਰੀ ਦਾ ਅਧਿਐਨ ਕਰਨ ਤੋਂ ਬਾਅਦ ਇਹ ਸਾਬਤ ਕੀਤਾ ਹੈ ਕਿ ਭੱਟ ਸਾਹਿਬਾਨ ਦੀ ਗਿਣਤੀ ਗਿਆਰਾਂ ਹੀ ਹੈ, ਭਾਵੇਂ ਕਈ ਵਿਦਵਾਨਾ ਨੇ ਇਹ ਗਿਣਤੀ ਵੱਖਰੀ-ਵੱਖਰੀ ਦਿੱਤੀ ਹੈ, ਕਿਉਂਕਿ ਕਈ ਥਾਵਾਂ 'ਤੇ ਇੱਕੋ ਨਾਮ ਨੂੰ ਵੱਖ-ਵੱਖ ਤਰ੍ਹਾਂ ਲਿਖਿਆ ਗਿਆ ਹੈ, ਜਿਵੇਂ ਕਲਸਹਾਰ, ਕਲ੍ਯ ਅਤੇ ਟੱਲ ਲਿਖਿਆ ਹੈ। ਸਵੱਈਏ ਦੀ ਕੁੱਲ ਗਿਣਤੀ ਵੀ 123 ਦੱਸੀ ਹੈ। ਵੱਖ-ਵੱਖ ਭੱਟ ਸਾਹਿਬਾਨ ਨੇ ਵੱਖ-ਵੱਖ ਸਮੇਂ ਵੱਖ-ਵੱਖ ਗੁਰੂ ਸਾਹਿਬਾਨ ਦੀ ਪ੍ਰਸ਼ੰਸਾ ਵਿਚ ਸਵੱਈਏ ਲਿਖੇ ਤੇ ਲਿਖਤੀ ਰੂਪ ਵਿਚ ਸੰਭਾਲੇ। ਇਨ੍ਹਾਂ ਨੇ ਪਹਿਲੇ, ਦੂਜੇ, ਤੀਜੇ ਅਤੇ ਚੌਥੇ ਗੁਰੂ ਸਾਹਿਬਾਨ ਦੀ ਸਿਫ਼ਤ-ਸਲਾਹ ਵਿਚ ਪਹਿਲਾਂ ਹੀ ਲਿਖੇ ਹੋਏ ਸਨ। ਪੰਜਵੇਂ ਗੁਰੂ ਸਾਹਿਬ ਨੂੰ ਗੋਇੰਦਵਾਲ ਸਾਹਿਬ ਵਿਖੇ ਹਾਜ਼ਰ ਹੋ ਕੇ ਪੜ੍ਹੇ, ਗਾਏ ਅਤੇ ਸੁਣਾਏ। ਭੱਟ ਕਲਸਹਾਰ ਜੀ, ਭੱਟ ਮਥੁਰਾ ਜੀ ਅਤੇ ਭੱਟ ਹਰਿਬੰਸ ਜੀ ਨੇ ਪੰਜਵੇਂ ਗੁਰੂ ਜੀ ਦੀ ਉਸਤਤ ਵਿਚ 21 ਸਵੱਈਆਂ ਦੀ ਰਚਨਾ ਕੀਤੀ ਸੀ। ਭੱਟ ਕਲਸਹਾਰ ਜੀ ਨੂੰ ਮੁੱਖ ਭੱਟ ਜੀ ਵਜੋਂ ਮੰਨਿਆਂ ਗਿਆ ਹੈ, ਕਿਉਂਕਿ ਉਸਨੇ ਸਭ ਤੋਂ ਵੱਧ 54 ਸ਼ਬਦ ਲਿਖੇ ਹਨ, ਪ੍ਰੰਤੂ ਸਭ ਤੋਂ ਪਹਿਲਾ ਭੱਟ ਭਿਖਾ ਜੀ ਸਨ। ਦੂਜਾ ਅਧਿਆਇ 'ਗਿਆਰਾਂ ਭੱਟ ਸਾਹਿਬਾਨ ਦੇ ਜੀਵਨ ਸੰਬੰਧੀ' ਹੈ। ਭੱਟ ਗੌੜ ਬ੍ਰਾਹਮਣ ਆਪਣੇ ਜਜਮਾਨਾ ਦੀਆਂ ਬੰਸਾਵਲੀਆਂ ਵਹੀਆਂ ਵਿਚ ਦਰਜ ਕਰਦੇ ਸਨ। ਬਹੁਤੇ ਸੁਲਤਾਨਪੁਰ ਲੋਧੀ ਆ ਕੇ ਵਸ ਗਏ। ਭੱਟ ਭਿਖਾ ਜੀ ਸੱਚ ਦੀ ਭਾਲ ਵਿਚ ਐਧਰ ਓਧਰ ਭੱਟਕਦੇ ਸ੍ਰੀ ਗੁਰੂ ਅਮਰ ਦਾਸ ਜੀ ਕੋਲ ਪਹੁੰਚ ਗਏ। ਉਥੇ ਰਹਿਕੇ ਉਸਨੇ ਗੁਰੂ ਜੀ ਦੀ ਸਿਫ਼ਤ ਵਿਚ ਸਵੱਈਏ ਲਿਖੇ।

ਪਹਿਲੇ 10 ਭੱਟ ਸਾਹਿਬਾਨ ਭੱਟ ਭਿਖਾ ਜੀ ਦੇ ਸੰਬੰਧੀ ਹੀ ਸਨ। ਭੱਟ ਨਲ੍ਹਾ ਦਾ ਸਿੱਧਾ ਸੰਬੰਧ ਨਹੀਂ ਸੀ। ਭੱਟ ਭਿਖਾ ਜੀ ਦੇ ਤਿੰਨ ਸਪੁੱਤਰ ਭੱਟ ਮਥੁਰਾ ਜੀ, ਭੱਟ ਜਾਲਪ ਜੀ ਤੇ ਭੱਟ ਕੀਰਤ ਜੀ ਸਨ, ਭੱਟ ਮਥੁਰਾ ਜੀ ਗੋਇੰਦਵਾਲ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ ਦਰਸ਼ਨਾਂ ਲਈ ਆਏ ਤੇ 20-25 ਸਾਲ ਦੀ ਉਮਰ ਵਿਚ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਸਤਤ ਵਿਚ ਸੱਤ-ਸੱਤ ਸਵੱਈਏ ਉਚਾਰੇ। ਭੱਟ ਜਾਲਪ ਜੀ ਨੇ ਵੀ ਗੋਇੰਦਵਾਲ ਸਾਹਿਬ ਰਹਿ ਕੇ ਸ੍ਰੀ ਗੁਰੂ ਅਮਰਦਾਸ ਜੀ ਦੀ ਸਿਫ਼ਤ ਵਿਚ ਪੰਜ ਸਵੱਈਏ ਉਚਾਰੇ। ਭੱਟ ਕੀਰਤ ਜੀ ਨੇ ਵੀ ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਬਾਰੇ ਚਾਰ-ਚਾਰ ਸਵੱਈਏ ਉਚਾਰੇ ਸਨ। ਇਸ ਲਈ ਇਨ੍ਹਾਂ ਦਾ ਸਮਾਂ ਗੁਰੂ ਸਾਹਿਬਾਨ ਵਾਲਾ ਹੀ ਹੈ। ਭੱਟ ਭਿਖਾ ਜੀ ਦੇ ਭਤੀਜੇ ਭੱਟ ਸਲ੍ਯ ਜੀ ਤੇ ਭੱਟ ਭਲ੍ਯ ਜੀ ਭੱਟ ਸੋਖਾ ਜੀ ਦੇ ਸਪੁੱਤਰ ਸਨ। ਭੱਟ ਸਲ੍ਯ ਜੀ ਨੇ ਸ੍ਰੀ ਗੁਰੂ ਅਮਰਦਾਸ ਸੰਬੰਧੀ ਇੱਕ ਸਵੱਈਆ ਅਤੇ ਸ੍ਰੀ ਗੁਰੂ ਰਾਮਦਾਸ ਜੀ ਬਾਰੇ ਦੋ ਸਵੱਈਏ ਉਚਾਰੇ ਸਨ। ਭੱਟ ਭਲ੍ਯ ਜੀ ਨੇ ਇੱਕ ਸਵੱਈਆ ਸ੍ਰੀ ਗੁਰੂ ਅਮਰਦਾਸ ਜੀ ਸੰਬੰਧੀ ਉਚਾਰਿਆ। ਭੱਟ ਬਲ੍ਯ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਦੀ ਹਜ਼ੂਰੀ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੀ ਉਸਤਤ ਵਿਚ ਪੰਜ ਸਵੱਈਏ ਉਚਾਰੇ। ਇਸੇ ਤਰ੍ਹਾਂ ਭੱਟ ਹਰਿਬੰਸ ਜੀ ਨੇ ਪੰਜਵੇਂ ਗੁਰੂ ਜੀ ਦੀ ਉਸਤਤ ਵਿਚ ਦੋ ਸਵੱਈਏ ਉਚਾਰੇ ਸਨ। ਭੱਟ ਕਲਸਹਾਰ ਜੀ ਨੇ ਪਹਿਲੇ ਗੁਰੂ ਤੋਂ ਲੈ ਕੇ ਪੰਜਵੇਂ ਗੁਰੂ ਸਾਹਿਬ ਤੱਕ 54, ਸਾਰੇ ਭੱਟ ਸਾਹਿਬਾਨ ਤੋਂ ਜ਼ਿਆਦਾ ਸਵੱਈਏ ਲਿਖੇ ਸਨ। ਭੱਟ ਗਯੰਦ ਜੀ ਨੇ ਚੌਥੇ ਗੁਰੂ ਦੀ ਉਸਤਤ ਵਿਚ ਤੇਰ੍ਹਾਂ ਸਵੱਈਏ ਉਚਾਰੇ ਸਨ। ਭੱਟ ਨਲ੍ਯ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਦੀ ਉਸਤਤ ਵਿਚ 16 ਸਵੱਈਏ ਲਿਖੇ ਤੇ ਉਚਾਰੇ ਸਨ।

ਤੀਜਾ ਅਧਿਆਇ 'ਗਿਆਰਾਂ ਭੱਟ ਸਾਹਿਬਾਨ ਦੀ ਬਾਣੀ ਦਾ ਵਿਸ਼ਾ-ਵਸਤੂ' ਹੈ, ਪੰਜ ਗੁਰੂ ਸਾਹਿਬਾਨ ਦੀ ਸਿਫ਼ਤ ਦੀ ਅੰਤਰੀਵੀ ਭਾਵਨਾ ਵਿਚ ਇੱਕ ਗੁਰੂ-ਜੋਤਿ ਸਤਿਗੁਰ ਭਾਵ ਇੱਕ ਵਾਹਿਗੁਰੂ ਦੀ ਜੋਤਿ ਦੀ ਸਿਫ਼ਤ ਹੀ ਹੈ। ਪੰਜ ਗੁਰੂ-ਵਿਅਕਤੀਆਂ ਦੇ ਰੂਪ ਵਿਚ ਇੱਕ ਹੀ ਗੁਰੂ-ਜੋਤਿ ਭਾਵ ਅਕਾਲ ਪੁਰਖ ਦੀ ਜੋਤਿ ਦੀ ਵਡਿਆਈ ਇਨ੍ਹਾਂ ਇੱਕ ਸੌ ਤੇਈ ਸਵੱਈਆਂ ਦਾ ਮੂਲ ਕੇਂਦਰੀ ਵਿਸ਼ਾ ਹੈ। ਇਸ ਮੂਲ ਵਿਸ਼ੇ ਦੇ ਅੰਤਰਗਤ ਹੀ ਕੁਝ ਗੁਰਮਤਿ ਸਿਧਾਂਤਾਂ ਸੰਬੰਧੀ ਵੀ ਸਾਨੂੰ ਅਨਮੋਲ ਦਿਸ਼ਾ-ਨਿਰਦੇਸ਼ ਪ੍ਰਾਪਤ ਹੁੰਦੇ ਹਨ। ਕੁੱਲ ਮਿਲਾਕੇ ਇਨ੍ਹਾਂ ਸਵੱਈਆਂ ਦੇ ਵਿਸ਼ਾ-ਵਸਤੂ ਨੂੰ ਵਿਚਾਰਨ ਲਈ ਅਸੀਂ ਅੱਠ ਨੁਕਤਿਆਂ, ਜਿਨ੍ਹਾਂ ਵਿਚ ਇੱਕ ਅਕਾਲ ਪੁਰਖ ਵਿਚ ਵਿਸ਼ਵਾਸ, ਗੁਰੂ ਸਾਹਿਬਾਨ ਗੁਰ-ਪਰਮੇਸ਼ਰ ਵਜੋਂ, ਨਾਮ ਅਤੇ ਨਾਮ-ਸਿਮਰਨ, ਨਾਮ-ਸਿਮਰਨ ਸੰਬੰਧੀ ਮਿਥਿਹਾਸਿਕ ਅਤੇ ਇਤਿਹਾਸਕ ਹਵਾਲੇ, ਅਵਤਾਰੀ ਮਹਾਂਪੁਰਸ਼ਾਂ ਦੀਆਂ ਉਦਾਹਰਣਾਂ ਰਾਹੀਂ ਗੁਰੂ ਸਾਹਿਬਾਨ ਦੀ ਉਸਤਤ, ਰਾਜ-ਯੋਗ/ਸਹਜ ਯੋਗ ਵਾਲੇ ਗੁਰਮਤਿ-ਮਾਰਗ ਦੀ ਸਿਫ਼ਤ, ਨੈਤਿਕਤਾ/ਸਦਾਚਾਰ ਦੇ ਪੱਖ ਤੋਂ ਗੁਰੂ ਸਾਹਿਬਾਨ ਦੇ ਜੀਵਨ ਦੀ ਉਸਤਤ ਅਤੇ ਸਿੱਖ ਰਹਿਤ ਮਰਿਯਾਦਾ ਨਾਲ ਸੰਬੰਧਤ ਕੁਝ ਸੰਕੇਤ ਵਿਸ਼ਾ-ਵਸਤੂ ਤੋਂ ਅਗਵਾਈ ਲੈ ਸਕਦੇ ਹਾਂ।

ਚੌਥਾ ਅਧਿਆਇ 'ਗਿਆਰਾਂ ਭੱਟ ਸਾਹਿਬਾਨ ਦੀ ਬਾਣੀ ਦਾ ਸਾਹਿਤਕ ਪੱਖ' ਹੈ। ਭੱਟ ਸਾਹਿਬਾਨ ਆਪਣੇ ਆਪ ਨੂੰ ਕਵੀਆਨਿ, ਕਵਿ ਜਨ ਅਤੇ ਕਬਿ ਆਖਦੇ ਹਨ। ਉਨ੍ਹਾਂ ਨੇ ਆਪਣੀ ਬਾਣੀ ਉਚਾਰਨ ਲਈ ਪ੍ਰਸਿੱਧ ਛੰਦ ਸਵੱਈਏ ਦੀ ਵਰਤੋਂ ਕੀਤੀ ਹੈ। ਇਸ ਛੰਦ ਦੇ ਰੂਪ ਨੂੰ ਨਿਭਾਉਣ ਵਿਚ ਤਾਂ ਉਨ੍ਹਾਂ ਨੇ ਨਿਪੁੰਨਤਾ ਵਿਖਾਈ ਹੀ ਹੈ, ਇਸਦੇ ਨਾਲ ਹੀ ਗਿਆਰਾਂ ਭੱਟ ਸਾਹਿਬਾਨ ਨੇ ਬਾਣੀ ਨੂੰ ਅਲੰਕਾਰਾਂ, ਅਖਾਣਾ ਅਤੇ ਮੁਹਾਵਰਿਆਂ ਨਾਲ ਵੀ ਸ਼ਿੰਗਾਰਿਆ ਹੈ। ਸ਼ਬਦਾਵਲੀ ਦਾ ਰੰਗ ਵੀ ਨਿਵੇਕਲਾ ਹੈ। ਸਾਹਿਤਕ ਪੱਖ ਅਰਥਾਤ ਕਾਵਿ-ਕਲਾ ਦੇ ਪੱਖ ਤੋਂ ਭੱਟ ਸਾਹਿਬਾਨ ਵੱਲੋਂ ਉਚਾਰੇ ਗਏ ਸਵੱਈਏ ਇੱਕ ਅਨਮੋਲ ਖ਼ਜ਼ਾਨਾ ਹਨ, ਜਿਸ ਵਿਚ ਅਨੇਕ ਪ੍ਰਕਾਰ ਦੇ ਸਾਹਿਤਕ ਹੀਰੇ-ਮੋਤੀ ਭਰੇ ਪਏ ਹਨ। ਅਲੰਕਾਰਾਂ ਵਿਚ, ਸ਼ਬਦ ਅਲੰਕਾਰਾਂ ਵਿਚ, ਛੇਕ ਅਨੁਪ੍ਰਾਸ ਅਲੰਕਾਰ, ਸ਼ਰੁਤੀ ਅਨੁਪ੍ਰਾਸ ਅਲੰਕਾਰ, ਯਮਕ ਅਲੰਕਾਰ ਅਤੇ ਵੀਪਾਸਾ ਅਲੰਕਾਰ ਵਰਤੇ ਹਨ। ਅਰਥ ਅਲੰਕਾਰਾਂ ਵਿਚ ਦੀਪਕ ਅਲੰਕਾਰ, ਦੇਹਲੀ ਅਲੰਕਾਰ, ਅਰਥਾਵ੍ਰਿਤੀ ਅਲੰਕਾਰ, ਕਾਰਕ ਦੀਪਕ ਅਲੰਕਾਰ, ਮੁਦ੍ਰਾ ਅਲੰਕਾਰ, ਸਾਰ ਅਲੰਕਾਰ, ਅਨਨਯ ਅਲੰਕਾਰ, ਹੇਤੂ ਅਲੰਕਾਰ, ਵਕ੍ਰੋਕਤੀ/ਕਾਕੋਕਤੀ ਅਲੰਕਾਰ, ਯਥਾਸੰਖਯ ਅਲੰਕਾਰ, ਮੀਲਿਤ ਅਲੰਕਾਰ, ਉਪਮਾ ਅਲੰਕਾਰ, ਏਕਾਵਲੀ ਅਲੰਕਾਰ, ਸੁਸਿੱਧ ਅਲੰਕਾਰ, ਤਦਗੁਣ ਅਲੰਕਾਰ, ਪ੍ਰਮਾਣ ਅਲੰਕਾਰ ਅਤੇ ਮਾਨਵੀਕਰਨ ਅਲੰਕਾਰ ਹਨ। ਭੱਟ ਸਾਹਿਬਾਨ ਦੀ ਬਾਣੀ ਵਿਚੋਂ ਕੁਝ ਮੁਹਾਵਰੇ ਉਲਟੀ ਗੰਗਾ ਵਹਾਉਣਾ, ਸਿਰ 'ਤੇ ਹੱਥ ਧਰਨਾ, ਸਿਰ ਨਿਵਾਉਣਾ ਆਦਿ ਹਨ। ਇਸੇ ਤਰ੍ਹਾਂ ਬਾਣੀ ਦੀ ਸ਼ਬਦਾਵਲੀ ਅਰਬੀ, ਫ਼ਾਰਸੀ, ਸੰਸਕ੍ਰਿਤਿ ਭਾਸ਼ਾਵਾਂ ਵਰਤੀਆਂ ਹਨ। ਕਾਵਿ ਰਸ-ਵਿਚ, ਸ਼ਾਂਤ-ਰਸ, ਬੀਰ-ਰਸ ਤੇ ਕਰੁਣਾ-ਰਸ। ਕਾਵਿ-ਛੰਦ ਵਿਚ ਰਡ, ਝੋਲਨਾ, ਸੋਰਠਾ, ਛੱਪਯ ਛੰਦ, ਰੋਲਾ ਛੰਦ, ਪੰਚਾਨਨ ਛੰਦ ਅਤੇ ਘਨਾਛਰੀ ਛੰਦ ਵਰਤੇ ਹਨ। ਸੁਖਦੇਵ ਸਿੰਘ ਸ਼ਾਂਤ ਇਸ ਵਡਮੁੱਲੀ ਪੁਸਤਕ ਦੀ ਰਚਨਾ ਕਰਨ ਲਈ ਵਧਾਈ ਦਾ ਪਾਤਰ ਹੈ। ਉਸ ਕੋਲੋਂ ਭਵਿੱਖ ਵਿਚ ਸਿੱਖ ਸੋਚ ਸੰਬੰਧੀ ਹੋਰ ਖੋਜੀ ਪੁਸਤਕਾਂ ਦੀ ਆਸ ਕੀਤੀ ਜਾ ਸਕਦੀ ਹੈ।

198 ਪੰਨਿਆਂ, 350 ਰੁਪਏ ਕੀਮਤ ਵਾਲੀ ਇਹ ਪੁਸਤਕ ਸਿੰਘ ਬ੍ਰਦਰਜ਼ ਅੰਮ੍ਰਿਤਸਰ ਨੇ ਪ੍ਰਕਾਸ਼ਤ ਕੀਤੀ ਹੈ।




**ਸੰਪਰਕ: ਸੁਖਦੇਵ ਸਿੰਘ ਸ਼ਾਂਤ: 919814901254, 0013174060002**


**ਦੇ ਸੰਬੰਧੀ ਹੀ ਸਨ। ਭੱਟ ਨਲ੍ਹਾ ਦਾ ਸਿੱਧਾ ਸੰਬੰਧ ਨਹੀਂ ਸੀ। ਭੱਟ ਭਿਖਾ ਜੀ ਦੇ ਤਿੰਨ ਸਪੁੱਤਰ ਭੱਟ ਮਥੁਰਾ ਜੀ, ਭੱਟ ਜਾਲਪ ਜੀ ਤੇ ਭੱਟ ਕੀਰਤ ਜੀ ਸਨ, ਭੱਟ ਮਥੁਰਾ ਜੀ ਗੋਇੰਦਵਾਲ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ ਦਰਸ਼ਨਾਂ ਲਈ ਆਏ ਤੇ 20-25 ਸਾਲ ਦੀ ਉਮਰ ਵਿਚ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਸਤਤ ਵਿਚ ਸੱਤ-ਸੱਤ ਸਵੱਈਏ ਉਚਾਰੇ। ਭੱਟ ਜਾਲਪ ਜੀ ਨੇ ਵੀ ਗੋਇੰਦਵਾਲ ਸਾਹਿਬ ਰਹਿ ਕੇ ਸ੍ਰੀ ਗੁਰੂ ਅਮਰਦਾਸ ਜੀ ਦੀ ਸਿਫ਼ਤ ਵਿਚ ਪੰਜ ਸਵੱਈਏ ਉਚਾਰੇ। ਭੱਟ ਕੀਰਤ ਜੀ ਨੇ ਵੀ ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਬਾਰੇ ਚਾਰ-ਚਾਰ ਸਵੱਈਏ ਉਚਾਰੇ ਸਨ। ਇਸ ਲਈ ਇਨ੍ਹਾਂ ਦਾ ਸਮਾਂ ਗੁਰੂ ਸਾਹਿਬਾਨ ਵਾਲਾ ਹੀ ਹੈ। ਭੱਟ ਭਿਖਾ ਜੀ ਦੇ ਭਤੀਜੇ ਭੱਟ ਸਲ੍ਯ ਜੀ ਤੇ ਭੱਟ ਭਲ੍ਯ ਜੀ ਭੱਟ ਸੋਖਾ ਜੀ ਦੇ ਸਪੁੱਤਰ ਸਨ।**

# ਅੰਤਰਰਾਸ਼ਟਰੀ ਬਜ਼ੁਰਗ ਦੌੜਾਕ ਸ. ਫੌਜਾ ਸਿੰਘ "ਟਰਬਨਡ ਟੋਰਨੇਡੋ"



ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ।
ਪੰਜਾਬ ਮੇਲUSA


ਸਰਦਾਰ ਫੌਜਾ ਸਿੰਘ ਦਾ ਜਨਮ ਮਿਤੀ 1 ਅਪ੍ਰੈਲ, 1911 ਨੂੰ ਪੰਜਾਬ ਦੇ ਜਲੰਧਰ ਨੇੜੇ ਬਿਆਸ ਦੇ ਇੱਕ ਛੋਟੇ ਪਿੰਡ ਵਿਚ ਹੋਇਆ। ਉਹ ਇੱਕ ਨਿਮਰ ਸਿੱਖ ਪਰਿਵਾਰ ਵਿਚ ਚਾਰ ਭਰਾ ਭੈਣਾਂ ਵਿਚੋਂ ਸਭ ਤੋਂ ਛੋਟੇ ਸਨ। ਬਚਪਨ ਵਿਚ ਹੀ ਉਨ੍ਹਾਂ ਦੀਆਂ ਲੱਤਾਂ ਕਮਜ਼ੋਰ ਹੋਣ ਕਾਰਨ ਉਹ ਬਹੁਤ ਔਖ ਨਾਲ ਪੰਜ ਸਾਲ ਦੀ ਉਮਰ ਵਿਚ ਚੱਲਣ ਲੱਗੇ। ਸ. ਫੌਜਾ ਸਿੰਘ ਨੇ ਆਪਣੇ ਜੀਵਨ ਦੇ ਮੁੱਢਲੇ ਸਾਲ ਖੇਤੀਬਾੜੀ ਦਾ ਕੰਮ-ਧੰਦਾ ਕਰਨ ਵਿਚ ਗੁਜ਼ਾਰੇ।

ਸ. ਫੌਜਾ ਸਿੰਘ ਨੇ ਬੀਬਾ ਗਿਆਨ ਕੌਰ ਨਾਲ ਵਿਆਹ ਕੀਤਾ ਅਤੇ ਪੰਜਾਬ ਵਿਚ ਰਹਿੰਦੇ ਹੋਏ ਕਿਰਸਾਨੀ ਦੇ ਕੰਮ ਧੰਦੇ ਨੂੰ ਅਪਣਾਇਆ ਪਰ ਕੁਦਰਤੀ ਤੌਰ 'ਤੇ ਉਨ੍ਹਾਂ ਨੂੰ ਆਪਣੇ ਜੀਵਨ ਵਿਚ ਬਹੁਤ ਸਾਰੇ ਦੁੱਖਾਂ ਦਾ ਸਾਹਮਣਾ ਕਰਨਾ ਪਿਆ। ਸੰਨ 1992 ਵਿਚ ਉਸ ਦੀ ਪਤਨੀ ਬੀਬੀ ਗਿਆਨ ਕੌਰ ਦੀ ਮੌਤ ਹੋ ਗਈ, ਜਿਸ ਦੇ ਬਾਅਦ ਉਹ ਆਪਣੇ ਪੁੱਤਰ ਦੇ ਨਾਲ ਪੂਰਬੀ ਲੰਡਨ ਆ ਗਏ। ਸੰਨ 1994 ਵਿਚ ਸ. ਫੌਜਾ ਸਿੰਘ ਨੂੰ ਆਪਣੇ ਪੰਜਵੇਂ ਪੁੱਤਰ ਕੁਲਦੀਪ ਦੀ ਵੀ ਮੌਤ ਦਾ ਸਾਹਮਣਾ ਕਰਨਾ ਪਿਆ। ਆਪਣੇ ਦੁੱਖਾਂ ਨਾਲ ਨਜਿੱਠਣ ਲਈ ਸ. ਫੌਜਾ ਸਿੰਘ ਨੇ ਸਥਾਨਕ ਪਾਰਕਾਂ ਵਿਚ ਚੱਲਣ ਅਤੇ ਜੌਗਿੰਗ ਕਰਨਾ ਆਰੰਭ ਕੀਤਾ।

2000 ਵਿਚ 89 ਸਾਲ ਦੀ ਉਮਰ ਵਿਚ ਸ. ਫੌਜਾ ਸਿੰਘ ਦਾ ਕੋਚ ਹਰਮੰਦਰ ਸਿੰਘ ਨਾਲ ਮਿਲਾਪ ਹੋਇਆ, ਜਿਸ ਨੇ ਉਨ੍ਹਾਂ ਦੇ ਦੌੜਨ ਦੀ ਅਦਭੁੱਤ ਯਾਤਰਾ ਦੀ ਸ਼ੁਰੂਆਤ ਕੀਤੀ। ਆਪਣੇ ਉਸਤਾਦ ਤੋਂ ਦੌੜਾਕੀ ਦੇ ਗੁਣ ਸਿੱਖ ਕੇ ਸ. ਫੌਜਾ ਸਿੰਘ ਨੇ ਲੰਡਨ ਵਿਚ ਆਪਣਾ ਪਹਿਲਾ ਪੂਰਾ ਮੈਰਾਥਨ ਦੌੜਿਆ, 42.195 ਕਿਮੀ ਦੀ ਦੂਰੀ 6 ਘੰਟੇ ਅਤੇ 54 ਮਿੰਟਾਂ ਵਿਚ ਪੂਰੀ ਕੀਤੀ। ਬਜ਼ੁਰਗ ਦੌੜਕ ਸ. ਫੌਜਾ ਸਿੰਘ ਨੇ 90 ਸਾਲ ਅਤੇ ਇਸ ਤੋਂ ਉੱਪਰ ਦੇ ਦੌੜਾਕਾਂ ਲਈ ਦੁਨੀਆਂ ਭਰ ਦੇ ਬਜ਼ੁਰਗ ਦੌੜਾਕਾਂ ਦਾ ਰਿਕਾਰਡ 58 ਮਿੰਟਾਂ ਨਾਲ ਤੋੜ ਦਿੱਤਾ।

ਸੰਨ 2000 ਤੋਂ 2011 ਦੇ ਦਰਮਿਆਨ ਸ. ਫੌਜਾ ਸਿੰਘ ਨੇ ਲੰਡਨ, ਟੋਰਾਂਟੋ, ਨਿਊਯਾਰਕ ਅਤੇ ਮੁੰਬਈ ਸਮੇਤ ਸੰਸਾਰ ਭਰ ਦੇ ਵੱਡੇ ਛੋਟੇ ਸ਼ਹਿਰਾਂ ਵਿਚ ਨੌਂ ਮੈਰਾਥਨ ਦੌੜਾਂ ਦੌੜੀਆਂ। ਉਨ੍ਹਾਂ ਦੇ ਭੱਜਣ ਦਾ ਸਭ ਤੋਂ ਵਧੀਆ ਸਮਾਂ 2003 ਵਿਚ ਟੋਰਾਂਟੋ ਵਿਚ ਆਇਆ, ਜਿੱਥੇ ਉਸ ਨੇ 5 ਘੰਟੇ ਅਤੇ 40 ਮਿੰਟਾਂ ਦਾ ਸਮਾਂ ਦਰਜ ਕੀਤਾ। ਇਹ ਰਿਕਾਰਡ ਵਡੇਰੀ ਉਮਰ ਦੇ ਦੌੜਾਕਾਂ ਲਈ ਇੱਕ ਕੀਰਤੀਮਾਨ ਸਥਾਪਿਤ ਹੋਇਆ।




16 ਅਕਤੂਬਰ 2011 ਨੂੰ 100 ਸਾਲ ਦੀ ਉਮਰ 'ਚ ਸ. ਫੌਜਾ ਸਿੰਘ ਨੇ ਟੋਰਾਂਟੋ ਵਾਟਰਫਰੰਟ ਮੈਰਾਥਨ ਨੂੰ 8 ਘੰਟੇ 11 ਮਿੰਟ ਅਤੇ 6 ਸਕਿੰਟਾਂ ਵਿਚ ਪੂਰਾ ਕੀਤਾ। ਹਾਲਾਂਕਿ ਗਿਨੀਜ਼ ਵਰਲਡ ਰਿਕਾਰਡ ਨੇ ਇਸ ਪ੍ਰਾਪਤੀ ਨੂੰ ਸਰਕਾਰੀ ਤੌਰ 'ਤੇ ਪ੍ਰਮਾਣਿਤ ਨਹੀਂ ਕੀਤਾ ਕਿਉਂਕਿ ਸ. ਫੌਜਾ ਸਿੰਘ ਕੋਲ ਆਪਣੀ ਉਮਰ ਦਰਸਾਉਣ ਲਈ ਜਨਮ ਸਰਟੀਫਿਕੇਟ ਨਹੀਂ ਸੀ। ਗਿਨੀਜ਼ ਵਰਲਡ ਰਿਕਾਰਡਜ਼ ਨੇ ਸ. ਫੌਜਾ ਸਿੰਘ ਦੀ ਇਸ ਉਪਲਬਧੀ ਨੂੰ "ਇੱਕ ਪ੍ਰੇਰਕ ਪ੍ਰਾਪਤੀ" ਵਜੋਂ ਮੰਨਿਆ।

ਸ. ਫੌਜਾ ਸਿੰਘ ਨੇ ਆਪਣੇ ਜੀਵਨ ਦੇ ਸਭ ਤੋਂ ਵਧੀਆ ਪ੍ਰਦਰਸ਼ਨ ਦੌਰਾਨ ਮਾਸਟਰ ਟ੍ਰੈਕ ਮੀਟ 'ਚ ਟੋਰਾਂਟੋ ਵਿਚ 100 ਮੀਟਰ ਤੋਂ ਲੈ ਕੇ 5000 ਮੀਟਰ ਤੱਕ ਦੇ ਅੱਠ ਵਿਸ਼ਵ ਉਮਰ-ਗਰੁੱਪ ਰਿਕਾਰਡ ਸੈੱਟ ਕੀਤੇ ਅਤੇ ਇਸ ਦੀ ਵਿਸ਼ੇਸ਼ਤਾ ਇਹ ਸੀ ਕਿ ਇਹ ਸਾਰੇ ਰਿਕਾਰਡ ਇੱਕ ਹੀ ਦਿਨ ਵਿਚ ਸਥਾਪਿਤ ਹੋਏ।

- ਸ. ਫੌਜਾ ਸਿੰਘ ਨੇ ਐਡਿਡਾਸ ਦੇ "ਇੰਪਾਸਿਬਲ ਇਜ਼ ਨਥਿੰਗ" ਮੁਹਿੰਮ ਵਿਚ ਡੇਵਿਡ ਬੈਕਹੈਮ ਅਤੇ ਮੁਹੰਮਦ ਅਲੀ ਵਰਗੇ ਖਿਡਾਰੀਆਂ ਦੇ ਨਾਲ ਭਾਗ ਲਿਆ।
- 2012 ਵਿਚ ਸ. ਫੌਜਾ ਸਿੰਘ ਨੇ ਲੰਡਨ ਦੇ ਓਲੰਪਿਕ ਖੇਡਾਂ ਦੌਰਾਨ ਓਲੰਪਿਕ ਦੀ ਇਤਿਹਾਸਕ ਮਸ਼ਾਲ ਨੂੰ ਚੁੱਕਿਆ।
- ਸ. ਫੌਜਾ ਸਿੰਘ ਨੂੰ 2003 ਵਿਚ ਐਲਿਸ ਆਈਲੈਂਡ ਮੈਡਲ ਆਫ ਹੋਨਰ ਅਤੇ 2015 ਵਿਚ ਖੇਡ ਅਤੇ ਚੈਰਿਟੀ ਲਈ ਬ੍ਰਿਟਿਸ਼ ਐਂਪਾਇਰ ਮੈਡਲ ਮਿਲਿਆ।
- ਸ. ਫੌਜਾ ਸਿੰਘ ਨੇ **PETA** ਦੇ ਸ਼ਾਕਾਹਾਰੀ ਜਾਗਰੂਕਤਾ ਮੁਹਿੰਮ ਵਿਚ ਸਭ ਤੋਂ ਵਡੇਰੀ ਉਮਰ ਦੇ ਪ੍ਰਸਿੱਧ ਪ੍ਰਤੀਨਿਧੀ ਵਜੋਂ ਭਾਗ ਲਿਆ।
- ਸਰਦਾਰ ਫੌਜਾ ਸਿੰਘ ਦੀ ਜੀਵਨੀ ***Turbaned Tornado***, ਪ੍ਰਸਿੱਧ ਲੇਖਕ ਸਰਦਾਰ ਖ਼ੁਸ਼ਵੰਤ ਸਿੰਘ ਦੁਆਰਾ ਲਿਖੀ ਗਈ, 2011 ਵਿਚ ਯੂ.ਕੇ. ਹਾਊਸ ਆਫ ਲਾਰਡਜ਼ ਵਿਚ ਲਾਂਚ ਕੀਤੀ ਗਈ। ਬਾਦ ਵਿਚ ਸਰਦਾਰ ਫੌਜਾ ਸਿੰਘ ਦੀ ਜੀਵਨੀ 'ਤੇ ਇੱਕ ਬਾਲੀਵੁੱਡ ਫਿਲਮ ਦਾ ਐਲਾਨ ਕੀਤਾ ਗਿਆ।



ਸ. ਫੌਜਾ ਸਿੰਘ ਨੇ 2013 ਵਿਚ ਲਗਭਗ 101 ਸਾਲ ਦੀ ਉਮਰ ਵਿਚ ਮੁਕਾਬਲੇਬਾਜ਼ੀ ਵਾਲੀਆਂ ਦੌੜਾਂ ਤੋਂ ਸੰਨਿਆਸ ਲੈ ਲਿਆ। ਹਾਲਾਂਕਿ ਸ. ਫੌਜਾ ਸਿੰਘ ਆਪਣੇ ਸਰੀਰ ਨੂੰ ਸੈਰ ਕਰਕੇ ਸਰਗਰਮ ਰੱਖਦਾ ਸੀ। ਫੌਜਾ ਸਿੰਘ ਸਦੈਵ ਮੈਰਾਥਨਾਂ ਦੌੜਾਂ ਨੂੰ ਸਮਰਥਨ ਦਿੰਦਾ ਸੀ ਅਤੇ ਸਿਹਤ ਕਾਰਜਾਂ ਨੂੰ ਉਤਸ਼ਾਹਿਤ ਕਰਦਾ ਸੀ।

ਮਿਤੀ 14 ਜੁਲਾਈ 2025 ਨੂੰ ਸ. ਫੌਜਾ ਸਿੰਘ ਇੱਕ ਦੁੱਖਦਾਈ ਦੁਰਘਟਨਾ ਦੌਰਾਨ ਐਕਸੀਡੈਂਟ ਦਾ ਸ਼ਿਕਾਰ ਹੋ ਗਏ। ਐਕਸੀਡੈਂਟ ਦੇ ਵਕਤ ਉਹ ਬਿਆਸ ਪਿੰਡ ਵਿਚ ਇੱਕ ਸੜਕ ਨੂੰ ਪਾਰ ਕਰ ਰਹੇ ਸਨ ਅਤੇ ਉਨ੍ਹਾਂ ਨੂੰ ਐਕਸੀਡੈਂਟ ਤੋਂ ਤੁਰੰਤ ਬਾਅਦ ਜਲੰਧਰ ਦੇ ਇੱਕ ਨਿੱਜੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਪਰ ਉਹ ਆਪਣੇ ਜ਼ਖਮਾਂ ਦੀ ਤਾਬ ਨਾ ਚਲਦੇ ਹੋਏ ਸਵਰਗ ਸਿਧਾਰ ਗਏ ਗਏ।

ਉਨ੍ਹਾਂ ਦੀ ਬੇਵਕਤੀ ਮੌਤ ਸਮੇਂ ਦੁਨੀਆਂ ਭਰ ਦੇ ਨੇਤਾਵਾਂ, ਖਿਡਾਰੀਆਂ, ਵਿਸ਼ਵ ਪ੍ਰਸਿੱਧ ਹਸਤੀਆਂ ਨੇ ਸ਼ਰਧਾਂਜਲੀਆਂ ਭੇਟ ਭਰੀਆਂ। ਯੂ.ਕੇ. ਵਿਚ ਉਸ ਦੇ ਦੌੜਾਕ ਕਲੱਬ 'ਸਿੱਖਸ ਇਨ ਦਾ ਸਿਟੀ' ਨੇ ਐਲਾਨ ਕੀਤਾ ਕਿ ਇਲਫੋਰਡ ਵਿਚ ਆਉਣ ਵਾਲੀਆਂ ਘਟਨਾਵਾਂ ਉਸ ਦੀ ਯਾਦ ਨੂੰ ਸਮਰਪਿਤ ਕਰਨਗੀਆਂ।

ਫੌਜਾ ਸਿੰਘ ਦੀ ਅਦਭੁੱਤ ਯਾਤਰਾ ਨੇ ਦੁਨੀਆਂ ਭਰ ਦੇ ਕਰੋੜਾਂ ਲੋਕਾਂ ਨੂੰ ਉਤਸ਼ਾਹਿਤ ਕੀਤਾ। ਉਸ ਨੇ ਇਹ ਸਾਬਤ ਕੀਤਾ ਕਿ ਉਮਰ ਕੇਵਲ ਇੱਕ ਅੰਕ ਹੈ; ਮਨੋਭਾਵਨਾ, ਉਦੇਸ਼ ਅਤੇ ਧੀਰਜ ਨਾਲ ਇਨਸਾਨ ਜੀਵਨ ਦੇ ਵੱਡੇ ਤੋਂ ਵੱਡੇ ਮੁਕਾਮ ਹਾਸਲ ਕਰ ਸਕਦਾ ਹੈ।

# ਸੜਕਾਂ ਕਿਨਾਰੇ ਸੌਣ ਵਾਲੀ ਦਿਮਾਗੀ ਸੰਤੁਲਨ ਗੁਆ ਚੁੱਕੀ ਗੂੰਗੀ ਔਰਤ ਨੂੰ ਸਰਾਭਾ ਆਸ਼ਰਮ ਨੇ ਅਪਣਾਇਆ



ਡਾ. ਨੌਰੰਗ ਸਿੰਘ ਮਾਂਗਟ
ਲੁਧਿਆਣਾ
(ਇੰਡੀਆ) : 95018-42505;
ਕੈਨੇਡਾ: 403-401-8787
ਪੰਜਾਬ ਮੇਲUSA


"ਨਾ ਘਰ-ਬਾਰ ਨ ਕੌਡੀ ਖੀਸੇ, ਨਾ ਕੋ ਸੁਣੇ ਪੁਕਾਰਾਂ। ਕੋਰਾ-ਕੱਕਰ ਝੱਖੜ-ਝੋਲੇ, ਭੁੰਜੇ ਸੋਇ ਗੁਜ਼ਾਰਾਂ।"

ਇਹ ਪੰਕਤੀਆਂ ਇਸ ਦਿਮਾਗੀ ਸੰਤੁਲਨ ਗੁਵਾ ਚੁੱਕੀ ਬੇਘਰ ਔਰਤ 'ਤੇ ਪੂਰੀ ਤਰ੍ਹਾਂ ਢੁੱਕਦੀਆਂ ਹਨ। ਇਹ ਔਰਤ ਪਿਛਲੇ 8-9 ਸਾਲਾਂ ਤੋਂ ਬਠਿੰਡਾ ਸ਼ਹਿਰ ਦੇ ਬਾਹਰਵਾਰ ਮਲੋਟ ਸੜਕ ਕਿਨਾਰੇ ਪਲਾਸਟਿਕ ਦੀਆਂ ਬੋਰੀਆ ਨਾਲ ਬਣਾਈ ਝੁੱਗੀ ਵਿਚ ਰਹਿ ਰਹੀ ਸੀ। ਇਸ ਕੋਲੋਂ ਬਦਬੂ ਮਾਰ ਰਹੀ ਸੀ। ਹੱਥਾਂ, ਪੈਰਾਂ 'ਤੇ ਜ਼ਖਮ ਹੋਏ ਪਏ ਹਨ, ਵਾਲਾਂ ਵਿਚ ਜੂੰਆਂ, ਹੱਥਾਂ-ਪੈਰਾਂ ਦੇ ਵਧੇ ਹੋਏ ਨਹੁੰ ਇਹ ਬਿਆਨ ਕਰ ਰਹੇ ਸਨ ਕਿ ਪਤਾ ਨਹੀਂ, ਕਿੰਨੇ ਚਿਰ ਤੋਂ ਇਸ ਨੇ ਇਸ਼ਨਾਨ ਵੀ ਨਹੀਂ ਕੀਤਾ ਹੋਣਾ।

9 ਜੁਲਾਈ 2025 ਨੂੰ ਇਸ ਔਰਤ ਨੂੰ ਉਸ ਇਲਾਕੇ ਦੇ ਰਹਿਣ ਵਾਲੇ ਕੁਨਾਲ ਵਰਮਾ, ਗਿਸ਼ੂ ਖੱਤਰੀ ਤੇ ਉਨ੍ਹਾਂ ਦੇ ਸਾਥੀਆਂ ਨੇ ਵੇਖਿਆ ਅਤੇ ਇਨ੍ਹਾਂ ਰਹਿਮ ਦਿਲ ਇਨਸਾਨਾਂ ਵੱਲੋਂ ਇਸ ਔਰਤ ਨੂੰ ਸਰਾਭਾ ਪਿੰਡ ਦੇ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਵਿਚ ਪੁਚਾਇਆ ਗਿਆ। ਉਥੋਂ ਦੇ ਰਹਿਣ ਵਾਲੇ ਲੋਕਾਂ ਦੇ ਦੱਸਣ ਮੁਤਾਬਕ ਇਹ ਔਰਤ ਨਜ਼ਦੀਕ ਬਣੀ ਝੀਲ ਵਿਚੋਂ ਮੱਛੀਆਂ ਕੱਢ ਲੈਂਦੀ ਅਤੇ ਬਣਾ ਕੇ ਖਾ ਲੈਂਦੀ ਜਾਂ ਕੋਈ ਰਾਹਗੀਰ ਖਾਣ ਨੂੰ ਕੁੱਝ ਦੇ ਦਿੰਦਾ, ਤਾਂ ਖਾ ਲੈਂਦੀ। ਕਈ ਵਾਰ ਤਾਂ ਭੁੱਖਣ-ਭਾਣੇ ਇੱਧਰ-ਉੱਧਰ ਘੁੰਮਦੀ ਰਹਿੰਦੀ। ਦਿਨ-ਰਾਤ ਗੰਦਗੀ ਵਿਚ ਰਹਿਣ ਕਰਕੇ ਇਸ ਦੀ ਹਾਲਤ ਦਿਨੋਂ-ਦਿਨ ਵਿਗੜ ਰਹੀ ਸੀ।

ਹੁਣ ਇਸਨੂੰ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਵਿਚ ਆਸ਼ਰਮ ਵਿਚ ਸ਼ੁੱਧ ਭੋਜਨ, ਸਾਫ-ਸੁਥਰੇ ਕੱਪੜੇ ਅਤੇ ਜ਼ਰੂਰਤ ਅਨੁਸਾਰ ਮੈਡੀਕਲ ਸਹੂਲਤ ਵੀ ਮਿਲੇਗੀ। ਆਸ ਕਰਦੇ ਹਾਂ ਕਿ ਆਉਣ ਵਾਲੇ ਦਿਨਾਂ ਵਿਚ ਇਸਦੀ ਹਾਲਤ ਵਿਚ ਸੁਧਾਰ ਜਾ ਜਾਵੇਗਾ ਅਤੇ ਇਹ ਆਪਣੀ ਆਉਣ ਵਾਲੀ ਜ਼ਿੰਦਗੀ ਵਧੀਆ ਬਤੀਤ ਕਰੇਗੀ। ਇਸ ਸੰਸਥਾ ਦੇ ਬਾਨੀ ਡਾ. ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਦੇ ਦੱਸਣ ਮੁਤਾਬਕ ਇਸ ਆਸ਼ਰਮ ਵਿਚ ਸਵਾ ਦੋ ਸੌ (225) ਦੇ ਕਰੀਬ ਦਿਮਾਗੀ ਸੰਤੁਲਨ ਗੁਆ ਚੁੱਕੇ ਅਤੇ ਹੋਰ ਬਿਮਾਰੀਆ ਨਾਲ ਪੀੜਤ ਲਾਵਾਰਸ-ਬੇਘਰ ਮਰੀਜ਼ ਰਹਿੰਦੇ ਹਨ, ਜਿਨ੍ਹਾਂ ਵਿਚ ਬਹੁਤ ਸਾਰੇ ਮਰੀਜ਼ ਪੂਰੀ ਤਰਾਂ ਸੁੱਧ-ਬੁੱਧ ਨਾ ਹੋਣ ਕਰਕੇ ਕੱਪੜਿਆਂ ਵਿਚ ਹੀ ਮਲ-ਮੂਤਰ ਕਰਦੇ ਹਨ। ਆਸ਼ਰਮ ਵਲੋਂ ਕੀਤੀ ਜਾ ਰਹੀ ਬੇਮਿਸਾਲ ਤੇ ਨਿਰਸਵਾਰਥ ਸੇਵਾ ਗੁਰੂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹੀ ਚੱਲ ਰਹੀ ਹੈ।


ਸੜਕ ਕਿਨਾਰੇ ਬੈਠੀ ਬੇਨਾਮ ਗੂੰਗੀ ਔਰਤ।

# ਜਨਤਾ ਦੇ ਸੇਵਕ-ਰਾਜੇ ਮਹਾਰਾਜੇ ਕਿਉਂ ਬਣੇ ?

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA



ਲੋਕਤੰਤਰਿਕ ਦੇਸ਼ਾਂ ਵਿਚ ਪੁਰਾਣੀ ਰਾਜਾਸ਼ਾਹੀ ਪ੍ਰਥਾ ਦੀ ਕੋਈ ਥਾਂ ਨਹੀਂ ਹੋਣੀ ਚਾਹੀਦੀ। ਸਾਡੇ ਮਹਾਨ ਦੇਸ਼ ਭਾਰਤ ਵਿਚ ਚੋਣ ਜਿੱਤਣ ਤੋਂ ਬਾਅਦ ਲੋਕ ਆਪਣੇ-ਆਪ ਨੂੰ ਮਹਾਰਾਜਾ ਸਮਝਣ ਲੱਗਦੇ ਹਨ। ਦੇਸ਼ ਦਾ ਆਮ ਆਦਮੀ ਸਿਆਸਤਦਾਨਾਂ ਦੇ ਨਖ਼ਰਿਆਂ ਅਤੇ ਆਪਹੁਦਰੇਪਨ ਤੋਂ ਪੂਰੀ ਤਰ੍ਹਾਂ ਤੰਗ ਆਇਆ ਹੋਇਆ ਹੈ, ਇਸ ਵੇਲੇ !

ਸਿਆਸੀ ਲੋਕ ਆਪਣੇ-ਆਪ ਨੂੰ ਵੀ.ਆਈ.ਪੀ. (ਵੱਡੇ ਆਦਮੀ) ਸਮਝਦੇ ਹਨ ਅਤੇ ਆਮ ਲੋਕਾਂ ਦੀ ਪ੍ਰਵਾਹ ਕਰਨੀ ਛੱਡ ਦਿੰਦੇ ਹਨ। ਉਨ੍ਹਾਂ ਆਮ ਲੋਕਾਂ ਦੀ, ਜਿਨ੍ਹਾਂ ਨੇ ਉਨ੍ਹਾਂ ਨੂੰ ਆਪਣੇ ਵੋਟ ਦੇ ਕੇ ਵਿਧਾਨ ਸਭਾ ਜਾਂ ਲੋਕ ਸਭਾ ਵਿਚ ਭੇਜਿਆ ਹੁੰਦਾ ਹੈ।

ਦੇਸ਼ ਵਿਚ "ਵੀ.ਆਈ.ਪੀ." ਕਲਚਰ ਕੈਂਸਰ ਰੋਗ ਵਾਂਗਰ ਫ਼ੈਲ ਚੁੱਕਾ ਹੈ। ਗਿਆਰਾਂ ਸਾਲ ਪਹਿਲਾਂ ਨਰੇਂਦਰ ਮੋਦੀ ਨੇ ਪ੍ਰਧਾਨ ਮੰਤਰੀ ਬਨਣ ਦੇ ਫੌਰਨ ਬਾਅਦ ਦਿੱਲੀ 'ਚ ਸੰਸਦ ਮੈਂਬਰਾਂ ਦੀਆਂ ਗੱਡੀਆਂ ਤੋਂ ਲਾਲ ਬੱਤੀਆਂ ਹਟਵਾ ਲਈਆਂ ਸਨ ਅਤੇ ਵੀ.ਆਈ.ਪੀ. ਕਲਚਰ ਦੇ ਵਿਰੁੱਧ ਬੋਲੇ ਹਨ। ਲੇਕਿਨ ਫਿਰ ਜਿਵੇਂ ਉਹ ਭੁੱਲ ਹੀ ਗਏ ਕਿ "ਜਨਤਾ ਦੇ ਇਨ੍ਹਾਂ ਸੇਵਕਾਂ" ਦੀਆਂ ਵਿਗੜੀਆਂ ਆਦਤਾਂ ਸੁਧਾਰਨ ਦੀ ਸਖ਼ਤ ਲੋੜ ਹੈ।

ਸਾਡੇ ਸੂਬੇ ਦੇ ਮੌਜੂਦਾ ਮੁੱਖ ਮੰਤਰੀ ਨੂੰ ਵੀ ਵੀ.ਆਈ.ਪੀ. ਕਲਚਰ ਤੋਂ ਸਖ਼ਤ ਨਫ਼ਰਤ ਸੀ। ਪਰ ਹੁਣ ਤਾਂ ਉਹ ਵੀ ਆਪਣੇ ਕੀਤੇ ਹੋਏ ਵਾਅਦਿਆਂ ਨੂੰ ਜਿਵੇਂ ਭੁੱਲ ਹੀ ਚੁੱਕੇ ਹਨ, ਕਿਉਂਕਿ ਪੰਜਾਬ ਵਿਚ ਵੀ ਸਿਆਸਤਦਾਨ ਹੁਣ "ਆਮ ਆਦਮੀ" ਨਹੀਂ, ਖ਼ਾਸ ਆਦਮੀ ਬਣ ਚੁੱਕਾ ਹੈ।

ਵਿਕਸਿਤ ਪੱਛਮੀ ਦੇਸ਼ਾਂ ਵਿਚ ਪ੍ਰਧਾਨ ਮੰਤਰੀ, ਰਾਸ਼ਟਰਪਤੀ ਅਤੇ ਇੱਥੋਂ ਤੱਕ ਕਿ ਰਾਜਾ ਵੀ ਮੈਟਰੋ ਜਾਂ ਬੱਸ 'ਚ ਸਫ਼ਰ ਕਰਦਾ ਹੈ। ਪਰ ਭਾਰਤ ਵਿਚ ਤਾਂ ਇਹ ਚੀਜ਼ਾਂ ਸੁਪਨੇ ਸਮਾਨ ਹਨ। ਜਦ ਕੋਈ ਭਾਰਤੀ "ਲੋਕ ਨੁਮਾਇੰਦਾ" ਟੀ.ਵੀ. ਕੈਮਰੇ ਸਾਹਮਣੇ ਆਪਣੀ ਝੂਠੀ ਨਿਮਰਤਾ ਸਾਬਤ ਕਰਨਾ ਚਾਹੁੰਦਾ ਹੈ, ਤਾਂ ਹੀ ਉਹ ਬੱਸ, ਰੇਲ ਗੱਡੀ 'ਚ ਨਜ਼ਰ ਆਉਂਦਾ ਹੈ। ਹੁਣ ਤਾਂ ਸਥਿਤੀ ਇਹ ਹੈ ਕਿ ਇਹ ਲੋਕ-ਨੁਮਾਇੰਦੇ ਚੋਣ ਜਿੱਤਣ ਤੋਂ ਬਾਅਦ ਜਨਤਾ ਨੂੰ ਭੁੱਲਕੇ ਐਸ਼ੋ-ਆਰਾਮ ਦੀ ਜ਼ਿੰਦਗੀ ਬਸਰ ਕਰਨ ਲੱਗਦੇ ਹਨ, ਉਦੋਂ ਤੱਕ ਜਦੋਂ ਤੱਕ ਦੂਜੀ ਚੋਣ ਸਿਰ 'ਤੇ ਨਹੀਂ ਆ ਜਾਂਦੀ।

ਸਿਆਸੀ ਲੋਕਾਂ ਦੀ ਸੋਚ 'ਚ ਇੰਨਾ ਨਿਘਾਰ ਆ ਚੁੱਕਾ ਹੈ। ਉਹ ਇਹ ਵੀ ਭੁੱਲ ਜਾਂਦੇ ਹਨ ਕਿ ਉਨ੍ਹਾਂ ਦਾ ਕੰਮ ਜਨਤਾ ਦੀ ਸੇਵਾ ਕਰਨਾ ਹੈ, ਨਾ ਕਿ ਆਪਣੇ ਸਕੇ-ਸੰਬੰਧੀਆਂ ਦੀ। ਹੈਰਾਨ ਹੋਈਦਾ ਹੈ ਉਸ ਵੇਲੇ ਕਿ ਇਨ੍ਹਾਂ ਜਨਤਾ ਸੇਵਕਾਂ ਕੋਲ ਮਹਿੰਗੀਆਂ ਗੱਡੀਆਂ ਕਿੱਥੋਂ ਆ ਜਾਂਦੀਆਂ ਹਨ ? ਕਿਵੇਂ ਉਹ ਰਾਜੇ-ਮਹਾਰਾਜਿਆਂ ਵਾਂਗਰ ਪੰਜ ਤਾਰਾ ਹੋਟਲਾਂ 'ਚ ਖਾਣਾ ਖਾਣ ਜਾਂਦੇ ਹਨ ? ਆਪਣੇ ਲਈ ਵਧੀਆ ਮਹੱਲ, "ਸ਼ੀਸ਼ ਮਹੱਲ" ਉਸਾਰ ਲੈਂਦੇ ਹਨ। ਆਉਂਦੀਆਂ ਕਈ ਪੁਸ਼ਤਾਂ ਲਈ ਧੰਨ ਇਕੱਠਾ ਕਰ ਲੈਂਦੇ ਹਨ। ਕਿਵੇਂ ਉਹ ਆਮ ਲੋਕਾਂ ਵਿਚਲੀ ਪਹਿਲੀ ਰਿਹਾਇਸ਼ ਛੱਡਕੇ, ਮਹੀਨਿਆਂ, ਦਿਨਾਂ 'ਚ ਉਨ੍ਹਾਂ ਮਹਿੰਗੇ ਰਿਹਾਇਸ਼ੀ ਇਲਾਕਿਆਂ 'ਚ ਜਾ ਬਸੇਰਾ ਕਰਦੇ ਹਨ, ਜਿਥੇ 90 ਫ਼ੀਸਦੀ ਵੱਡੇ ਧਨਾਢ ਕਾਰੋਬਾਰੀ ਨਿਵਾਸ ਰੱਖਦੇ ਹਨ ਅਤੇ ਇਹੀ "ਚੁਣੇ ਸੇਵਕ", ਵੱਡੇ ਸਕਿਓਰਿਟੀ ਗਾਰਡਾਂ ਅਤੇ ਆਪਣੇ ਨਾਲ ਰੱਖੇ ਨੌਕਰਾਂ-ਚਾਕਰਾਂ ਦੀਆਂ ਵੱਡੀਆਂ ਟੋਲੀਆਂ ਨਾਲ ਵਿਚਰਨ ਲੱਗਦੇ ਹਨ, ਖ਼ਾਸ ਕਰਕੇ ਉਨ੍ਹਾਂ ਲੋਕਾਂ 'ਚ, ਜਿਹੜੇ ਵੱਡੇ ਧੰਨ-ਕੁਬੇਰ ਹਨ, ਹੋਟਲਾਂ, ਵਪਾਰਕ ਅਦਾਰਿਆਂ ਦੇ ਮਾਲਕ ਹਨ।

ਚੋਣ ਉਪਰੰਤ ਬਣੇ ਵੱਡੇ ਸੇਵਕ ਸਿਆਸੀ ਹੈਂਕੜ 'ਚ ਆਕੇ ਲੋਕਾਂ ਨਾਲ ਬੋਲਚਾਲ ਤਾਂ ਜਿਵੇਂ ਬਦਲ ਹੀ ਲੈਂਦੇ ਹਨ। ਉਹ ਆਪਣੇ ਸਿਆਸੀ ਵਿਰੋਧੀਆਂ 'ਤੇ ਤਿੱਖੇ ਬਾਣ ਚਲਾਉਣ ਤੋਂ ਵੀ ਦਰੇਗ ਨਹੀਂ ਕਰਦੇ। ਪਿਛਲੇ ਦਿਨਾਂ 'ਚ ਪੰਜਾਬ ਵਿਧਾਨ ਸਭਾ 'ਚ ਵਾਪਰੀਆਂ ਉਨ੍ਹਾਂ ਬਹਿਸਾਂ ਦਾ ਇਥੇ ਜ਼ਿਕਰ ਕਰਨਾ ਬਣਦਾ ਹੈ, ਜਿਥੇ ਸਿਆਸੀ ਸੋਚ ਨਾਲੋਂ ਨਿੱਜੀ ਕਿੜਾਂ ਕੱਢਣ ਲਈ ਹਾਕਮ ਤੇ ਵਿਰੋਧੀ ਧਿਰ ਦੇ ਵੱਡੇ ਨੇਤਾ ਇੱਕ-ਦੂਜੇ ਨਾਲ ਉਲਝਦੇ ਵੇਖੇ ਗਏ। ਉਨ੍ਹਾਂ ਤਨਜਾਂ ਕੱਸੀਆਂ, ਬਿਲਕੁਲ ਉਵੇਂ ਹੀ ਜਿਵੇਂ ਸ਼ਰੀਕ ਆਪਸ 'ਚ ਲੜਦੇ ਹਨ, "ਮੁੱਛਾਂ ਨੂੰ ਤਾਅ ਦਿੰਦੇ ਹਨ, "ਦੇਖ ਲੈਣ" ਦੀਆਂ ਧਮਕੀਆਂ ਦਿੰਦੇ ਹਨ।" ਕਿਹੋ ਜਿਹਾ ਸਿਆਸੀ ਕਿਰਦਾਰ ਰਹਿ ਗਿਆ ਹੈ ਇਨ੍ਹਾਂ ਸੇਵਕਾਂ ਦਾ ? ਜੋ ਲੋਕ ਅਸਲਿਆਂ ਤੋਂ ਮੂੰਹ ਮੋੜਕੇ ਸਿਰਫ਼ ਕੁਰਸੀ ਲਈ ਯੁੱਧ ਕਰਦੇ ਨਜ਼ਰ ਆਉਂਦੇ ਹਨ। ਭਾਰਤੀ ਸਿਆਸਤਦਾਨਾਂ ਦੀ ਸਵਾਰਥੀ ਸੋਚ ਨੇ ਭਾਰਤੀ ਲੋਕ ਮਸਲਿਆਂ ਤੋਂ ਮੂੰਹ ਮੋੜਿਆ ਹੋਇਆ ਹੈ, ਉਨ੍ਹਾਂ ਦਾ ਮੁੱਖ ਨਿਸ਼ਾਨਾ ਲੋਕ ਸੇਵਾ ਨਹੀਂ, ਸਗੋਂ ਕੁਰਸੀ ਹਥਿਆਉਣਾ ਹੈ।

ਲੋਕ ਰਾਜ ਦੇ ਨਾਂਅ 'ਤੇ ਦੇਸ਼ ਦੇ ਮੌਜੂਦਾ ਵੱਡੇ ਹਾਕਮ ਦੇ ਸੱਤਾ ਹਥਿਆਉਣ ਤੇ ਸੱਤਾ ਬਰਕਰਾਰ ਰੱਖਣ ਦੇ ਪੈਂਤੜੇ ਕਿਸੇ ਤੋਂ ਲੁਕੇ-ਛੁਪੇ ਨਹੀਂ ਹਨ। ਉਸ ਵੱਲੋਂ ਸਾਮ-ਦਾਮ-ਦੰਡ ਦੀ ਵਰਤੋਂ ਕਰਦਿਆਂ ਅਤੇ ਜਾਤ-ਧਰਮ ਦੀ ਰਾਜਨੀਤੀ ਕਰਦਿਆਂ "ਸਿਆਸਤਦਾਨਾਂ" ਦੇ ਅਸਲੀ ਅਕਸ ਉਤੇ ਲਗਾਤਾਰ ਛਿੱਟੇ ਪਾਏ ਗਏ ਹਨ। ਤਦੇ ਇਹ ਸਿਰਫ਼ ਤਾਕਤ ਦੇ ਭੁੱਖੇ ਸਿਆਸਤਦਾਨ ਲੋਕ ਮਸਲਿਆਂ ਤੋਂ ਪਿੱਛਾ ਛੁਡਾਉਂਦੇ, ਆਮ ਲੋਕਾਂ ਨੂੰ ਭਰਮਾਉਂਦੇ ਅਤੇ ਆਪਣਾ ਹਿੱਤ ਸਾਧਦੇ ਨਜ਼ਰ ਆਉਂਦੇ ਹਨ।

ਸੂਬਾ ਪੰਜਾਬ ਦੇ ਸਿਆਸਤਦਾਨਾਂ ਦੀ ਕਾਰਗੁਜ਼ਾਰੀ ਕਈ ਪੱਖਾਂ ਤੋਂ ਨਿਰਾਸ਼ ਕਰਨ ਵਾਲੀ ਹੈ। ਵਿਰੋਧੀ 'ਤੇ ਹਾਕਮ ਧਿਰ ਵਿਚਲੀ ਤਲਖ਼ਕਲਾਮੀ ਕਾਫ਼ੀ ਦੁੱਖਦਾਇਕ ਹੈ, ਉਸ ਵੇਲੇ ਜਦੋਂ ਪੰਜਾਬ ਕਈ ਹਾਲਤਾਂ 'ਚ ਪੱਛੜ ਰਿਹਾ ਹੈ। ਉਸ ਵੇਲੇ ਜਦੋਂ ਪੰਜਾਬ ਨਸ਼ਿਆਂ 'ਚ ਗਰਕਿਆ ਪਿਆ ਹੈ। ਉਸ ਵੇਲੇ ਜਦੋਂ ਪੰਜਾਬ ਖੇਤੀ ਸੰਕਟ 'ਚ ਹੈ। ਉਸ ਵੇਲੇ ਜਦੋਂ ਪੰਜਾਬ ਬੇਰੁਜ਼ਗਾਰੀ ਦਾ ਮਾਰਿਆ ਹੋਇਆ ਹੈ। ਉਸ ਵੇਲੇ ਜਦੋਂ ਪੰਜਾਬ ਦਾ ਨੌਜਵਾਨ ਪ੍ਰੇਸ਼ਾਨ ਹੈ, ਪ੍ਰਵਾਸ ਹੰਢਾਉਣ ਲਈ ਮਜਬੂਰ ਹੈ। ਉਸ ਵੇਲੇ ਜਦੋਂ ਪੰਜਾਬ ਕੋਲ ਆਪਣਾ ਕੋਈ ਤਰੱਕੀ "ਵਿਜ਼ਨ" ਹੀ ਨਹੀਂ ਹੈ। ਪੰਜਾਬ ਦੇ ਸਿਆਸਤਦਾਨ ਸਿਰ ਜੋੜਕੇ ਕੋਈ ਹੱਲ ਲੱਭਣ ਦੀ ਬਜਾਏ ਨਿੱਜੀ ਗੱਲਾਂ ਅਤੇ ਕਿੜ੍ਹਾਂ ਕੱਢਣ ਦੀ ਕੋਸ਼ਿਸ਼ 'ਚ ਲੱਗੇ ਹੋਏ ਹਨ। ਇੱਕ-ਦੂਜੇ ਵਿਰੁੱਧ ਬੋਲਦਿਆਂ ਮਰਿਆਦਾ ਭੁੱਲ ਚੁੱਕੇ ਹਨ। ਇਵੇਂ ਲੱਗਦਾ ਹੈ ਜਿਵੇਂ ਸੱਤਾਧਾਰੀ ਸੱਤਾ ਦੇ ਗਰੂਰ 'ਚ ਹਨ ਅਤੇ ਵਿਰੋਧੀ ਧਿਰ ਵਾਲੇ ਈਰਖਾ ਨਾਲ ਭਰੇ ਹੋਏ। ਪੰਜਾਬ ਆਰਥਿਕ ਅਤੇ ਸਮਾਜਿਕ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਪੰਜਾਬ ਦੀ ਅਮਨ ਕਾਨੂੰਨ ਸਥਿਤੀ ਵੀ ਕਈ ਹਾਲਤਾਂ 'ਚ ਗੰਭੀਰ ਬਣੀ ਹੋਈ ਹੈ। ਕੀ ਆਪਸੀ ਦੂਸ਼ਣਬਾਜ਼ੀ ਅਜਿਹੇ ਗੰਭੀਰ ਮਸਲਿਆਂ ਦਾ ਹੱਲ ਹੋ ਸਕਦੀ ਹੈ ?

ਪੰਜਾਬ ਇਸ ਸਮੇਂ ਸਿਆਸੀ ਖਿਲਾਅ 'ਚ ਹੈ। ਪੰਜਾਬ ਦੀਆਂ ਇਲਾਕਾਈ ਮੰਗਾਂ ਸਮੇਤ ਖੁਦਮੁਖਤਾਰੀ ਦੀ ਮੰਗ ਦੀ ਪੂਰਤੀ ਲਈ ਇਲਾਕਾਈ ਪਾਰਟੀ ਦੀ ਲੋੜ ਪੂਰੀ ਨਾ ਹੋਣ ਦੇ ਕਾਰਨ ਪੰਜਾਬ ਦੇ ਲੋਕ ਮਨੋ ਪ੍ਰੇਸ਼ਾਨ ਹਨ। ਉਹ ਕਿਸੇ ਵੀ ਤਰ੍ਹਾਂ ਦਿੱਲੀ ਦੇ ਹਾਕਮਾਂ ਦੀ ਟੈਂਅ ਮੰਨਣ ਦੇ ਮੂਡ ਵਿਚ ਨਹੀਂ ਹਨ, ਕਿਉਂਕਿ ਕਿਸੇ ਵੀ ਰਾਸ਼ਟਰੀ ਧਿਰ ਨੇ ਬੀਤੇ ਸਮੇਂ 'ਚ ਪੰਜਾਬੀਆਂ ਨਾਲ ਇਨਸਾਫ਼ ਨਹੀਂ ਕੀਤਾ। ਉਨ੍ਹਾਂ ਨੂੰ ਸਮੇਂ-ਸਮੇਂ ਵੱਡੇ ਜ਼ਖ਼ਮ ਦਿੱਤੇ ਪਰ ਉਨ੍ਹਾਂ ਦੇ ਫੈਹਾ ਲਾਉਣ ਲਈ ਕਿਸੇ ਨੇ ਵੀ ਪਹਿਲਕਦਮੀ ਨਹੀਂ ਕੀਤੀ, ਸਗੋਂ ਹਰ ਹੀਲੇ ਉਨ੍ਹਾਂ ਨੂੰ ਵਰਤਣ ਦਾ ਯਤਨ ਕੀਤਾ।

ਪੰਜਾਬ ਦੀਆਂ ਵੱਖੋ-ਵੱਖਰੀਆਂ ਪਾਰਟੀਆਂ ਦੇ ਸਿਆਸਤਦਾਨਾਂ ਸਮੇਤ ਇਲਾਕਾਈ ਪਾਰਟੀ ਦੇ ਸਿਆਸਤਦਾਨਾਂ ਨੇ ਪੰਜਾਬ ਦੇ ਲੋਕਾਂ ਦੇ ਦਰਦ ਨੂੰ ਨਹੀਂ ਸਮਝਿਆ, ਸਗੋਂ ਆਪਣੀਆਂ ਗੱਦੀਆਂ ਪੱਕੀਆਂ ਕਰਨ ਲਈ ਨਾਪਾਕ ਗੱਠਜੋੜ ਕੀਤੇ। ਪਿਛਲੇ ਸਮੇਂ 'ਚ ਪਾਰਟੀਆਂ ਨੇ ਪੰਜਾਬ ਨੂੰ ਕਾਬੂ ਕਰਨ ਲਈ "ਆਇਆ ਰਾਮ ਗਿਆ ਰਾਮ" ਵਾਲੀ ਸਿਆਸਤ ਕਰਦਿਆਂ, ਇੱਕ-ਦੂਜੇ ਦੀਆਂ ਪਾਰਟੀਆਂ ਦੇ ਨੇਤਾ ਆਪਣੇ ਪਾਲੇ 'ਚ ਕੀਤੇ। ਉਦਾਹਰਨ ਕਾਂਗਰਸ ਹੈ। ਉਦਾਹਰਨ ਅਕਾਲੀ ਦਲ ਪਾਰਟੀ ਹੈ। ਭਾਜਪਾ 'ਚ ਕਾਂਗਰਸ ਸ਼ਾਮਲ ਹੋਏ। ਆਮ ਆਦਮੀ ਪਾਰਟੀ 'ਚ ਕਾਂਗਰਸੀ ਜਾ ਵੜੇ। ਅਕਾਲੀ ਦਲ ਦੋ ਨਹੀਂ, ਕਈ ਹਿੱਸਿਆਂ 'ਚ ਵੰਡਿਆ ਗਿਆ। ਅਸੂਲ ਕਿਥੇ ਹਨ, ਉਹ ਭੁੱਲ ਗਏ।

ਅੱਜ ਸਥਿਤੀ ਇਹ ਹੈ ਕਿ ਕਾਂਗਰਸ ਦੇ ਨੇਤਾ ਆਪੋ-ਆਪਣੇ ਰਾਹ ਹਨ। ਉਨ੍ਹਾਂ ਨੂੰ ਹਿੱਤ ਪੰਜਾਬੀਆਂ ਦਾ ਨਹੀਂ, ਆਪਣਾ ਹੈ। ਅਕਾਲੀ ਦਲ ਖੇਰੂ-ਖੇਰੂ ਹੋ ਗਿਆ। ਮੁੜ ਉਭਰੇਗਾ ਕਿ ਨਹੀਂ ? ਨਿੱਜੀ ਰੰਜਿਸ਼ਾਂ, ਨਿੱਜੀ ਟੱਕਰਾਂ, ਪੰਥਕ ਸੋਚ ਨੂੰ ਤਿਲਾਂਜਲੀ ਉਨ੍ਹਾਂ ਦਾ ਕਿਰਦਾਰ ਬਣ ਚੁੱਕਾ ਹੈ।

ਸੱਤਾਧਾਰੀ ਪਾਰਟੀ ਨੇ ਬੜਕਾਂ ਮਾਰਕੇ ਲੋਕ ਡਰਾ ਰੱਖੇ ਹਨ। ਕਿਸਾਨਾਂ ਦੇ ਮਸਲੇ, ਮਜ਼ਦੂਰਾਂ ਦੀਆਂ ਮੰਗਾਂ, ਬੇਰੁਜ਼ਗਾਰ ਮੁਲਾਜ਼ਮਾਂ ਨਾਲ ਡਾਂਗ-ਸੋਟਾ ਨਿੱਤ-ਦਿਹਾੜੇ ਵੇਖਣ ਨੂੰ ਮਿਲ ਰਿਹਾ ਹੈ। ਕੀ ਸਿਰਫ਼ ਅੰਕੜਿਆਂ ਅਤੇ ਭਾਸ਼ਣਾਂ ਨਾਲ ਸਰਕਾਰ ਦੀ ਦਿੱਖ ਚੰਗੇਰੀ ਬਣਾਈ ਜਾ ਸਕਦੀ ਹੈ ? ਕੀ ਇੰਜ ਪੰਜਾਬੀਆਂ ਦਾ ਮਨ ਜਿੱਤਿਆ ਜਾ ਸਕਦਾ ਹੈ ? ਕੀ ਸਿਰਫ਼ "ਜਲੰਧਰ", "ਲੁਧਿਆਣਾ" ਜਿਮਨੀ ਚੋਣ ਜਿੱਤਣ ਨੂੰ ਹਰਮਨ ਪਿਆਰਤਾ ਆਖਿਆ ਜਾ ਸਕਦਾ ਹੈ ? ਜਦੋਂਕਿ ਉਥੇ ਵੋਟਾਂ ਦੀ ਪ੍ਰਤੀਸ਼ਤ ਕੁੱਲ ਵੋਟਾਂ ਦੇ ਅੱਧ ਨੂੰ ਮਸਾਂ ਹੀ ਟੱਪ ਸਕੀ।

ਪੰਜਾਬ ਦੇ ਮੌਜੂਦਾ ਹਾਲਾਤ ਪ੍ਰਪੱਕ ਸਿਆਸਤਦਾਨਾਂ ਅਤੇ ਨੀਤੀਵਾਨਾਂ ਦੀ ਮੰਗ ਕਰਦੇ ਹਨ। ਪੰਜਾਬ ਦੇ ਸਿਆਸਤਦਾਨਾਂ ਨੂੰ ਕਾਬੂ ਕਰਨ ਲਈ ਬੁੱਧੀਜੀਵੀਆਂ, ਵਿਚਾਰਵਾਨਾਂ ਦਾ ਕੁੰਡਾ ਚਾਹੀਦਾ ਹੈ। ਪੰਜਾਬ ਨੂੰ ਤਰੱਕੀ ਲਈ ਇੱਕ ਵਿਜ਼ਨ ਚਾਹੀਦੀ ਹੈ, ਜਿਸ ਉਤੇ ਸਾਰੇ ਸਿਆਸਤਦਾਨ ਸਿਰ ਜੋੜਕੇ ਕੰਮ ਕਰਨ, ਗੱਦੀ ਹਥਿਆਉਣਾ ਉਨ੍ਹਾਂ ਦਾ ਕਿਰਦਾਰ ਨਾ ਹੋਏ।

ਅੱਜ ਦੇਸ਼ ਨੂੰ ਦਮਦਾਰ ਸਿਆਸਤਦਾਨਾਂ ਦੀ ਲੋੜ ਹੈ, ਜੋ ਸਵਾਰਥ ਰਹਿਤ ਹੋ ਕੇ ਦੇਸ਼ ਦੇ ਅਰਥਚਾਰੇ ਨੂੰ ਥਾਂ ਸਿਰ ਲਿਆਉਣ, ਕਿਉਂਕਿ ਕਾਰਪੋਰੇਟਾਂ ਨੇ ਧਨ ਦੇ ਬਲਬੂਤੇ ਅਤੇ ਗੋਦੀ ਮੀਡੀਆ ਦੀ ਸਹਾਇਤਾ ਨਾਲ ਵਿਰੋਧੀ ਸਿਆਸਤਦਾਨ ਤਾਂ ਨੁਕਰੇ ਲਾਏ ਹੀ ਹੋਏ ਹਨ, ਹਾਕਮ ਧਿਰ ਨੂੰ ਵੀ ਨਿੱਸਲ ਕੀਤਾ ਹੋਇਆ ਹੈ। ਚੇਤੰਨ ਲੋਕਾਂ ਨੂੰ ਖੂੰਜੇ ਧੱਕਿਆ ਜਾ ਰਿਹਾ ਹੈ। ਦੇਸ਼ ਦੇ ਸਿਆਸਤਦਾਨ ਆਪਣਾ ਕਿਰਦਾਰ ਭੁੱਲਕੇ ਸਿਆਸਤ ਦਾ ਅਸਲ ਅਰਥ ਸਮਝਣੋਂ ਅੱਖਾਂ ਮੀਟਕੇ "ਐਸ਼ੋ ਆਰਾਮ" ਅਤੇ ਸੁਖਮਈ ਜੀਵਨ ਦੇ ਆਦੀ ਹੋ ਗਏ ਹਨ। ਗੋਦੀ ਮੀਡੀਆ ਦੀ ਸਹਾਇਤਾ ਨਾਲ ਕਾਰਪੋਰੇਟ ਲਾਭੀ ਸਰਕਾਰ ਦੇ ਅੰਗ-ਸੰਗ ਖੜੋਕੇ, ਹਰੇ-ਭਰੇ ਲੋਕ ਲੁਭਾਉਣੇ ਨਾਹਰੇ ਲੋਕਾਂ ਸਾਹਮਣੇ ਪੇਸ਼ ਕਰਦਿਆਂ, ਵੋਟ ਬੈਂਕ ਕਾਬੂ ਕਰਨ 'ਚ ਕਾਮਯਾਬ ਹੋ ਚੁੱਕੀ ਹੈ। ਇੰਜ ਸਿਆਸਤਦਾਨ ਆਪਣੀ ਮੁੱਢਲੀ ਲੋਕ ਹਿਤੈਸ਼ੀ ਭੂਮਿਕਾ ਗੁਆ ਚੁੱਕਾ ਹੈ।

ਹੁਣ ਇਨ੍ਹਾਂ ਸਿਆਸਤਦਾਨਾਂ ਦਾ ਰੋਹਬ ਆਮ ਲੋਕਾਂ ਤੱਕ ਪਹੁੰਚ ਚੁੱਕਾ ਹੈ। ਉਨ੍ਹਾਂ ਦੇ ਰੁਤਬੇ ਦੀ ਧੌਂਸ, ਲੋਕ ਆਪਣੇ ਮਨਾਂ 'ਚ ਵਸਾ ਚੁੱਕੇ ਹਨ ਅਤੇ ਅਜੋਕੇ ਸਿਆਸਤਦਾਨ, ਸਿਆਸਤ ਨੂੰ ਆਪਣਾ 'ਕਿੱਤਾ' ਸਮਝ, ਆਪਣੀ 'ਰਾਜ ਗੱਦੀ' ਰਾਜਾਸ਼ਾਹੀ ਵਾਂਗਰ ਆਪਣੀ ਸੰਤਾਨ ਨੂੰ ਸੌਂਪ ਰਹੇ ਹਨ। ਦੇਸ਼ ਦੀ ਜਨਤਾ ਇਸਨੂੰ ਬੁਰਾ ਨਹੀਂ ਮੰਨ ਰਹੀ। ਨਹੀਂ ਮੰਨ ਰਹੀ ਬੁਰਾ ਕਿ ਉਨ੍ਹਾਂ ਦੇ ਸੰਸਦ ਮੈਂਬਰ ਅਤੇ ਵਿਧਾਇਕ ਪੁਰਾਣੇ ਰਾਜੇ-ਮਹਾਰਾਜਿਆਂ ਦੀ ਤਰ੍ਹਾਂ ਰਹਿਣ ਲੱਗੇ ਹਨ, ਭਾਵੇਂ ਕਿ ਪੁਸ਼ਾਕ ਦੇ ਤੌਰ 'ਤੇ ਉਹ ਖੱਦਰ ਦੇ ਕੁੜਤੇ ਪਹਿਨਦੇ ਹਨ।



**ਸੂਬਾ ਪੰਜਾਬ ਦੇ ਸਿਆਸਤਦਾਨਾਂ ਦੀ ਕਾਰਗੁਜ਼ਾਰੀ ਕਈ ਪੱਖਾਂ ਤੋਂ ਨਿਰਾਸ਼ ਕਰਨ ਵਾਲੀ ਹੈ। ਵਿਰੋਧੀ 'ਤੇ ਹਾਕਮ ਧਿਰ ਵਿਚਲੀ ਤਲਖ਼ਕਲਾਮੀ ਕਾਫ਼ੀ ਦੁੱਖਦਾਇਕ ਹੈ, ਉਸ ਵੇਲੇ ਜਦੋਂ ਪੰਜਾਬ ਕਈ ਹਾਲਤਾਂ 'ਚ ਪੱਛੜ ਰਿਹਾ ਹੈ। ਉਸ ਵੇਲੇ ਜਦੋਂ ਪੰਜਾਬ ਨਸ਼ਿਆਂ 'ਚ ਗਰਕਿਆ ਪਿਆ ਹੈ। ਉਸ ਵੇਲੇ ਜਦੋਂ ਪੰਜਾਬ ਖੇਤੀ ਸੰਕਟ 'ਚ ਹੈ। ਉਸ ਵੇਲੇ ਜਦੋਂ ਪੰਜਾਬ ਬੇਰੁਜ਼ਗਾਰੀ ਦਾ ਮਾਰਿਆ ਹੋਇਆ ਹੈ। ਉਸ ਵੇਲੇ ਜਦੋਂ ਪੰਜਾਬ ਦਾ ਨੌਜਵਾਨ ਪ੍ਰੇਸ਼ਾਨ ਹੈ, ਪ੍ਰਵਾਸ ਹੰਢਾਉਣ ਲਈ ਮਜਬੂਰ ਹੈ। ਉਸ ਵੇਲੇ ਜਦੋਂ ਪੰਜਾਬ ਕੋਲ ਆਪਣਾ ਕੋਈ ਤਰੱਕੀ "ਵਿਜ਼ਨ" ਹੀ ਨਹੀਂ ਹੈ। ਪੰਜਾਬ ਦੇ ਸਿਆਸਤਦਾਨ ਸਿਰ ਜੋੜਕੇ ਕੋਈ ਹੱਲ ਲੱਭਣ ਦੀ ਬਜਾਏ ਨਿੱਜੀ ਗੱਲਾਂ ਅਤੇ ਕਿੜ੍ਹਾਂ ਕੱਢਣ ਦੀ ਕੋਸ਼ਿਸ਼ 'ਚ ਲੱਗੇ ਹੋਏ ਹਨ। ਇੱਕ-ਦੂਜੇ ਵਿਰੁੱਧ ਬੋਲਦਿਆਂ ਮਰਿਆਦਾ ਭੁੱਲ ਚੁੱਕੇ ਹਨ। ਇਵੇਂ ਲੱਗਦਾ ਹੈ ਜਿਵੇਂ ਸੱਤਾਧਾਰੀ ਸੱਤਾ ਦੇ ਗਰੂਰ 'ਚ ਹਨ ਅਤੇ ਵਿਰੋਧੀ ਧਿਰ ਵਾਲੇ ਈਰਖਾ ਨਾਲ ਭਰੇ ਹੋਏ। ਪੰਜਾਬ ਆਰਥਿਕ ਅਤੇ ਸਮਾਜਿਕ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਪੰਜਾਬ ਦੀ ਅਮਨ ਕਾਨੂੰਨ ਸਥਿਤੀ ਵੀ ਕਈ ਹਾਲਤਾਂ 'ਚ ਗੰਭੀਰ ਬਣੀ ਹੋਈ ਹੈ। ਕੀ ਆਪਸੀ ਦੂਸ਼ਣਬਾਜ਼ੀ ਅਜਿਹੇ ਗੰਭੀਰ ਮਸਲਿਆਂ ਦਾ ਹੱਲ ਹੋ ਸਕਦੀ ਹੈ ?**

# ਤੀਆਂ ਤੀਜ ਦੀਆਂ...


ਡਾ. ਪ੍ਰਿਤਪਾਲ ਸਿੰਘ ਮਹਿਰੋਕ

98885-10185

ਪੰਜਾਬ ਮੇਲUSA




ਪੰਜਾਬ ਨੂੰ ਰੰਗ ਤਮਾਸ਼ੇ ਮਨਾਉਣ ਵਾਲੇ ਲੋਕਾਂ ਦੀ ਧਰਤੀ ਸਮਝਿਆ ਜਾਂਦਾ ਰਿਹਾ ਹੈ। ਇਸ ਧਰਤੀ 'ਤੇ ਲੱਗਣ ਵਾਲੇ ਮੇਲੇ, ਤਿਉਹਾਰ ਤੇ ਉਤਸਵ ਜ਼ਿੰਦਗੀ ਵਿਚ ਰੰਗ ਭਰਦੇ ਆਏ ਹਨ, ਜ਼ਿੰਦਗੀ ਨੂੰ ਸ਼ਿੰਗਾਰਦੇ ਆਏ ਹਨ, ਜ਼ਿੰਦਗੀ ਜੀਉਣ ਦਾ ਉਤਸ਼ਾਹ ਵਧਾਉਂਦੇ ਆਏ ਹਨ ਤੇ ਜੀਵਨ ਨੂੰ ਜੀਉਣ ਜੋਗਾ ਬਣਾਉਂਦੇ ਆਏ ਹਨ। ਭਾਰਤ ਵਿਚ ਵਿਭਿੰਨ ਵੰਨਗੀਆਂ ਅਤੇ ਸੁਭਾਅ ਦੇ ਤਿਉਹਾਰ ਮਨਾਏ ਜਾਂਦੇ ਹਨ, ਜਿਹੜੇ ਸਿੱਧੇ-ਅਸਿੱਧੇ ਰੂਪ ਵਿਚ ਮਨੁੱਖ ਦੇ ਸਮੂਹਿਕ ਮਨੋਰੰਜਨ, ਵਿਸ਼ਵਾਸ ਅਤੇ ਵਿਕਾਸ ਦੀ ਭਾਵਨਾ ਨਾਲ ਜਾ ਜੁੜਦੇ ਹਨ। ਇਹ ਤਿਉਹਾਰ ਮਨੁੱਖੀ ਜ਼ਿੰਦਗੀ ਵਿਚ ਨਵੀਂ ਸਿਰਜਣਾ, ਉਤਸ਼ਾਹ, ਸ਼ਕਤੀ, ਉੱਦਮ ਅਤੇ ਨਵਾਂ ਉਮਾਹ ਪੈਦਾ ਕਰਨ ਵਿਚ ਸਹਾਈ ਹੁੰਦੇ ਹਨ। ਪੰਜਾਬ ਤਿਉਹਾਰਾਂ, ਨਾਚਾਂ, ਗੀਤਾਂ ਆਦਿ ਦੀਆਂ ਖ਼ੁਸ਼ੀਆਂ ਨੂੰ ਮਾਨਣ ਵਾਲਾ ਅਜਿਹਾ ਭੂ-ਭਾਗ ਹੈ, ਜਿੱਥੇ ਆਏ ਦਿਨ ਵਿਭਿੰਨ ਰੰਗ ਬਿਖੇਰਨ ਤੇ ਮਹਿਕਾਂ ਵੰਡਣ ਵਾਲਾ ਕੋਈ ਨਾ ਕੋਈ ਤਿਉਹਾਰ ਮਨਾਇਆ ਜਾਂਦਾ ਰਹਿੰਦਾ ਹੈ। ਇਸ ਰਾਂਗਲੀ ਧਰਤੀ ਉੱਤੇ ਵੱਖ-ਵੱਖ ਮੌਕਿਆਂ ਨਾਲ ਜੁੜੇ ਜਾਂ ਬਦਲ ਰਹੀ ਰੁੱਤ ਦੇ ਸਵਾਗਤ ਜਾਂ ਮੌਸਮ ਨੂੰ ਵਿਦਾ ਕਹਿਣ ਲਈ ਵੀ ਗਿੱਧੇ-ਭੰਗੜੇ ਪਾਏ ਜਾਂਦੇ ਹਨ ਤੇ ਗੀਤ ਗਾਏ ਜਾਂਦੇ ਹਨ। ਸਾਉਣ ਦਾ ਮਹੀਨਾ ਪੰਜਾਬੀ ਲੋਕ ਜੀਵਨ ਵਿਚ ਖ਼ੁਸ਼ੀਆਂ-ਖੇੜੇ ਲੈ ਕੇ ਆਉਂਦਾ ਹੈ। ਜੇਠ-ਹਾੜ ਦੀ ਕੜਾਕੇ ਦੀ ਗਰਮੀ ਪਿੱਛੋਂ ਇਸ ਮਹੀਨੇ ਦੌਰਾਨ ਪੈਣ ਵਾਲਾ ਮੀਂਹ ਖ਼ੁਸ਼ੀਆਂ ਦੀ ਫੁਹਾਰ (ਤੇ ਬਹਾਰ ਵੀ) ਲੈ ਕੇ ਆਉਂਦਾ ਹੈ। ਸਾਉਣ ਮਹੀਨੇ ਵਿਚ ਮਨਾਇਆ ਜਾਂਦਾ ਤੀਆਂ ਦਾ ਤਿਉਹਾਰ ਇੱਕ ਪ੍ਰਸਿੱਧ ਮੌਸਮੀ ਤਿਉਹਾਰ ਹੈ, ਜਿਸ ਨੂੰ ਮੁਟਿਆਰਾਂ ਰਲ-ਮਿਲ ਮਨਾਉਂਦੀਆਂ ਹਨ। ਇਹ ਤਿਉਹਾਰ ਸਾਉਣ ਮਹੀਨੇ ਦੇ ਚਾਨਣ ਪੱਖ ਦੀ ਤੀਜ (ਚਾਂਦਨੀ ਤੀਜ) ਤੋਂ ਸ਼ੁਰੂ ਹੁੰਦਾ ਹੈ ਤੇ ਪੰਦਰਾਂ ਦਿਨ ਚੱਲਦਾ ਰਹਿੰਦਾ ਹੈ। ਇਸੇ ਲਈ ਇਸ ਨੂੰ ਤੀਜਾਂ ਜਾਂ ਤੀਆਂ ਕਹਿ ਲਿਆ ਜਾਂਦਾ ਹੈ।

ਤੀਆਂ ਮਾਝਾ, ਮਾਲਵਾ ਤੇ ਦੋਆਬੇ ਵਿਚ ਮਨਾਇਆ ਜਾਣ ਵਾਲਾ ਹਰਮਨ-ਪਿਆਰਾ ਤਿਉਹਾਰ ਹੈ। ਪਿੰਡਾਂ ਵਿਚ ਕਿਸੇ ਨਿਵੇਕਲੀ ਅਤੇ ਖੁੱਲ੍ਹੀ ਥਾਂ 'ਤੇ ਪਿੱਪਲਾਂ, ਬੋਹੜਾਂ ਦੀਆਂ ਸੰਘਣੀਆਂ ਛਾਵਾਂ ਹੇਠ ਜਾਂ ਕਿਸੇ ਨਹਿਰ, ਢਾਬ, ਸੂਏ ਦੇ ਕੰਢੇ 'ਤੇ ਛਾਂ-ਦਾਰ ਰੁੱਖਾਂ ਹੇਠ ਇਕੱਠੀਆਂ ਹੋ ਕੇ ਜੁੜੀਆਂ ਮੁਟਿਆਰਾਂ ਗਿੱਧੇ ਦੇ ਪਿੜ ਵਿਚ ਨੱਚ-ਨੱਚ ਕੇ ਦੂਹਰੀਆਂ ਹੋ ਜਾਂਦੀਆਂ ਹਨ:

o ਆਉਂਦੀ ਕੁੜੀਏ, ਜਾਂਦੀ ਕੁੜੀਏ
ਚੁੱਕ ਲਿਆ ਬਜ਼ਾਰ ਵਿਚੋਂ ਝਾਵੇਂ
ਨੀ ਕਾਹਲੀ ਕਾਹਲੀ ਪੈਰ ਪੁੱਟ ਲੈ
ਤੀਆਂ ਲੱਗੀਆਂ ਪਿੱਪਲ ਦੀ ਛਾਵੇਂ
ਨੀ ਕਾਹਲੀ ਕਾਹਲੀ ਪੈਰ ਪੁੱਟ ਲੈ...
ਆਉਂਦੀ ਕੁੜੀਏ, ਜਾਂਦੀ ਕੁੜੀਏ
ਤੂੰ ਤੁਰਦੀ ਪਿੱਛੇ ਨੂੰ ਜਾਵੇਂ
ਨੀ ਕਾਹਲੀ ਕਾਹਲੀ ਪੈਰ ਪੁੱਟ ਲੈ
ਤੀਆਂ ਲੱਗੀਆਂ ਪਿੱਪਲ ਦੀ ਛਾਵੇਂ
ਨੀ ਕਾਹਲੀ ਕਾਹਲੀ ਪੈਰ ਪੁੱਟ ਲੈ...

o ਰਲ ਆਓ ਸਈਓ ਨੀਂ
ਸੱਭੇ ਤੀਆਂ ਖੇਡਣ ਜਾਈਏ
ਹੁਣ ਆ ਗਿਆ ਸਾਵਣ ਨੀਂ
ਪੀਂਘਾਂ ਪਿੱਪਲੀਂ ਜਾ ਕੇ ਪਾਈਏ
ਲੈ ਪੈਲਾਂ ਪਾਂਦੇ ਨੀਂ, ਬਾਗ਼ੀਂ ਮੋਰਾਂ ਸ਼ੋਰ ਮਚਾਇਆ
ਖਿੜ ਖਿੜ ਫੁੱਲਾਂ ਨੇ ਸਾਨੂੰ, ਮਾਹੀਆ ਯਾਦ ਕਰਾਇਆ।
ਮੈਂ ਅੱਥਰੂ ਡੋਲ੍ਹਾਂ ਨੀਂ, ਕੋਈ ਸਾਰ ਨਾ ਲੈਂਦਾ ਮੇਰੀ।
ਮੈਂ ਰੋ-ਰੋ ਮਰ ਗਈ ਨੀਂ,
ਜਿੰਦੜੀ ਆਣ ਗ਼ਮਾਂ ਨੇ ਘੇਰੀ।
ਰਲ ਆਓ ਸਈਓ ਨੀਂ...।

ਤੀਆਂ ਨੂੰ 'ਸਾਵੇ' ਵੀ ਕਹਿ ਲਿਆ ਜਾਂਦਾ ਹੈ। ਸਾਵੇ ਤੋਂ ਭਾਵ ਹੈ -ਹਰੇ-ਭਰੇ ਜਾਂ ਹਰਿਆਲੀ। 'ਸਾਵੇ' ਸ਼ਬਦ ਬੋਲ-ਚਾਲ ਵਿਚ ਸਹਿਜ ਤੇ ਸਰਲ ਹੈ। ਪੰਜਾਬ ਵਿਚ ਤੀਆਂ ਨੂੰ 'ਹਰਿਆਲੀ ਤੀਜ' ਵੀ ਕਹਿ ਲਿਆ ਜਾਂਦਾ ਹੈ। ਇਹ ਸ਼ਬਦ ਤੀਆਂ ਸ਼ਬਦ ਨਾਲੋਂ ਸੁਖਾਲਾ ਬੋਲਿਆ ਜਾ ਸਕਦਾ ਹੈ ਤੇ ਪਿਆਰਾ ਵੀ ਹੈ। ਹੋ ਸਕਦਾ ਹੈ ਕੁਝ ਹਾਲਤਾਂ ਵਿਚ ਲੋਕਾਂ ਨੇ ਇਸ ਸ਼ਬਦ ਨੂੰ ਇਸਦੇ ਇਨ੍ਹਾਂ ਗੁਣਾਂ ਕਾਰਨ ਹੀ ਅਪਣਾ ਲਿਆ ਹੋਵੇ। ਤੀਆਂ ਸ਼ਬਦ ਦਾ ਨਿਕਾਸ 'ਧੀਆਂ' ਤੋਂ ਹੋਇਆ ਮੰਨਿਆ ਜਾਂਦਾ ਹੈ। ਤੀਆਂ ਵਿਚ ਕੁੜੀਆਂ, ਨੂੰਹਾਂ, ਧੀਆਂ ਪਹਿਣ ਪੱਚਰ ਕੇ, ਹਾਰ-ਸ਼ਿੰਗਾਰ ਕਰ ਕੇ, ਬੜੇ ਚਾਵਾਂ ਨਾਲ ਇੱਕ ਦੂਜੀ ਨੂੰ ਤੀਆਂ ਦੇ ਪਿੜ ਵਿਚ ਪਹੁੰਚਣ ਲਈ ਹਾਕਾਂ ਮਾਰਦੀਆਂ ਹਨ। ਦਿਨ ਢਲੇ ਤੀਆਂ ਦੇ ਪਿੜ ਵਿਚ ਕੁੜੀਆਂ ਜੁੜਦੀਆਂ ਹਨ ਤੇ ਖ਼ੁਸ਼ੀਆਂ ਦਾ ਹੜ੍ਹ ਠਾਠਾਂ ਮਾਰਨ ਲੱਗ ਪੈਂਦਾ ਹੈ। ਮਹਿੰਦੀ ਰੰਗੇ ਹੱਥ ਗਿੱਧਾ ਪਾ-ਪਾ ਕੇ, ਨੱਚ-ਨੱਚ ਕੇ ਥੱਕਦੇ ਨਹੀਂ। ਨੱਚਣ ਵਾਲੀਆਂ ਦੀ ਜ਼ਮੀਨ 'ਤੇ ਅੱਡੀ ਨਹੀਂ ਟਿਕਦੀ ਤੇ ਗਾਉਣ ਵਾਲੀਆਂ ਕੋਲ ਗੀਤਾਂ ਦੇ ਭਰਪੂਰ ਤੇ ਅਮੁੱਕ ਭੰਡਾਰ ਹੁੰਦੇ ਹਨ। ਬੋਲੀਆਂ, ਲੋਕ ਗੀਤ, ਮਾਹੀਏ, ਟੱਪੇ, ਢੋਲੇ ਆਦਿ ਗਾਉਂਦੀਆਂ ਕੁੜੀਆਂ ਦੇ ਬੁੱਲ੍ਹ ਨਹੀਂ ਸੁੱਕਦੇ। ਇਨ੍ਹੀਂ ਦਿਨੀਂ ਸਹੁਰੇ ਗਈਆਂ, ਖ਼ਾਸ ਕਰ ਕੇ ਨਵ-ਵਿਆਹੀਆਂ ਕੁੜੀਆਂ ਨੂੰ ਪੇਕੇ ਘਰ ਲਿਆਇਆ ਜਾਂਦਾ ਹੈ, ਜਿੱਥੇ ਉਹ ਆਪਣੀਆਂ ਵਿਛੜੀਆਂ ਸਹੇਲੀਆਂ, ਭੈਣਾਂ, ਭਰਜਾਈਆਂ, ਚਾਚੀਆਂ, ਤਾਈਆਂ ਨੂੰ ਮਿਲਦੀਆਂ ਹਨ ਤੇ ਉਨ੍ਹਾਂ ਸਭ ਵਿਚ ਸ਼ਾਮਲ ਹੋ ਕੇ ਪਿੰਡ ਦੀਆਂ ਤੀਆਂ ਦਾ ਸ਼ਿੰਗਾਰ ਬਣਦੀਆਂ ਹਨ। ਉਹ ਆਪਣੇ ਦੁੱਖ-ਸੁੱਖ ਵੀ ਸਾਂਝੇ ਕਰਦੀਆਂ ਹਨ:

ਸਾਉਣ ਦਾ ਮਹੀਨਾ, ਤੀਜ ਦੀਆਂ ਤੀਆਂ ਜੀ
ਸਹੁਰਿਆਂ ਤੋਂ ਪੇਕਿਆਂ ਨੂੰ, ਆਈਆਂ ਧੀਆਂ ਜੀ
ਵਿਆਹੀਆਂ ਵਿਆਹੀਆਂ ਇੱਕ ਪਾਸੇ, ਹੋ ਕੇ ਬਹਿ ਗਈਆਂ
ਕੁਆਰੀਆਂ ਕੁਆਰੀਆਂ ਨੱਚਣ, ਡਹਿ ਗਈਆਂ
ਮੁੱਦਤਾਂ ਦੇ ਬਾਅਦ ਉਹ ਅੱਜ ਜੁੜੀਆਂ,
ਦੁੱਖ ਆਪੋ-ਆਪਣੇ ਸੁਣਾਉਣ ਕੁੜੀਆਂ।

ਇੱਕ ਲੋਕ ਵਿਸ਼ਵਾਸ ਅਨੁਸਾਰ ਸੱਜ ਵਿਆਹੀ ਕੁੜੀ ਦਾ ਆਪਣੇ ਵਿਆਹ ਤੋਂ ਪਿੱਛੋਂ ਆਉਣ ਵਾਲੇ ਪਹਿਲੇ ਸਾਉਣ ਦੇ ਮਹੀਨੇ ਵਿਚ ਆਪਣੀ ਸੱਸ ਦੇ ਮੱਥੇ ਲੱਗਣਾ ਚੰਗਾ ਨਹੀਂ ਹੁੰਦਾ। ਇਸ ਲਈ ਸੱਜ ਵਿਆਹੀ ਕੁੜੀ ਨੂੰ ਤੀਆਂ ਵਿਚ ਸ਼ਾਮਲ ਹੋ ਸਕਣ ਦਾ ਮੌਕਾ ਪ੍ਰਦਾਨ ਕਰਨ ਲਈ, ਸਾਉਣ ਮਹੀਨਾ ਚੜ੍ਹਨ ਤੋਂ ਕੁਝ ਦਿਨ ਪਹਿਲਾਂ ਹੀ ਸਹੁਰੇ ਘਰ ਤੋਂ ਪੇਕੇ ਘਰ ਲਿਆਇਆ ਜਾਂਦਾ ਹੈ। ਪੁਰਾਣੇ ਸਮਿਆਂ ਵਿਚ ਵਿਆਹ ਵਧੇਰੇ ਕਰਕੇ ਜੇਠ-ਹਾੜ ਦੇ ਮਹੀਨਿਆਂ ਵਿਚ ਹੁੰਦੇ ਸਨ। ਹਾੜ ਤੋਂ ਅਗਲਾ ਮਹੀਨਾ ਸਾਉਣ ਮਹੀਨਾ ਹੁੰਦਾ ਹੈ। ਸਹੁਰਿਆਂ ਦੇ ਘਰ ਪਰਿਵਾਰ ਬਾਰੇ ਦੱਸਣ ਦੀ ਉਤਸੁਕਤਾ ਨਵ-ਵਿਆਹੀ ਦੇ ਮਨ ਵਿਚ ਵੀ ਹੁੰਦੀ ਸੀ। ਨਿਸ਼ਚੇ ਹੀ ਪੇਕੇ ਘਰ ਛੇਤੀ ਜਾਣ ਦੀ ਉਸਦੀ ਤਾਂਘ ਪ੍ਰਬਲ ਹੋ ਜਾਂਦੀ ਹੋਵੇਗੀ। ਮਨੋਵਿਗਿਆਨਕ ਦ੍ਰਿਸ਼ਟੀ ਤੋਂ ਸੱਜ ਵਿਆਹੀਆਂ ਕੁੜੀਆਂ ਜੋ ਆਪਣੀਆਂ ਸੱਸਾਂ ਦੇ ਸੁਭਾਅ, ਉਨ੍ਹਾਂ ਦੇ ਵਿਵਹਾਰ ਤੇ ਉਨ੍ਹਾਂ ਦੀਆਂ ਵਧੀਕੀਆਂ ਤੋਂ ਤੰਗ ਆ ਜਾਂਦੀਆਂ ਸਨ, ਤਾਂ ਉਹ ਆਪਣੇ ਪੇਕਿਆਂ ਤੇ ਸਖੀਆਂ ਨੂੰ ਉਸ ਬਾਰੇ ਦੱਸਣ ਲਈ ਕਾਹਲੀਆਂ ਹੁੰਦੀਆਂ ਰਹੀਆਂ ਹੋਣਗੀਆਂ। ਪੇਕੇ ਆ ਕੇ ਕੁਝ ਕਹਿਣ-ਸੁਣਨ ਲਈ, ਆਪਣੇ ਮਨ ਦਾ ਬੋਝ ਹਲਕਾ ਕਰਨ ਲਈ ਉਤਾਵਲੀਆਂ ਹੋਈਆਂ ਉਹ ਪੇਕੇ ਘਰ ਆਉਣ ਦੀ ਇੱਛਾ ਰੱਖਦੀਆਂ ਸਨ। ਉਨ੍ਹਾਂ ਸਮਿਆਂ ਵਿਚ ਕਿਉਂਜੋ ਆਵਾਜਾਈ ਦੇ ਸਾਧਨ ਵੀ ਬਹੁਤੇ ਉਪਲਬਧ ਨਹੀਂ ਸਨ ਹੁੰਦੇ, ਇੰਜ ਉਹ ਪੂਰਾ ਮਹੀਨਾ ਪੇਕੇ ਘਰ ਗੁਜ਼ਾਰਦੀਆਂ ਸਨ। ਤੀਆਂ ਵਿਚ ਆਪਣੀਆਂ ਸਹੇਲੀਆਂ ਨੂੰ ਮਿਲ ਕੇ, ਇਕੱਠੀਆਂ ਹੋ ਕੇ ਉਨ੍ਹਾਂ ਕੋਲੋਂ ਆਪਣੇ ਮਨ ਦੀ ਖ਼ੁਸ਼ੀ ਸਾਂਭੀ ਨਹੀਂ ਸੀ ਜਾਂਦੀ। ਇੰਜ, ਉਹ ਆਪਣਾ ਮਾਨਸਿਕ ਸੰਤੁਲਨ ਵੀ ਕਾਇਮ ਕਰ ਲੈਂਦੀਆਂ ਸਨ ਤੇ ਇਕ ਤਰ੍ਹਾਂ ਨਾਲ ਉਨ੍ਹਾਂ ਦਾ ਮਨ ਤਬਦੀਲੀ ਦੇ ਅਹਿਸਾਸ ਨਾਲ ਵੀ ਭਰ ਜਾਂਦਾ ਸੀ। ਸਾਉਣ ਦਾ ਮਹੀਨਾ ਤੀਆਂ ਨੂੰ ਖ਼ੁਸ਼ਆਮਦੀਦ ਕਹਿੰਦਿਆਂ ਸਭ ਨੂੰ ਤੀਆਂ ਦੇ ਆਉਣ ਦਾ ਸੰਦੇਸ਼ ਦਿੰਦਾ ਹੈ। ਅਜਿਹਾ ਸੰਦੇਸ਼ ਪਾ ਕੇ ਕੋਈ ਨਵ-ਵਿਆਹੀ ਆਪਣੇ ਪਤੀ ਨੂੰ ਕਹਿੰਦੀ ਹੈ:

ਵੇ ਤੀਆਂ ਦਾ ਮਹੀਨਾ ਢੋਲਣਾ
ਪੇਕੀਂ ਘੱਲ ਦੇ ਸਵੇਰ ਵਾਲੀ ਲਾਰੀ
ਵੇ ਤੀਆਂ ਦਾ ਮਹੀਨਾ ਢੋਲਣਾ...

ਤੀਆਂ ਆਰੰਭ ਹੋਣ ਤੋਂ ਪਹਿਲੇ ਦਿਨ, ਦੂਜ ਵਾਲੇ ਦਿਨ ਨੂੰ 'ਮਹਿੰਦੀ ਵਾਲਾ ਦਿਨ' ਆਖਿਆ ਜਾਂਦਾ ਹੈ। ਇਸ ਦਿਨ ਰਾਤ ਸਮੇਂ ਸਾਉਣ ਤੋਂ ਪਹਿਲਾਂ ਮੁਟਿਆਰਾਂ ਆਪਣੇ ਹੱਥਾਂ 'ਤੇ ਬੜੀਆਂ ਰੀਝਾਂ ਨਾਲ ਮਹਿੰਦੀ ਲਾਉਂਦੀਆਂ ਹਨ। ਸ਼ਗਨ ਵਜੋਂ ਲਾਈ ਜਾਣ ਵਾਲੀ ਇਸ ਮਹਿੰਦੀ ਦੀ ਫੱਬਤ ਵਿਚ ਉਹ ਆਪਣੀ ਕਲਾਤਮਕ ਪ੍ਰਤਿਭਾ ਦਾ ਪ੍ਰਮਾਣ ਪੇਸ਼ ਕਰਦੀਆਂ ਹਨ। ਕਿਸੇ ਬਾਰੀਕ ਤੀਲੀ ਨਾਲ, ਕੋਣ ਨਾਲ ਜਾਂ ਕਿਸੇ ਹੋਰ ਜੁਗਤ ਰਾਹੀਂ ਉਹ ਲਾਈ ਜਾਣ ਵਾਲੀ ਮਹਿੰਦੀ ਨਾਲ ਵੰਨ-ਸੁਵੰਨੇ ਡਿਜ਼ਾਈਨ ਬਣਾਉਂਦੀਆਂ ਹਨ ਤੇ ਵਿਚ ਫੁੱਲ-ਪੱਤੀਆਂ ਦੇ ਆਕਾਰ ਬਣਾਉਂਦੀਆਂ ਹਨ। ਅਗਲੀ ਸਵੇਰ ਹਥੇਲੀਆਂ ਤੇ ਬਾਹਵਾਂ 'ਤੇ ਖਿੜੇ ਮਹਿੰਦੀ ਰੰਗੇ ਫੁੱਲ ਪੱਤਿਆਂ ਨੂੰ ਵੇਖ ਕੇ ਉਹ ਫੁੱਲੀਆਂ ਨਹੀਂ ਸਮਾਉਂਦੀਆਂ।

ਮਹਿੰਦੀ ਲਾਉਣ ਵਾਂਗ ਨਵੇਂ ਕੱਪੜੇ ਪਹਿਨਣਾ ਤੇ ਰੰਗ-ਬਰੰਗੀਆਂ ਚੂੜੀਆਂ ਚੜ੍ਹਾਉਣੀਆਂ ਵੀ ਤੀਆਂ ਦੇ ਤਿਉਹਾਰ ਦੀ ਮਹੱਤਵਪੂਰਨ ਰਸਮ ਹੈ। ਚੂੜੀਆਂ ਵੇਚਣ ਵਾਲਾ ਜਦੋਂ ਵੰਗਾਂ ਚੜ੍ਹਾਉਣ ਦਾ ਹੋਕਾ ਦਿੰਦਾ ਹੈ, ਤਾਂ ਮੁਟਿਆਰਾਂ ਝੱਟ-ਪਟ ਉਸ ਨੂੰ ਬੁਲਾ ਲੈਂਦੀਆਂ ਹਨ। ਵੰਗਾਂ ਚੜ੍ਹਾਉਣ ਦੀ ਇਸ ਰੀਝ ਨੂੰ ਕੁੜੀਆਂ ਲੋਕ ਗੀਤਾਂ ਰਾਹੀਂ ਪ੍ਰਗਟ ਕਰਦੀਆਂ ਹਨ:

ਆ ਵਣਜਾਰਿਆ ਬਹਿ ਵਣਜਾਰਿਆ,
ਵੰਗਾਂ ਦੇਈਂ ਚੜ੍ਹਾ
ਲਾਲ ਸੁਹਾਗ ਮੇਰੇ ਦੀਆਂ ਵੰਗਾਂ, ਹਰੀਆਂ ਨਾਲ ਮਿਲਾ
ਗਿੱਧੇ ਵਿਚ ਮੈਂ ਨੱਚਦੀ,
ਮੈਨੂੰ ਸੋਹਣੀਆਂ ਵੰਗਾਂ ਦਾ ਚਾਅ।
ਗਿੱਧੇ ਵਿਚ ਮੈਂ ਨੱਚਦੀ...।

ਤੀਆਂ ਵਾਲੇ ਦਿਨ ਬਾਅਦ ਦੁਪਹਿਰ ਸੱਜੀਆਂ ਸੰਵਰੀਆਂ ਕੁੜੀਆਂ, ਹਾਰ-ਸ਼ਿੰਗਾਰ ਕਰ ਕੇ, ਨਵੇਂ ਨਕੋਰ ਕੱਪੜੇ ਪਹਿਨ ਕੇ ਪੀਂਘਾਂ ਪਾਉਣ ਲਈ ਰੱਸੇ-ਲੱਜਾਂ ਚੁੱਕ, ਖਾਣ-ਪੀਣ ਲਈ ਕੁਝ ਸਮੱਗਰੀ ਲੈ ਕੇ ਤੀਆਂ ਦੇ ਪਿੜ ਵੱਲ ਵਹੀਰਾਂ ਘੱਤਦੀਆਂ ਹਨ। ਖੀਰਾਂ-ਪੂੜੇ ਆਦਿ ਆਪਣੇ ਨਾਲ ਲੈ ਕੇ ਹਰ ਉਮਰ ਦੀਆਂ ਔਰਤਾਂ ਪਿੰਡੋਂ ਬਾਹਰ ਉੱਚੇ, ਲੰਮੇ, ਸੰਘਣੇ ਦਰੱਖਤਾਂ ਥੱਲੇ ਇਕੱਠੀਆਂ ਹੋ ਜਾਂਦੀਆਂ ਹਨ। ਹੱਸਦੀਆਂ-ਖੇਡਦੀਆਂ ਉਹ ਮੇਲੇ ਦਾ ਦ੍ਰਿਸ਼ ਪੇਸ਼ ਕਰਦੀਆਂ ਹਨ। ਪੀਂਘਾਂ ਝੂਟਦੀਆਂ ਹਨ, ਤਾਂ ਅਸਮਾਨ ਨਾਲ ਗੱਲਾਂ ਕਰਦੀਆਂ ਜਾਪਦੀਆਂ ਹਨ। ਪੀਂਘਾਂ ਝੂਟਦੀਆਂ ਕੁੜੀਆਂ ਜਦੋਂ ਰੁੱਖ ਦੀ ਟੀਸੀ ਦੀ ਟਹਿਣੀ ਦਾ ਸਿਖ਼ਰਲਾ ਪੱਤਾ ਆਪਣੇ ਦੰਦਾਂ ਨਾਲ ਤੋੜ ਲਿਆਉਂਦੀਆਂ ਹਨ, ਤਾਂ ਇਹ ਮਨਮੋਹਕ ਤੇ ਰਮਣੀਕ ਦ੍ਰਿਸ਼ ਹਰ ਵੇਖਣ ਵਾਲੇ ਦਾ ਧਿਆਨ ਆਪਣੇ ਵੱਲ ਖਿੱਚ ਲੈਂਦਾ ਹੈ।

ਤੀਆਂ ਵਾਲੇ ਸਥਾਨ ਤੋਂ ਕੁਝ ਹੀ ਦੂਰੀ 'ਤੇ ਪਿੰਡਾਂ ਦੇ ਗੱਭਰੂ ਕਬੱਡੀ ਖੇਡਣ, ਕੁਸ਼ਤੀਆਂ ਲੜਨ (ਘੋਲ ਘੁਲਣ) ਤੇ ਹੋਰ ਖੇਡਾਂ ਖੇਡਣ ਲਈ ਇਕੱਠੇ ਹੋ ਜਾਂਦੇ ਸਨ। ਦਰਸ਼ਕਾਂ ਦੀ ਵੀ ਭੀੜ ਜੁੜ ਜਾਂਦੀ ਸੀ। ਸ਼ੁਗਲ-ਮੇਲਾ ਵੀ ਚੱਲਦਾ ਰਹਿੰਦਾ ਸੀ। ਰੌਣਕਾਂ ਲੱਗਦੀਆਂ ਰਹਿੰਦੀਆਂ ਸਨ। ਗੱਭਰੂਆਂ ਦੇ ਇਕੱਠਿਆਂ ਹੋ ਕੇ ਖੇਡਣ-ਮੱਲਣ ਪਿੱਛੇ ਇਕ ਹੋਰ ਮਨੋਰਥ ਵੀ ਹੁੰਦਾ ਸੀ। ਕਹਿੰਦੇ ਹਨ ਕੁਝ ਥਾਈਂ ਜ਼ੋਰਾਵਰ ਲੋਕਾਂ ਵੱਲੋਂ ਤੀਆਂ ਵਿਚੋਂ ਧੀਆਂ-ਭੈਣਾਂ ਨੂੰ ਉਧਾਲ ਲਏ ਜਾਣ ਦੀਆਂ ਘਟਨਾਵਾਂ ਵਾਪਰਨ ਪਿੱਛੋਂ ਪਿੰਡਾਂ ਦੇ ਨੌਜਵਾਨ ਚੌਕਸ ਹੋ ਗਏ ਸਨ ਤੇ ਤੀਆਂ ਵਿਚ ਸ਼ਾਮਲ ਧੀਆਂ-ਭੈਣਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਉਹ ਆਪਣੇ ਸਿਰ ਲੈ ਲੈਂਦੇ ਸਨ, ਇਸੇ ਲਈ ਉਹ ਤੀਆਂ ਵਾਲੇ ਸਥਾਨ ਦੇ ਕੋਲ ਇਕੱਠੇ ਹੋ ਕੇ ਖੇਡਦੇ-ਕੁੱਦਦੇ ਰਹਿੰਦੇ ਸਨ। ਮੁੱਖ ਮਕਸਦ ਉਨ੍ਹਾਂ ਦਾ ਧੀਆਂ-ਭੈਣਾਂ ਨੂੰ ਸੁਰੱਖਿਆ ਪ੍ਰਦਾਨ ਕਰਨੀ ਹੁੰਦਾ ਸੀ।

ਖ਼ੂਬ ਭਖ਼ੇ ਹੋਏ ਗਿੱਧੇ ਦੀਆਂ ਬੋਲੀਆਂ ਦੀ ਆਵਾਜ਼, ਅੱਡੀਆਂ ਦੀ ਧਮਕ, ਵੰਗਾਂ ਦੀ ਛਣ-ਛਣ ਤੇ ਗਿੱਧੇ ਦੀ ਥਪ-ਥਪ ਕੋਹਾਂ ਤੀਕਰ ਸੁਣਾਈ ਦਿੰਦੀ ਹੁੰਦੀ ਸੀ। ਬੋਲੀਆਂ ਵਿਚ ਵੀਰ ਪਿਆਰ ਤੋਂ ਲੈ ਕੇ, ਮਾਂ-ਬਾਪ, ਮਾਹੀ, ਸੱਸ, ਸਹੁਰੇ, ਸੰਯੋਗ, ਵਿਯੋਗ, ਨਨਾਣ, ਭਰਜਾਈ, ਦਿਉਰ, ਜੇਠ, ਦਰਾਣੀ, ਜਠਾਣੀ ਅਤੇ ਛੜਿਆਂ ਦਾ ਜ਼ਿਕਰ ਹੁੰਦਾ ਸੀ। ਆਮ ਹਾਲਾਤ ਵਿਚ ਪੁਰਸ਼ਾਂ ਨੂੰ ਇਸ ਸਮਾਰੋਹ ਵਿਚ ਸ਼ਾਮਲ ਨਹੀਂ ਸੀ ਕੀਤਾ ਜਾਂਦਾ ਪਰ ਚੋਰੀ-ਛੁਪੇ ਝਾਤ ਮਾਰਨ ਨੂੰ ਪੁਰਸ਼ਾਂ ਦਾ ਮਨ ਕਰ ਹੀ ਆਉਂਦਾ ਸੀ। ਇਸੇ ਕਰਕੇ ਕੋਈ ਮੁਟਿਆਰ ਆਪਣੇ ਸ਼ਰਮਾਕਲ ਪਤੀ ਬਾਰੇ ਕਹਿੰਦੀ ਸੁਣੀ ਜਾਂਦੀ ਸੀ:

ਹੋਰਨਾਂ ਦੇ ਮਾਹੀਏ ਤੀਆਂ ਵੇਖਣ, ਮੇਰਾ ਚੁਗੇ ਕਪਾਹ
ਵੇ ਤੂੰ ਕੀ ਰਾਹ ਨੀਂ' ਜਾਣਦਾ, ਤੀਆਂ ਵੇਖਣ ਆ।
ਵੇ ਤੂੰ ਕੀ...

ਗਿੱਧੇ ਦੇ ਪਿੜ ਤੋਂ ਹਟਵੀਆਂ ਢੁੱਕਵੀਆਂ ਥਾਵਾਂ 'ਤੇ ਚੂੜੀਆਂ, ਪਰਾਂਦੀਆਂ, ਮਹਿੰਦੀ, ਗੁਬਾਰਿਆਂ, ਪਕੌੜੇ, ਜਲੇਬੀਆਂ ਤੇ ਹੋਰ ਮਠਿਆਈਆਂ, ਖਿਡਾਉਣਿਆਂ ਤੇ ਹਾਰ-ਸ਼ਿੰਗਾਰ ਦੇ ਸਾਜੋ-ਸਾਮਾਨ ਵੇਚਣ ਵਾਲੇ ਵੀ ਪਹੁੰਚੇ ਹੁੰਦੇ ਹਨ। ਤੀਆਂ ਦੇ ਦਿਨੀਂ ਕੁੜੀਆਂ ਸਹੁਰੇ-ਪੇਕੇ ਘਰ ਦੇ ਨਿੱਕੇ-ਵੱਡੇ ਬੰਧਨਾਂ ਤੇ ਜ਼ਿੰਮੇਵਾਰੀਆਂ ਤੋਂ ਆਜ਼ਾਦ ਮਹਿਸੂਸ ਕਰਦੀਆਂ ਹਨ। ਨਾ ਸੱਸ ਦੀ ਡਾਂਟ-ਡਪਟ ਦਾ ਡਰ, ਨਾ ਸਹੁਰੇ ਕੋਲੋਂ ਘੁੰਡ ਕੱਢਣ ਦੀ ਚਿੰਤਾ। ਨਾ ਕਿਸੇ ਦੀ ਚੰਗੀ ਮਾੜੀ ਸੁਣਨ ਦਾ ਡਰ। ਕੁੜੀਆਂ ਚਾਹੁੰਦੀਆਂ ਹਨ ਕਿ ਤੀਆਂ ਦੇ ਦਿਨ ਮੁੱਕਣ ਹੀ ਨਾ ਪਰ ਤੀਆਂ ਦੇ ਦਿਨ ਝੱਟ ਲੰਘ ਜਾਂਦੇ ਹਨ। ਉਹ ਤੀਆਂ ਲਾਉਣ ਵਾਲੇ ਤੋਂ ਸਦਕੇ ਜਾਣਾ ਚਾਹੁੰਦੀਆਂ ਹਨ:

ਤੇਰਾ ਹੋਏ ਸੁਰਗਾਂ ਵਿਚ ਵਾਸਾ,
ਵੇ ਤੀਆਂ ਨੂੰ ਲਵਾਉਣ ਵਾਲਿਆ...

ਦੁੱਖ-ਸੁੱਖ, ਖ਼ੁਸ਼ੀ-ਗ਼ਮੀ ਜ਼ਿੰਦਗੀ ਦੀ ਤਸਵੀਰ ਦੇ ਦੋ ਪਾਸੇ ਹਨ। ਇੱਕ ਉਦਾਸ ਚਿੱਤ ਕੁੜੀ ਨੂੰ ਤੀਆਂ ਦੇ ਇਹ ਰੰਗ-ਤਮਾਸ਼ੇ ਇਸ ਕਰ ਕੇ ਚੰਗੇ ਨਹੀਂ ਲੱਗਦੇ ਕਿਉਂ ਜੋ ਉਹ ਆਪਣੇ ਸਹੁਰੇ ਘਰ ਵਿਚ ਬੀਮਾਰ ਪਏ ਪਤੀ ਨੂੰ ਛੱਡ ਕੇ ਆਈ ਹੈ:

ਯਾਰ ਬੀਮਾਰ ਪਿਆ
ਮੇਰਾ ਚਿੱਤ ਨਾ ਤੀਆਂ ਦੇ ਵਿਚ ਲੱਗਦਾ।
ਕਿਹੜੇ ਹੌਸਲੇ ਗਿੱਧੇ ਦੇ ਵਿਚ ਜਾਵਾਂ
ਯਾਰ ਬੀਮਾਰ ਪਿਆ।

ਅਜਿਹੀ ਕੁੜੀ ਨੂੰ ਸਾਉਣ ਮਹੀਨੇ ਦੀਆਂ ਬਦਲੋਟੀਆਂ ਵੀ ਕੋਈ ਉਦਾਸ ਗੀਤ ਗਾਉਂਦੀਆਂ ਪ੍ਰਤੀਤ ਹੁੰਦੀਆਂ ਹਨ।

ਤੀਆਂ ਵਾਲੀ ਸ਼ਾਮ ਜਿਉਂ-ਜਿਉਂ ਹਨੇਰੇ ਵਿਚ ਬਦਲਣ ਲੱਗਦੀ ਹੈ, ਮੇਲਾ ਖਿੰਡਣ ਲੱਗਦਾ ਹੈ। ਨੱਚਦੀਆਂ-ਗਾਉਂਦੀਆਂ ਕੁੜੀਆਂ ਘਰਾਂ ਨੂੰ ਤੁਰ ਪੈਂਦੀਆਂ ਹਨ:

ਸੱਚ ਦੇ ਬਚਨ ਵਿਚ ਧਾਈਆਂ,
ਮਾਪਿਓ ਥੋਡੇ ਰਾਜ ਅੰਦਰ
ਤੀਆਂ ਖੇਡ ਕੇ ਘਰਾਂ ਨੂੰ ਆਈਆਂ।

ਇੰਜ, ਤੀਆਂ ਦੇ ਇਹ ਪੰਦਰਾਂ ਦਿਨ ਹੱਸਦਿਆਂ, ਖੇਡਦਿਆਂ, ਨੱਚਦਿਆਂ ਖ਼ੁਸ਼ੀ ਮਨਾਉਂਦਿਆਂ, ਪੀਂਘਾਂ ਝੂਟਦਿਆਂ ਤੇ ਗੀਤ ਗਾਉਂਦਿਆਂ ਬੜੀ ਛੇਤੀ ਬੀਤ ਜਾਂਦੇ ਹਨ। ਕੁੜੀਆਂ ਲਈ ਇਹ ਦਿਨ ਕਈ ਹੁਸੀਨ ਯਾਦਾਂ ਛੱਡ ਜਾਂਦੇ ਹਨ। ਉਹ ਭਾਦੋਂ ਨੂੰ ਕੋਸਦੀਆਂ ਹਨ, ਕਿਉਂ ਜੋ ਭਾਦੋਂ ਵਿਚ ਉਨ੍ਹਾਂ ਨੂੰ ਮੁੜ ਸਹੁਰੀਂ ਜਾਣਾ ਪੈਂਦਾ ਹੈ:

ਤੀਆਂ ਸਾਉਣ ਦੀਆਂ, ਭਾਦੋਂ ਦੇ ਮੁਕਲਾਵੇ।

ਤੀਆਂ ਦੇ ਆਖਰੀ ਦਿਨ ਪਾਣੀ ਨਾਲ ਭਰੀ ਇੱਕ ਗੜਵੀ ਵਿਚ ਦੁੱਧ ਪਾ ਕੇ ਕੁੜੀਆਂ ਗੀਤ ਗਾਉਂਦੀਆਂ ਘਰਾਂ ਨੂੰ ਤੁਰ ਪੈਂਦੀਆਂ ਹਨ, ਇਸ ਪਾਣੀ ਤੇ ਦੁੱਧ ਦਾ ਛਿੱਟਾ ਉਹ ਘਰਾਂ ਦੀ ਦਹਿਲੀਜ਼ 'ਤੇ ਦਿੰਦੀਆਂ ਹਨ। ਇੰਜ, ਤੀਆਂ ਦਾ ਇਹ ਤਿਉਹਾਰ ਅਗਲੇ ਸਾਲ ਤੱਕ ਲਈ ਵਿਛੜ ਜਾਂਦਾ ਹੈ:

ਤੀਆਂ ਤੀਜ ਦੀਆਂ, ਵਰ੍ਹੇ ਦਿਨਾਂ ਨੂੰ ਫੇਰ

ਤੀਆਂ ਦਾ ਇਹ ਤਿਉਹਾਰ ਸਰਬ ਸਾਂਝਾ ਅਤੇ ਧਰਮ ਨਿਰਪੱਖ ਸਾਦ ਮੁਰਾਦਾ ਪੇਂਡੂ ਤਿਉਹਾਰ ਹੈ, ਜੋ ਪੰਜਾਬੀ ਲੋਕ ਸੱਭਿਆਚਾਰ ਦਾ ਮਹੱਤਵਪੂਰਨ ਅੰਗ ਹੈ। ਅਜੋਕੇ ਕਾਹਲ ਭਰੇ, ਰੁਝੇਵਿਆਂ ਵਾਲੇ ਤੇ ਬਦਲ ਗਈ ਜੀਵਨ ਸ਼ੈਲੀ ਵਾਲੇ ਵਿਕਾਸਸ਼ੀਲ ਸਮਾਜ ਵਿਚ ਪੁਰਾਣੇ ਸੱਭਿਆਚਾਰ ਦੇ ਅਜਿਹੇ ਰੰਗ ਫਿੱਕੇ ਪੈਂਦੇ ਜਾ ਰਹੇ ਹਨ। ਹੋਰ ਮੇਲਿਆਂ-ਤਿਉਹਾਰਾਂ ਵਾਂਗ ਤੀਆਂ ਦੀ ਪਹਿਲਾਂ ਵਾਲੀ ਰੌਣਕ ਬੀਤੇ ਸਮੇਂ ਦੀ ਗੱਲ ਬਣ ਕੇ ਰਹਿ ਗਈ ਹੈ। ਹੁਣ ਯੂਨੀਵਰਸਿਟੀਆਂ ਦੇ ਯੁਵਕ ਮੇਲਿਆਂ ਵਿਚ ਸ਼ਾਮਲ ਕੀਤੀ ਜਾਂਦੀ ਪੰਜਾਬੀ ਲੋਕ ਨਾਚ ਗਿੱਧੇ ਜਾਂ ਕਿਸੇ ਹੋਰ ਲੋਕ ਨਾਚ ਦੀ ਆਈਟਮ ਵਿਚ ਕਦੇ-ਕਦੇ ਤੀਆਂ ਦੇ ਨਾਚ ਦੀ ਇਕ-ਅੱਧ ਝਲਕੀ ਵਿਖਾਈ ਜਾ ਰਹੀ ਹੋ ਸਕਦੀ ਹੈ। ਸਕੂਲਾਂ, ਕਾਲਜਾਂ ਵੱਲੋਂ ਵੀ ਤੀਆਂ ਦੇ ਮੇਲੇ ਦਾ ਪ੍ਰਬੰਧ ਕਰ ਲਿਆ ਜਾਂਦਾ ਹੈ, ਜਿਨ੍ਹਾਂ ਵਿਚ ਕਈ ਮੁਕਾਬਲੇ ਵੀ ਕਰਵਾਏ ਜਾਂਦੇ ਹਨ ਤੇ ਜੇਤੂਆਂ ਨੂੰ ਇਨਾਮ ਵੀ ਦਿੱਤੇ ਜਾਂਦੇ ਹਨ। ਕਿਧਰੇ-ਕਿਧਰੇ ਕਾਰਜਸ਼ੀਲ ਸੱਭਿਆਚਾਰਕ ਕਲੱਬਾਂ ਵੱਲੋਂ, ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਾਂ ਉੱਦਮੀ ਤੇ ਸਵੈ-ਸੇਵੀ ਇਸਤਰੀ-ਸੰਗਠਨਾਂ ਵੱਲੋਂ ਵੀ ਸਾਉਣ ਮਹੀਨੇ ਵਿਚ ਕਦੇ/ਕਿਧਰੇ ਤੀਆਂ ਦੇ ਮੇਲੇ ਦਾ ਆਯੋਜਨ ਕਰ ਲਿਆ ਜਾਂਦਾ ਹੈ। ਵਧੇਰੇ ਸਥਿਤੀਆਂ ਵਿਚ ਅਜਿਹਾ ਕੁਝ ਵੀ ਸਭ ਰਸਮੀ ਹੋ ਕੇ ਰਹਿ ਜਾਂਦਾ ਹੈ। ਇਹ ਪ੍ਰੀਵਰਤਨਸ਼ੀਲ ਵਰਤਾਰੇ ਵਿਚ ਅਜਿਹਾ ਵਾਪਰਨਾ ਹੀ ਹੁੰਦਾ ਹੈ। ਵਿਰਸੇ ਤੋਂ ਟੁੱਟਣਾ, ਦੂਰ ਹੁੰਦੇ ਚਲੇ ਜਾਣਾ ਤੇ ਵਿਰਸੇ ਨੂੰ ਵਿਸਾਰ ਦੇਣਾ ਦੁਖਦਾਈ ਜ਼ਰੂਰ ਹੁੰਦਾ ਹੈ। ਸੱਭਿਆਚਾਰਕ ਵਰਤਾਰਿਆਂ ਨੂੰ ਤੇ ਉਨ੍ਹਾਂ ਦੇ ਨਮੂਨਿਆਂ ਨੂੰ ਸਾਂਭ ਕੇ ਰੱਖਣਾ ਮਨੁੱਖ ਦਾ ਫ਼ਰਜ਼ ਬਣਦਾ ਹੈ। ਇਸ ਦਿਸ਼ਾ ਵੱਲ ਕੇਵਲ ਨਿੱਜੀ ਹੀ ਨਹੀਂ, ਸਮੂਹਿਕ ਪੱਧਰ 'ਤੇ ਵੀ ਸੁਹਿਰਦ ਯਤਨ ਕੀਤੇ ਜਾਣੇ ਚਾਹੀਦੇ ਹਨ। ਅਜਿਹੇ ਯਤਨਾਂ ਨੂੰ ਪੰਜਾਬੀ ਦੇ ਵਿਸਰ ਰਹੇ ਮੇਲਿਆਂ ਤਿਉਹਾਰਾਂ ਵਿਰਾਸਤ ਨੂੰ ਸਮਝਣ ਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰਨ ਲਈ ਪੁੱਟੇ ਗਏ ਇਕ ਕਦਮ ਵਜੋਂ ਲਿਆ ਜਾ ਸਕੇਗਾ। ਇਹ ਵੀ ਪੰਜਾਬੀ ਸੱਭਿਆਚਾਰ ਪ੍ਰਤੀ ਇਕ ਹਾਂ ਪੱਖੀ ਯਤਨ ਮਾਤਰ ਹੋਵੇਗਾ।



## ਅਮਰ ਕਥਾਵਾਂ (ਬਾਲ ਕਹਾਣੀਆਂ)

# ਰੁੱਖਾਂ ਨਾਲ ਪਿਆਰ

-ਸੁਖਦੇਵ ਸਿੰਘ ਸ਼ਾਂਤ
ਸ਼ਰਲਟ (ਇੰਡੀਆਨਾ) ਯੂ.ਐੱਸ.ਏ.
ਫੋਨ ਨੰਬਰ : 001-317-406-0002
ਵਟਸਅਪ ਨੰਬਰ : +91-98149-01254
ਪੰਜਾਬ ਮੇਲ USA



ਭਗਤ ਪੂਰਨ ਸਿੰਘ ਜੀ ਦਾ ਆਰੰਭ ਕੀਤਾ ਪਿੰਗਲਵਾੜਾ ਸਾਰੇ ਸੰਸਾਰ ਵਿਚ ਪ੍ਰਸਿੱਧ ਹੈ। ਉਨ੍ਹਾਂ ਨੇ ਅਪਾਹਜ ਲੋਕਾਂ ਦੀ ਸੇਵਾ ਲਈ ਅੰਮ੍ਰਿਤਸਰ ਦੀ ਧਰਤੀ 'ਤੇ ਇਹ ਇੱਕ ਅਨਮੋਲ ਸਥਾਨ ਬਣਾਇਆ ਹੈ। ਉਨ੍ਹਾਂ ਨੂੰ ਰੁੱਖਾਂ ਨਾਲ ਬੇਹੱਦ ਪਿਆਰ ਸੀ। ਜਿਸ ਕਾਗਜ਼ 'ਤੇ ਇੱਕ ਪਾਸੇ ਲਿਖਿਆ ਜਾਂ ਕੁਝ ਛਪਿਆ ਹੁੰਦਾ ਸੀ, ਉਸ ਦੇ ਖਾਲੀ ਪਾਸੇ ਨੂੰ ਉਹ ਵਰਤ ਲੈਂਦੇ ਸਨ। ਉਨ੍ਹਾਂ ਨੂੰ ਪਤਾ ਸੀ ਕਿ ਜ਼ਿਆਦਾਤਰ ਕਾਗਜ ਰੁੱਖਾਂ ਦੀ ਲੱਕੜ ਤੋਂ ਹੀ ਬਣਦਾ ਹੈ। ਉਹ ਜਾਣਦੇ ਸਨ, ਜਿੰਨਾ ਕਾਗਜ਼ ਬਰਬਾਦ ਹੋਵੇਗਾ, ਓਨੇ ਹੀ ਵੱਧ ਰੁੱਖ ਕੱਟੇ ਜਾਣਗੇ।

ਭਗਤ ਪੂਰਨ ਸਿੰਘ ਜੀ ਦੇ ਇੱਕ ਸੇਵਾਦਾਰ ਦੀ ਲੜਕੀ ਦਾ ਵਿਆਹ ਸੀ। ਸੇਵਾਦਾਰ ਨੂੰ ਪੈਸਿਆਂ ਦੀ ਬਹੁਤ ਲੋੜ ਸੀ। ਉਸ ਦੀ ਆਰਥਿਕ ਹਾਲਤ ਬਹੁਤੀ ਚੰਗੀ ਨਹੀਂ ਸੀ। ਉਸ ਨੇ ਆਪਣੇ ਘਰ ਅਤੇ ਆਪਣੀ ਥੋੜ੍ਹੀ ਜਿਹੀ ਜ਼ਮੀਨ ਵਿਚ ਲੱਗੇ ਪੁਰਾਣੇ ਰੁੱਖਾਂ ਦਾ ਸੌਦਾ ਕਰ ਲਿਆ। ਰੁੱਖ ਵੇਚ ਕੇ ਉਸ ਨੂੰ ਤੀਹ ਹਜ਼ਾਰ ਰੁਪਏ ਮਿਲ ਜਾਣੇ ਸਨ। ਇਨ੍ਹਾਂ ਨਾਲ ਉਸ ਦੀ ਲੋੜ ਪੂਰੀ ਹੋ ਜਾਣੀ ਸੀ। ਖਰੀਦਣ ਵਾਲੇ ਨੇ ਪੈਸੇ ਦੇ ਕੇ ਉਹ ਰੁੱਖ ਕਟਵਾ ਲੈਣੇ ਸਨ।

ਭਗਤ ਪੂਰਨ ਸਿੰਘ ਜੀ ਨੂੰ ਕਿਸੇ ਸੇਵਾਦਾਰ ਤੋਂ ਇਸ ਗੱਲ ਦਾ ਪਤਾ ਲੱਗਿਆ। ਉਨ੍ਹਾਂ ਨੇ ਰੁੱਖ ਵੇਚਣ ਵਾਲੇ ਸੇਵਾਦਾਰ ਨੂੰ ਆਪਣੇ ਕੋਲ ਬੁਲਾਇਆ। ਉਨ੍ਹਾਂ ਨੇ ਉਸ ਸੇਵਾਦਾਰ ਨੂੰ ਕਿਹਾ, "ਰੁੱਖ ਧੀਆਂ-ਪੁੱਤਰਾਂ ਵਰਗੇ ਹੁੰਦੇ ਹਨ। ਇਨ੍ਹਾਂ ਨੂੰ ਵੇਚੀਦਾ ਨਹੀਂ ਹੁੰਦਾ। ਇਹ ਸਾਨੂੰ ਕਿੰਨੇ ਸੁਖ ਦਿੰਦੇ ਨੇ! ਹਰਿਆਲੀ ਦਾ, ਫਲਾਂ ਦਾ, ਛਾਂ ਦਾ, ਮੀਂਹ ਦਾ ਇਹ ਅਧਾਰ ਹੁੰਦੇ ਨੇ। ਤੂੰ ਮੇਰੇ ਕੋਲੋਂ ਤੀਹ ਹਜ਼ਾਰ ਰੁਪਏ ਲੈ-ਲੈ ਤੇ ਇਨ੍ਹਾਂ ਰੁੱਖਾਂ ਨੂੰ ਵੇਚਣ ਦਾ ਮੁੜ ਕਦੇ ਨਾਂਅ ਨਾ ਲਈਂ।"

ਭਗਤ ਪੂਰਨ ਸਿੰਘ ਜੀ ਨੇ ਉਸ ਸੇਵਾਦਾਰ ਨੂੰ ਤੀਹ ਹਜ਼ਾਰ ਰੁਪਏ ਦੇ ਦਿੱਤੇ। ਉਨ੍ਹਾਂ ਨੇ ਰੁੱਖਾਂ ਨੂੰ ਕੱਟੇ ਜਾਣ ਤੋਂ ਬਚਾਅ ਲਿਆ।

ਸਾਨੂੰ ਵੀ ਭਗਤ ਪੂਰਨ ਸਿੰਘ ਜੀ ਦੇ ਜੀਵਨ ਤੋਂ ਰੁੱਖਾਂ ਦੀ ਸੰਭਾਲ ਕਰਨੀ ਸਿੱਖਣੀ ਚਾਹੀਦੀ ਹੈ। ਸਾਨੂੰ ਵੱਧ ਤੋਂ ਵੱਧ ਰੁੱਖ ਲਾਉਣੇ ਚਾਹੀਦੇ ਹਨ। ਲੱਗੇ ਹੋਏ ਰੁੱਖਾਂ ਦੀ ਦੇਖਭਾਲ ਕਰਨੀ ਚਾਹੀਦੀ ਹੈ। ਕਾਗਜ਼ ਦੀ ਵਰਤੋਂ ਵੀ ਬੜੇ ਸੰਜਮ ਨਾਲ ਕਰਨੀ ਚਾਹੀਦੀ ਹੈ।

### ਭੂਤ ਵਾਲਾ ਰੁੱਖ

ਭਾਰਤੀ ਸੰਸਕ੍ਰਿਤੀ ਦੀ ਅਮੀਰੀ ਨੂੰ ਸਵਾਮੀ ਵਿਵੇਕਾਨੰਦ ਜੀ ਨੇ ਦੁਨੀਆਂ-ਭਰ ਵਿਚ ਪ੍ਰਚਾਰਿਆ। ਉਹ ਵਹਿਮਾਂ-ਭਰਮਾਂ ਅਤੇ ਅੰਧ-ਵਿਸ਼ਵਾਸ ਦੇ ਸਖਤ ਵਿਰੋਧੀ ਸਨ। ਜਾਤ-ਪਾਤ ਅਤੇ ਧਰਮਾਂ ਦੇ ਭਿੰਨ-ਭੇਦ ਨੂੰ ਵੀ ਉਹ ਨਹੀਂ ਮੰਨਦੇ ਸਨ।

ਬਚਪਨ ਵਿਚ ਹੀ ਉਹ ਆਪਣੇ ਮਾਤਾ ਜੀ ਪਾਸੋਂ ਇਮਾਨਦਾਰੀ ਅਤੇ ਦਲੇਰੀ ਦੇ ਗੁਣ ਸਿੱਖ ਚੁੱਕੇ ਸਨ। ਬਚਪਨ ਵਿਚ ਉਨ੍ਹਾਂ ਦਾ ਨਾਂਅ ਮਾਪਿਆਂ ਨੇ ਨਰੇਂਦਰ ਨਾਥ ਰੱਖਿਆ ਸੀ। ਆਂਢ-ਗੁਆਂਢ ਦੇ ਬੱਚੇ ਉਨ੍ਹਾਂ ਦੀ ਲਿਆਕਤ ਕਰਕੇ ਉਨ੍ਹਾਂ ਨੂੰ ਆਪਣਾ ਆਗੂ ਮੰਨਦੇ ਸਨ।

ਆਪਣੇ ਦੋਸਤਾਂ ਨਾਲ ਉਹ ਨੇੜੇ ਪੈਂਦੇ ਖੇਤਾਂ ਵੱਲ ਚਲੇ ਜਾਂਦੇ। ਕੁਦਰਤੀ ਨਜ਼ਾਰਿਆਂ ਅਤੇ ਖੁੱਲ੍ਹੀ ਹਵਾ ਦਾ ਅਨੰਦ ਮਾਣਦੇ। ਕਈ ਤਰ੍ਹਾਂ ਦੀਆਂ ਖੇਡਾਂ ਖੇਡਦੇ। ਬਚਪਨ ਹੋਣ ਕਰਕੇ ਆਪਸ ਵਿਚ ਸ਼ਰਾਰਤਾਂ ਵੀ ਕਰਦੇ।

ਇੱਕ ਜ਼ਿਮੀਂਦਾਰ ਨਰੇਂਦਰ ਅਤੇ ਉਸ ਦੇ ਦੋਸਤਾਂ ਦੀਆਂ ਸ਼ਰਾਰਤਾਂ ਤੋਂ ਤੰਗ ਆ ਗਿਆ। ਉਸ ਨੇ ਬੱਚਿਆਂ ਨੂੰ ਡਰਾਉਣ ਲਈ ਕਿਹਾ, "ਬੱਚਿਓ, ਔਹ ਸਾਹਮਣੇ ਖੜ੍ਹੇ ਦਰੱਖਤ 'ਤੇ ਬੜਾ ਖਤਰਨਾਕ ਭੂਤ ਰਹਿੰਦਾ ਹੈ। ਇਹ ਬੱਚਿਆਂ ਨੂੰ ਖਾ ਜਾਂਦਾ ਹੈ।"

ਨਰੇਂਦਰ ਦੇ ਸਾਰੇ ਦੋਸਤ ਡਰ ਗਏ। ਹੁਣ ਉਨ੍ਹਾਂ ਨੂੰ ਖੇਤਾਂ ਵਿਚ ਜਾਣ ਤੋਂ ਡਰ ਲੱਗਣ ਲੱਗ ਪਿਆ। ਸਾਰਿਆਂ ਨੇ ਉੱਥੇ ਜਾਣਾ ਛੱਡ ਦਿੱਤਾ। ਤੀਜੇ-ਚੌਥੇ ਦਿਨ ਨਰੇਂਦਰ ਉਸ ਰੁੱਖ ਦੇ ਕੋਲ ਗਏ। ਉਹ ਹੌਂਸਲਾ ਕਰ ਕੇ ਉਸ ਰੁੱਖ ਦੇ ਟਾਹਣ 'ਤੇ ਚੜ੍ਹ ਕੇ ਬੈਠ ਗਏ।

ਉਸ ਵੇਲੇ ਦੁਪਹਿਰ ਦਾ ਸਮਾਂ ਸੀ। ਉਹ ਭੂਤ ਦੇ ਆਉਣ ਦੀ ਉਡੀਕ ਕਰਨ ਲੱਗੇ। ਦੋ-ਤਿੰਨ ਘੰਟੇ ਲੰਘ ਗਏ। ਕੋਈ ਭੂਤ ਨਾ ਆਇਆ। ਉਨ੍ਹਾਂ ਦੇ ਸਾਥੀਆਂ ਨੂੰ ਨਰੇਂਦਰ ਦੇ ਰੁੱਖ ਕੋਲ ਆਉਣ ਦਾ ਪਤਾ ਲੱਗਿਆ। ਉਹ ਵੀ ਉਨ੍ਹਾਂ ਨੂੰ ਦੇਖਣ ਲਈ ਆ ਪਹੁੰਚੇ।

ਨਰੇਂਦਰ ਟਾਹਣ 'ਤੇ ਬੈਠੇ ਜ਼ੋਰ ਨਾਲ ਖਿੜਖਿੜਾ ਕੇ ਹੱਸੇ। ਉਹ ਉੱਚੀ ਸਾਰੀ ਬੋਲੇ, "ਮਿੱਤਰੋ! ਇਸ ਰੁੱਖ 'ਤੇ ਕੋਈ ਭੂਤ ਨਹੀਂ ਰਹਿੰਦਾ। ਇਹ ਤਾਂ ਉਸ ਜ਼ਿਮੀਂਦਾਰ ਨੇ ਆਪਾਂ ਨੂੰ ਡਰਾਉਣ ਲਈ ਝੂਠ ਬੋਲਿਆ ਸੀ। ਆਓ ਆਪਾਂ ਇੱਥੇ ਖੇਡੀਏ।"

ਨਰੇਂਦਰ ਹੇਠਾਂ ਉੱਤਰੇ। ਸਾਰੇ ਬੱਚੇ ਭੂਤਾਂ ਦਾ ਵਹਿਮ ਛੱਡ ਕੇ ਖੇਡਣ ਲੱਗੇ।

### ਜਨਮ-ਭੂਮੀ ਨਾਲ ਪਿਆਰ

ਯੂਨਾਨ ਦੇ ਇਤਿਹਾਸ ਵਿਚ ਸੁਕਰਾਤ ਦਾ ਨਾਂਅ ਬੜਾ ਉੱਘਾ ਹੈ। ਉਹ ਇੱਕ ਬੜੇ ਵੱਡੇ ਵਿਦਵਾਨ ਅਤੇ ਫਿਲਾਸਫਰ ਸਨ। ਜਿਹੜਾ ਵੀ ਉਨ੍ਹਾਂ ਦੇ ਵਿਚਾਰ ਇੱਕ ਵਾਰੀ ਧਿਆਨ ਨਾਲ ਸੁਣ ਲੈਂਦਾ ਸੀ, ਉਨ੍ਹਾਂ ਦਾ ਹੀ ਹੋ ਜਾਂਦਾ ਸੀ ਉਨ੍ਹਾਂ ਦੀਆਂ ਦਲੀਲਾਂ ਬੜੀਆਂ ਠੋਸ ਹੁੰਦੀਆਂ ਸਨ।

ਹੈਰਾਨੀ ਦੀ ਗੱਲ ਇਹ ਹੈ ਕਿ ਕੇਵਲ ਉਨ੍ਹਾਂ ਦੇ ਵਿਚਾਰਾਂ ਕਰ ਕੇ ਹੀ ਉਨ੍ਹਾਂ ਨੂੰ ਹਕੂਮਤ ਨੇ ਮੌਤ ਦੀ ਸਜ਼ਾ ਸੁਣਾ ਦਿੱਤੀ। ਉਨ੍ਹਾਂ ਨੇ ਕੋਈ ਅਪਰਾਧ ਤਾਂ ਕੀਤਾ ਨਹੀਂ ਸੀ। ਉਨ੍ਹਾਂ ਨੇ ਕਿਸੇ ਨੂੰ ਕੋਈ ਨੁਕਸਾਨ ਵੀ ਨਹੀਂ ਪਹੁੰਚਾਇਆ ਸੀ।

ਸੁਕਰਾਤ ਦੀ ਮੌਤ ਦੀ ਸਜ਼ਾ ਸੁਣਾਉਣ ਸਮੇਂ ਇਹ ਵੀ ਕਿਹਾ ਗਿਆ, "ਜੇ ਤੁਸੀਂ ਏਥਨਜ ਛੱਡ ਕੇ ਕਿਸੇ ਹੋਰ ਦੇਸ਼ ਵਿਚ ਚਲੇ ਜਾਓ, ਤਾਂ ਤੁਹਾਨੂੰ ਜਾਣ ਦੀ ਇਜਾਜ਼ਤ ਹੈ। ਤੁਸੀਂ ਮੌਤ ਦੀ ਸਜ਼ਾ ਤੋਂ ਵੀ ਬਚ ਜਾਵੋਗੇ।"

ਸੁਕਰਾਤ ਦਾ ਉੱਤਰ ਸੀ, "ਏਥਨਜ ਤਾਂ ਮੇਰੀ ਜਨਮ-ਭੂਮੀ ਹੈ। ਇਹ ਤਾਂ ਮੇਰੀ ਜ਼ਿੰਦਗੀ ਹੈ। ਜੇ ਮੈਂ ਇਸ ਨੂੰ ਤੁਹਾਡੇ ਕਹੇ 'ਤੇ ਛੱਡ ਜਾਵਾਂ, ਤਾਂ ਵੀ ਮੇਰੇ ਲਈ ਇਹ ਮੌਤ ਹੀ ਹੈ। ਫਿਰ ਮੈਂ ਏਥਨਜ ਨੂੰ ਕਿਉਂ ਛੱਡਾਂ ? ਏਥਨਜ ਨੂੰ ਛੱਡਣ ਦੀ ਮੌਤ ਨਾਲੋਂ ਮੈਨੂੰ ਜ਼ਹਿਰ ਦੇ ਪਿਆਲੇ ਵਾਲੀ ਮੌਤ ਮਨਜ਼ੂਰ ਹੈ।"

ਸੁਕਰਾਤ ਸਾਮ੍ਹਣੇ ਮੌਤ ਤੋਂ ਬਚਣ ਦਾ ਇੱਕ ਮੌਕਾ ਹੋਰ ਆਇਆ। ਉਨ੍ਹਾਂ ਦੇ ਚੇਲਿਆਂ ਨੇ ਉਨ੍ਹਾਂ ਨੂੰ ਜੇਲ੍ਹ ਵਿਚੋਂ ਭਜਾ ਕੇ ਬਾਹਰ ਕੱਢਣ ਦੀ ਯੋਜਨਾ ਬਣਾਈ। ਇਸ ਯੋਜਨਾ ਨਾਲ ਵੀ ਉਨ੍ਹਾਂ ਨੂੰ ਏਥਨਜ ਛੱਡਣਾ ਪੈਣਾ ਸੀ। ਉਨ੍ਹਾਂ ਨੇ ਜੇਲ੍ਹ 'ਚੋਂ ਭੱਜਣ ਦੀ ਇਸ ਯੋਜਨਾ ਨੂੰ ਮੰਨਣ ਤੋਂ ਸਾਫ ਨਾਂਹ ਕਰ ਦਿੱਤੀ।

ਸੁਕਰਾਤ ਨੇ ਹੱਸ ਕੇ ਜ਼ਹਿਰ ਦਾ ਪਿਆਲਾ ਤਾਂ ਪੀ ਲਿਆ ਪਰ ਏਥਨਜ ਨਹੀਂ ਛੱਡਿਆ। ਉਨ੍ਹਾਂ ਨੇ ਆਪਣੀ ਜਨਮ-ਭੂਮੀ ਦੇ ਪਿਆਰ ਪਿੱਛੇ ਆਪਣਾ ਜੀਵਨ ਕੁਰਬਾਨ ਕਰ ਦਿੱਤਾ।

ਸਾਨੂੰ ਵੀ ਆਪਣੇ ਦੇਸ਼ ਨੂੰ ਇਸ ਤਰ੍ਹਾਂ ਹੀ ਪਿਆਰ ਕਰਨਾ ਚਾਹੀਦਾ ਹੈ ਜਿਵੇਂ ਸੁਕਰਾਤ ਨੇ ਕੀਤਾ।

### ਸਾਰੇ ਧਰਮ ਚੰਗੇ ਹਨ

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਯਾਤਰਾ ਦੌਰਾਨ ਮੱਕੇ ਗਏ। ਮੱਕਾ ਸ਼ਹਿਰ ਸਾਊਦੀ ਅਰਬ ਵਿਚ ਇਸਲਾਮ ਧਰਮ ਦਾ ਕੇਂਦਰੀ ਸਥਾਨ ਹੈ। ਇਸ ਯਾਤਰਾ ਵਿਚ ਗੁਰੂ ਜੀ ਦੇ ਸਾਥੀ ਰਬਾਬੀ ਮਰਦਾਨਾ ਜੀ ਵੀ ਉਨ੍ਹਾਂ ਦੇ ਨਾਲ ਸਨ।

ਗੁਰੂ ਜੀ ਕੋਲ ਕੁਝ ਕਾਜੀ ਅਤੇ ਇਸਲਾਮ ਦੇ ਵਿਦਵਾਨ ਆਏ। ਉਨ੍ਹਾਂ ਨੇ ਗੁਰੂ ਜੀ ਨੂੰ ਪੁੱਛਿਆ, "ਆਪ ਜੀ ਦੇ ਵਿਚਾਰ ਵਿਚ ਹਿੰਦੂ ਧਰਮ ਵੱਡਾ ਹੈ ਜਾਂ ਇਸਲਾਮ ?"

ਗੁਰੂ ਜੀ ਨੇ ਬੜੇ ਪਿਆਰ ਨਾਲ ਉੱਤਰ ਦਿੱਤਾ, "ਧਰਮ ਕੋਈ ਵੀ ਵੱਡਾ ਜਾਂ ਛੋਟਾ ਨਹੀਂ। ਧਰਮ ਸਾਰੇ ਇੱਕ-ਬਰਾਬਰ ਹਨ। ਧਰਮ ਕੋਈ ਵੀ ਹੋਵੇ ਉਸ ਨੂੰ ਮੰਨਣ ਵਾਲੇ ਦੇ ਕੰਮ ਸ਼ੁਭ ਹੋਣੇ ਚਾਹੀਦੇ ਹਨ। ਰਾਮ ਅਤੇ ਰਹੀਮ ਇੱਕੋ ਹੀ ਪ੍ਰਮਾਤਮਾ ਦੇ ਨਾਮ ਹਨ। ਇਸ ਲਈ ਰਾਮ ਜਾਂ ਰਹੀਮ ਕਹਿਣ ਪਿੱਛੇ ਹੀ ਝਗੜਾ ਕਰੀ ਜਾਣਾ ਠੀਕ ਨਹੀਂ।"

ਕਾਜ਼ੀ ਅਤੇ ਵਿਦਵਾਨ ਸਿਆਣੇ ਸਨ। ਉਹ ਗੁਰੂ ਜੀ ਵੱਲੋਂ ਦੱਸੀ ਗਈ ਸੱਚੀ ਗੱਲ ਨਾਲ ਪੂਰੀ ਤਰ੍ਹਾਂ ਸਹਿਮਤ ਹੋ ਗਏ। ਉਹ ਸਮਝ ਗਏ ਕਿ ਸਾਰੇ ਧਰਮ ਚੰਗੇ ਹਨ।

ਜਿਵੇਂ ਮੱਕੇ ਵਿਚ ਗੁਰੂ ਨਾਨਕ ਦੇਵ ਜੀ ਨੂੰ ਧਰਮਾਂ ਬਾਰੇ ਪ੍ਰਸ਼ਨ ਕੀਤਾ ਗਿਆ ਸੀ, ਉਵੇਂ ਹੀ ਦਸਵੇਂ ਗੁਰੂ ਜੀ ਨੂੰ ਵੀ ਪੁੱਛਿਆ ਗਿਆ। ਬਾਦਸ਼ਾਹ ਬਹਾਦਰ ਸ਼ਾਹ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਪ੍ਰਸ਼ਨ ਪੁੱਛਿਆ, "ਮਜ਼ਹਬ ਹਮਾਰਾ ਖ਼ੂਬ ਕਿ ਤੁਮਹਾਰਾ ਖ਼ੂਬ ?" ਤਾਂ ਗੁਰੂ ਜੀ ਨੇ ਉੱਤਰ ਦਿੱਤਾ, "ਤੁਮ ਕੋ ਤੁਮਹਾਰਾ ਖ਼ੂਬ ਹਮ ਕੋ ਹਮਾਰਾ ਖ਼ੂਬ।"

ਦਸ਼ਮੇਸ਼ ਜੀ ਦੇ ਉੱਤਰ ਦਾ ਵੀ ਉਹੀ ਭਾਵ ਸੀ ਕਿ ਧਰਮ ਸਾਰੇ ਹੀ ਚੰਗੇ ਹਨ। ਸਾਰੇ ਧਰਮ-ਗ੍ਰੰਥ ਆਪਸੀ-ਪਿਆਰ ਅਤੇ ਇਨਸਾਨੀਅਤ ਦਾ ਪਾਠ ਪੜ੍ਹਾਉਂਦੇ ਹਨ। ਸਾਰੇ ਧਰਮ ਮਨੁੱਖ ਨੂੰ ਚੰਗਾ ਇਨਸਾਨ ਬਣਨ ਦੀ ਪ੍ਰੇਰਨਾ ਦਿੰਦੇ ਹਨ। ਸ਼ੁਭ ਗੁਣਾਂ ਅਤੇ ਸ਼ੁਭ ਕੰਮਾਂ 'ਤੇ ਸਾਰੇ ਹੀ ਧਰਮ-ਗ੍ਰੰਥ ਜ਼ੋਰ ਦਿੰਦੇ ਹਨ। ਧਰਮ ਦੇ ਨਾਂਅ 'ਤੇ ਕਿਸੇ ਨਾਲ ਨਫ਼ਰਤ ਕਰਨੀ ਬਹੁਤ ਹੀ ਗਲਤ ਗੱਲ ਹੈ। ਇਸ ਤਰ੍ਹਾਂ ਦੀ ਨਫ਼ਰਤ ਜਾਂ ਵਿਤਕਰੇ ਨੂੰ ਕੋਈ ਵੀ ਧਰਮ ਸਵੀਕਾਰ ਨਹੀਂ ਕਰਦਾ।

# ਮੁਬਾਰਕ ਬੇਗ਼ਮ : ਹਮਾਰੀ ਯਾਦ ਆਏਗੀ . . .

ਪ੍ਰੋ. ਨਵ ਸੰਗੀਤ ਸਿੰਘ
1-ਲਤਾ ਗਰੀਨ ਐਨਕਲੇਵ,
ਪਟਿਆਲਾ- 147002
ਪੰਜਾਬ ਮੇਲ USA




ਮੁਬਾਰਕ ਬੇਗਮ (5 ਜਨਵਰੀ 1936-18 ਜੁਲਾਈ 2016) ਇੱਕ ਭਾਰਤੀ ਗਾਇਕਾ ਸੀ, ਜਿਸਨੇ ਹਿੰਦੀ ਅਤੇ ਉਰਦੂ ਭਾਸ਼ਾਵਾਂ ਵਿਚ ਗਾਇਆ। ਉਹ 1950 ਅਤੇ 1960 ਦੇ ਦਹਾਕੇ ਦੌਰਾਨ ਬਾਲੀਵੁੱਡ ਫਿਲਮਾਂ ਵਿਚ ਇੱਕ ਚਰਚਿਤ ਪਿੱਠਵਰਤੀ ਗਾਇਕਾ ਸੀ। ਉਸਨੇ ਗੀਤਾਂ ਤੇ ਗ਼ਜ਼ਲਾਂ ਸਮੇਤ ਕਈ ਹੋਰ ਸ਼ੈਲੀਆਂ ਵਿਚ ਗਾਇਨ ਕੀਤਾ ਅਤੇ ਜਨਤਕ ਪ੍ਰਦਰਸ਼ਨ ਵੀ ਕੀਤੇ।

ਮੁਬਾਰਕ ਬੇਗਮ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਆਲ ਇੰਡੀਆ ਰੇਡੀਓ ਤੋਂ ਕੀਤੀ। ਇੱਕ ਪਲੇਅਬੈਕ ਗਾਇਕਾ ਵਜੋਂ ਉਸਦਾ ਕਰੀਅਰ 1949 ਵਿਚ ਭਾਰਤੀ ਹਿੰਦੀ ਫਿਲਮ 'ਆਈਏ' ਨਾਲ ਸ਼ੁਰੂ ਹੋਇਆ ਸੀ। ਇਹ ਭਾਰਤ-ਪਾਕਿਸਤਾਨੀ ਸੰਗੀਤਕਾਰ ਸ਼ੌਕਤ ਅਲੀ ਨਾਸ਼ਾਦ ਸੀ, ਜਿਸਨੇ ਬੇਗਮ ਨੂੰ ਪਹਿਲਾ ਬ੍ਰੇਕ ਦਿੱਤਾ। ਫਿਲਮਾਂ ਲਈ ਉਸਦਾ ਰਿਕਾਰਡ ਕੀਤਾ ਪਹਿਲਾ ਗੀਤ "ਮੋਹੇ ਆਨੇ ਲਾਗੀ ਅੰਗੜਾਈ ਆਜਾ ਆਜਾ ਬਲਮ" (ਆਈਏ, 1949) ਸੀ। ਉਸਨੇ ਉਸੇ ਫਿਲਮ ਵਿਚ ਉਸ ਸਮੇਂ ਦੀ ਉੱਭਰਦੀ ਗਾਇਕਾ ਲਤਾ ਮੰਗੇਸ਼ਕਰ ਨਾਲ ਇੱਕ ਦੋਗਾਣਾ ਵੀ ਗਾਇਆ। ਉਸਦੇ ਕਰੀਅਰ ਦੇ ਮਸ਼ਹੂਰ ਗੀਤਾਂ ਵਿਚੋਂ "ਕਭੀ ਤਨਹਾਈਓਂ ਮੇਂ ਯੂੰ" ਹੈ, ਜਿਸਨੂੰ ਸਨੇਹਲ ਭਟਕਰ ਦੁਆਰਾ ਕਿਦਾਰ ਸ਼ਰਮਾ ਦੀ ਫਿਲਮ 'ਹਮਾਰੀ ਯਾਦ ਆਏਗੀ' (1961) ਲਈ ਰਚਿਆ ਗਿਆ ਸੀ।

ਮੁਬਾਰਕ ਬੇਗਮ ਨੇ ਆਪਣੇ ਕਰੀਅਰ ਦੌਰਾਨ ਹਿੰਦੀ ਫਿਲਮਾਂ ਲਈ ਕੁੱਲ 178 ਗਾਣੇ ਗਾਏ, ਜੋ 115 ਫਿਲਮਾਂ ਵਿਚ ਸ਼ਾਮਲ ਹਨ। ਹੇਠਾਂ ਉਸਦੇ ਕੁਝ ਪ੍ਰਸਿੱਧ ਗੀਤਾਂ ਦੀ ਸੂਚੀ ਦਿੱਤੀ ਜਾ ਰਹੀ ਹੈ :

* "ਮੁਝਕੋ ਆਪਨੇ ਗਲੇ ਲਗਾ ਲੋ, ਐ ਮੇਰੇ ਹਮਰਾਹੀ" (ਗੀਤ ਹਸਰਤ ਜੈਪੁਰੀ; ਸੰਗੀਤ ਸ਼ੰਕਰ ਜੈਕਿਸ਼ਨ; ਫ਼ਿਲਮ ਹਮਰਾਹੀ, 1963)
* "ਕਭੀ ਤਨਹਾਈਓਂ ਮੇਂ ਯੂੰ ਹਮਾਰੀ ਯਾਦ ਆਏਗੀ" (ਗੀਤ ਕਿਦਾਰ ਸ਼ਰਮਾ; ਸੰਗੀਤ ਸਨੇਹਲ ਭਟਕਰ; ਫ਼ਿਲਮ ਹਮਾਰੀ ਯਾਦ ਆਏਗੀ, 1961)
* "ਨੀਂਦ ਉੜ ਜਾਏ ਤੇਰੀ ਚੈਨ ਸੇ ਸੋਨੇ ਵਾਲੇ" (ਜੁਆਰੀ, 1968)
* "ਵੋ ਨਾ ਆਏਂਗੇ ਪਲਟ ਕਰ" (ਗੀਤ ਸਾਹਿਰ ਲੁਧਿਆਣਵੀ; ਸੰਗੀਤ ਐੱਸ.ਡੀ. ਬਰਮਨ; ਫ਼ਿਲਮ ਦੇਵਦਾਸ, 1955)
* "ਹਮ ਹਾਲ-ਏ-ਦਿਲ ਸੁਨਾਏਂਗੇ, ਸੁਨਿਏ ਕੇ ਨਾ ਸੁਨਾਏ" (ਗੀਤ ਸ਼ੈਲੇਂਦਰ; ਸੰਗੀਤ ਸਲਿਲ ਚੌਧਰੀ; ਫ਼ਿਲਮ ਮਧੂਮਤੀ, 1958)
* "ਵਾਅਦਾ ਹਮਸੇ ਕੀਆ ਦਿਲ ਕਿਸੀ ਕੋ ਦੀਆ (ਸਰਸਵਤੀਚੰਦ੍ਰ, 1968)
* "ਬੇ-ਮੁਰੱਵਤ ਬੇਵਫਾ ਬੇਗਾਨਾ-ਏ ਦਿਲ ਆਪ ਹੈਂ" (ਗੀਤ : ਜਾਨ ਨਿਸਾਰ ਅਖਤਰ; ਸੰਗੀਤ ਸੀ. ਅਰਜੁਨ; ਫ਼ਿਲਮ ਸੁਸ਼ੀਲਾ, 1966)
* "ਐ ਦਿਲ ਬਤਾ ਹਮ ਕਹਾਂ ਆ ਗਏ" (ਖ਼ੂਨੀ ਖਜ਼ਾਨਾ, 1965)
* "ਐਜੀ ਐਜੀ ਯਾਦ ਰਖਨਾ ਸਨਮ" (ਡਾਕੂ ਮੰਸੂਰ, 1961)
* "ਸ਼ਮਾ ਗੁਲ ਕਰਕੇ ਨਾ ਜਾਓ ਯੂੰ" (ਅਰਬ ਕਾ ਸਿਤਾਰਾ, 1961)
* "ਸਾਂਵਰੀਆ ਤੇਰੀ ਯਾਦ ਮੇਂ ਰੋ ਰੋ ਮਰੇਂਗੇ ਹਮ" (ਰਾਮੂ ਤੋ ਦੀਵਾਨਾ ਹੈ, 1980)
* "ਹਮੇਂ ਦਮ ਦਈਕੇ ਸੌਤਨ ਘਰ ਜਾਨਾ" (ਆਸ਼ਾ ਭੌਂਸਲੇ ਨਾਲ ਮਿਲ ਕੇ; ਗੀਤ ਕਮਰ ਜਲਾਲਾਬਾਦੀ; ਸੰਗੀਤ ਇਕਬਾਲ ਕੁਰੈਸ਼ੀ; ਫ਼ਿਲਮ ਯੇ ਦਿਲ ਕਿਸਕੋ ਦੂੰ, 1963)
* "ਯੇ ਮੂੰਹ ਔਰ ਮਸੂਰ ਕੀ ਦਾਲ" (ਸ਼ਾਰਦਾ ਨਾਲ ਮਿਲ ਕੇ; ਅਰਾਊਂਡ ਦ ਵਰਲਡ, 1967)

ਮੁਬਾਰਕ ਬੇਗਮ ਦਾ ਜਨਮ ਰਾਜਸਥਾਨ ਦੇ ਝੁੰਝੁਨੂ ਜ਼ਿਲ੍ਹੇ ਦੇ ਇੱਕ ਕਸਬੇ ਵਿਚ ਇੱਕ ਮੁਸਲਿਮ ਪਰਿਵਾਰ ਵਿਚ ਹੋਇਆ ਸੀ। ਉਸਦਾ ਵਿਆਹ ਆਪਣੇ ਹੀ ਭਾਈਚਾਰੇ ਦੇ ਇੱਕ ਵਿਅਕਤੀ, ਸ਼੍ਰੀ ਸ਼ੇਖ ਨਾਲ ਹੋਇਆ ਸੀ ਅਤੇ ਉਹ ਦੋ ਬੱਚਿਆਂ- ਇੱਕ ਪੁੱਤਰ ਅਤੇ ਇੱਕ ਧੀ ਦੀ ਮਾਂ ਸੀ। ਉਸਦੇ ਪਤੀ ਅਤੇ ਧੀ ਦੋਵੇਂ ਹੁਣ ਜ਼ਿੰਦਾ ਨਹੀਂ ਹਨ; ਆਪਣੀ ਜ਼ਿੰਦਗੀ ਦੇ ਆਖਰੀ ਸਾਲਾਂ ਵਿਚ, ਉਹ ਆਪਣੇ ਪੁੱਤਰ, ਨੂੰਹ ਅਤੇ ਪੋਤੀ ਨਾਲ ਰਹਿੰਦੀ ਰਹੀ।



ਭਾਵੇਂ ਉਹ ਇੱਕ ਮਸ਼ਹੂਰ ਗਾਇਕਾ ਸੀ, ਪਰ ਬੇਗਮ ਆਪਣੀ ਪ੍ਰਤਿਭਾ ਦਾ ਫਾਇਦਾ ਉਠਾਉਣ ਵਿਚ ਅਸਮਰੱਥ ਸੀ। ਉਸ ਕੋਲ ਉਹ ਸਮਾਰਟ "ਨੈੱਟਵਰਕਿੰਗ" ਹੁਨਰ ਨਹੀਂ ਸਨ, ਜੋ ਮਨੋਰੰਜਨ ਉਦਯੋਗ ਵਿਚ ਕਰੀਅਰ ਲਈ ਇੰਨੇ ਮਹੱਤਵਪੂਰਨ ਹਨ ਅਤੇ ਨਤੀਜੇ ਵਜੋਂ, ਉਸਦਾ ਕਰੀਅਰ ਰੁੱਕ ਗਿਆ। ਭਾਵੇਂ ਉਹ ਇੱਕ ਸਮਰੱਥ ਗਾਇਕਾ ਸੀ, ਪਰ ਉਹ ਵਪਾਰਕ ਮਾਮਲਿਆਂ ਵਿਚ ਉਨੀ ਮਾਹਿਰ ਨਹੀਂ ਸੀ। ਉਸਨੂੰ ਪੈਸੇ ਨਾਲੋਂ ਸੰਗੀਤ ਵਿਚ ਜ਼ਿਆਦਾ ਦਿਲਚਸਪੀ ਸੀ ਅਤੇ ਉਸਦੇ ਰੋਜ਼ਾਨਾ ਖਰਚ ਅਤੇ ਉਦਾਰਤਾ ਨੇ ਉਸਨੂੰ ਜ਼ਿਆਦਾ ਪੈਸੇ ਬਚਾਉਣ ਦੀ ਆਗਿਆ ਨਹੀਂ ਦਿੱਤੀ। 2016 ਵਿਚ ਆਪਣੀ ਮੌਤ ਤੋਂ ਪਹਿਲਾਂ ਇੱਕ ਇੰਟਰਵਿਊ ਵਿਚ, ਜਦੋਂ ਪੁੱਛਿਆ ਗਿਆ, ਤਾਂ ਉਸਨੇ ਕਿਹਾ ਕਿ ਪਾਕਿਸਤਾਨੀ ਗ਼ਜ਼ਲ ਗਾਇਕ ਗੁਲਾਮ ਅਲੀ ਉਸਦਾ ਪਸੰਦੀਦਾ ਗਾਇਕ ਸੀ।

ਬੇਗਮ ਦੀ ਧੀ, ਜੋ ਪਾਰਕਿੰਸਨਜ਼ ਬਿਮਾਰੀ ਤੋਂ ਪੀੜਤ ਸੀ, ਅਕਤੂਬਰ 2015 ਵਿਚ ਮਰ ਗਈ, ਜਿਸ ਤੋਂ ਬਾਅਦ ਬੇਗਮ ਦੀ ਆਪਣੀ ਸਿਹਤ ਬਹੁਤ ਵਿਗੜਦੀ ਚਲੀ ਗਈ। ਮਈ 2016 ਵਿਚ, ਪ੍ਰੈੱਸ ਨੇ ਰਿਪੋਰਟ ਦਿੱਤੀ ਕਿ ਬੇਗਮ ਹਸਪਤਾਲ ਵਿਚ ਸੀ ਅਤੇ ਉਸਦਾ ਪਰਿਵਾਰ ਉਸਦੇ ਡਾਕਟਰੀ ਬਿੱਲਾਂ ਦਾ ਭੁਗਤਾਨ ਕਰਨ ਵਿਚ ਅਸਮਰੱਥ ਸੀ। ਉਹ ਆਪਣੇ ਪਰਿਵਾਰ ਨਾਲ, ਜਿਸ ਵਿਚ ਇੱਕ ਪੁੱਤਰ, ਨੂੰਹ ਅਤੇ ਪੋਤੀ ਸ਼ਾਮਲ ਸਨ, ਮੁੰਬਈ ਦੇ ਉਪਨਗਰ ਜੋਗੇਸ਼ਵਰੀ ਵਿਚ ਬਹਿਰਾਮ ਬਾਗ ਵਿਚ ਇੱਕ ਬੈੱਡਰੂਮ ਵਾਲੇ ਅਪਾਰਟਮੈਂਟ ਵਿਚ ਰਹਿੰਦੀ ਸੀ। ਉਸਦੀ ਇੱਕੋ ਇੱਕ ਆਮਦਨ ਇੱਕ ਪੈਨਸ਼ਨ ਸੀ, ਜੋ ਉਸਨੂੰ ਆਪਣੇ ਸਵਰਗਵਾਸੀ ਪਤੀ ਦੀ ਪੈਨਸ਼ਨ ਦੇ ਇਵਜ਼ ਵਜੋਂ ਮਿਲਦੀ ਸੀ। ਇਹ ਪੈਨਸ਼ਨ ਕਰੀਬ 800/- ਰੁਪਏ ਪ੍ਰਤੀ ਮਹੀਨਾ ਸੀ। ਭਾਰਤੀ ਮਿਆਰਾਂ ਅਨੁਸਾਰ ਇਹ ਬਹੁਤ ਹੀ ਮਾਮੂਲੀ ਪੈਨਸ਼ਨ ਹੈ। ਬੇਗਮ ਆਪਣੇ ਪੁੱਤਰ ਹੁਸੈਨ ਸ਼ੇਖ 'ਤੇ ਨਿਰਭਰ ਸੀ, ਜਿਸਨੇ ਡਰਾਈਵਰ ਵਜੋਂ ਸੁਤੰਤਰ ਤੌਰ 'ਤੇ ਕੰਮ ਕਰਕੇ ਇੱਕ ਅਨਿਸ਼ਚਿਤ ਆਮਦਨ ਕਮਾਈ ਅਤੇ ਬੇਗਮ ਦੀ ਦੇਖਭਾਲ ਉਸਦੀ ਨੂੰਹ ਕਰਦੀ ਸੀ।

ਬੇਗਮ ਦੀ ਨੂੰਹ ਜ਼ਰੀਨਾ ਹੁਸੈਨ ਸ਼ੇਖ ਨੇ ਪ੍ਰੈੱਸ ਨੂੰ ਦੱਸਿਆ ਕਿ ਅਦਾਕਾਰ ਸਲਮਾਨ ਖਾਨ (ਹਿੰਦੀ ਫਿਲਮ ਇੰਡਸਟਰੀ) ਅਸਲ ਵਿਚ ਇਕਲੌਤਾ ਵਿਅਕਤੀ ਹੈ, ਜੋ ਪਰਿਵਾਰ ਦੀ ਵਿੱਤੀ ਮਦਦ ਕਰ ਰਿਹਾ ਹੈ, ਉਹ ਵੀ ਲਗਾਤਾਰ, ਲੰਬੇ ਸਮੇਂ ਦੇ ਆਧਾਰ 'ਤੇ। ਉਹ ਬਜ਼ੁਰਗ ਬੇਗਮ ਦੀਆਂ ਸਾਰੀਆਂ ਦਵਾਈਆਂ ਦਾ ਸਾਰਾ ਖਰਚਾ ਚੁੱਕ ਰਿਹਾ ਸੀ। ਗਾਇਕਾ ਲਤਾ ਮੰਗੇਸ਼ਕਰ ਨੇ ਬੇਗਮ ਨੂੰ ਉਸਦੀ ਧੀ ਦੀ ਮੌਤ ਤੋਂ ਬਾਅਦ ਦਿਲਾਸਾ ਦਿੱਤਾ ਅਤੇ ਉਸ ਨਾਲ ਦੁੱਖ ਸਾਂਝਾ ਕੀਤਾ। ਜੂਨ 2016 ਵਿਚ, ਮਹਾਰਾਸ਼ਟਰ ਸਰਕਾਰ ਵਿਚ ਭਾਜਪਾ ਦੇ ਮੰਤਰੀ ਵਿਨੋਦ ਤਾਵੜੇ ਨੇ ਪਰਿਵਾਰ ਦੀ ਮਦਦ ਲਈ ਕਦਮ ਚੁੱਕਿਆ। ਜਦੋਂ ਤਾਵੜੇ ਨੂੰ ਪਤਾ ਲੱਗਾ ਕਿ ਅਜਿਹੀ ਕੋਈ ਸਰਕਾਰੀ ਯੋਜਨਾ ਨਹੀਂ ਹੈ, ਜਿਸ ਤਹਿਤ ਉਹ ਬੇਗਮ ਦੇ ਪਰਿਵਾਰ ਦੀ ਮਦਦ ਕਰ ਸਕਣ, ਤਾਂ ਉਸਨੇ ਆਪਣੇ ਨੇੜਲੇ ਲੋਕਾਂ ਦੁਆਰਾ ਚਲਾਏ ਜਾ ਰਹੇ ਇੱਕ ਚੈਰੀਟੇਬਲ ਟਰੱਸਟ ਤੋਂ ਮਦਦ ਮੰਗੀ ਅਤੇ ਉਨ੍ਹਾਂ ਨੇ ਬੇਗਮ ਨੂੰ ਕੁਝ ਪੈਸੇ ਦਿੱਤੇ।

ਬੇਗ਼ਮ ਅਖ਼ਤਰ ਨੇ 80 ਸਾਲ ਦੀ ਉਮਰੇ ਜੋਗੇਸ਼ਵਰੀ, ਮੁੰਬਈ (ਮਹਾਰਾਸ਼ਟਰ) ਵਿਚ ਆਖਰੀ ਸਾਹ ਲਿਆ। ਸੰਗੀਤ, ਖਾਸ ਕਰਕੇ ਕਲਾਸੀਕਲ ਸੰਗੀਤ ਦੀ ਦੁਨੀਆਂ ਵਿਚ ਬੇਗ਼ਮ ਅਖ਼ਤਰ ਨਾਂ ਹਮੇਸ਼ਾ ਜ਼ਿੰਦਾ ਰਹੇਗਾ। ਅੱਜ ਵੀ ਉਹਦਾ ਗਾਇਆ ਨਗ਼ਮਾ "ਕਭੀ ਤਨਹਾਈਓਂ ਮੇਂ ਯੂੰ..." ਜਦ ਕਿਤੇ ਸੁਣਾਈ ਦਿੰਦਾ ਹੈ, ਤਾਂ ਮੇਰੀ ਉਮਰ ਦੇ ਲੋਕਾਂ ਦੀਆਂ ਅੱਖਾਂ ਦਾ ਨਮ ਹੋ ਜਾਣਾ ਸੁਭਾਵਕ ਹੈ! ਅਜਿਹਾ ਸੋਜ਼ ਸੀ ਉਹਦੀ ਗਾਇਨ ਸ਼ੈਲੀ ਵਿਚ! ਖ਼ੁਦਾ ਉਹਨੂੰ ਜੰਨਤ ਅਤਾ ਫ਼ਰਮਾਏ!

# ਜਦੋਂ 10 ਸਾਲ ਬਾਅਦ ਕਤਲ ਕੇਸ ਹੱਲ ਹੋ ਗਿਆ

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 95011-00062
ਪੰਜਾਬ ਮੇਲ USA



ਜਦੋਂ ਵੀ ਕੋਈ ਮੁਜ਼ਰਿਮ ਜ਼ੁਰਮ ਕਰਦਾ ਹੈ, ਤਾਂ ਉਸ ਨੂੰ ਇਹ ਵਹਿਮ ਹੁੰਦਾ ਹੈ ਕਿ ਪੁਲਿਸ ਉਸ ਨੂੰ ਪਕੜ ਨਹੀਂ ਸਕੇਗੀ। ਛੋਟੇ-ਮੋਟੇ ਕੇਸ ਤਾਂ ਭਾਵੇਂ ਪੁਲਿਸ ਦੀ ਨਜ਼ਰ ਤੋਂ ਬਚ ਜਾਣ, ਪਰ ਕਤਲ ਵਰਗਾ ਗੁਨਾਹੇ-ਅਜ਼ੀਮ ਟਰੇਸ ਹੋ ਹੀ ਜਾਂਦਾ ਹੈ। ਪਿਛਲੇ ਕੁਝ ਹਫਤਿਆਂ ਅਜਿਹੇ ਹੀ ਦੋ ਕਤਲ ਕਾਂਡ ਹੋਏ ਹਨ। ਇੱਕ ਵਿਚ ਸੋਨਮ ਨਾਮਕ ਔਰਤ ਨੇ ਹਨੀਮੂਨ ਦੌਰਾਨ ਮੇਘਾਲਿਆ ਵਿਖੇ ਆਪਣੇ ਪਤੀ ਰਾਜਾ ਰਘੂਵੰਸ਼ੀ ਦਾ ਆਪਣੇ ਪ੍ਰੇਮੀ ਹੱਥੋਂ ਕਤਲ ਕਰਵਾ ਦਿੱਤਾ ਸੀ ਤੇ ਦੂਸਰੇ ਕੇਸ ਵਿਚ ਹਰਿਆਣਾ ਦੀ ਮਾਡਲ ਸ਼ੀਤਲ ਨੂੰ ਉਸ ਦੇ ਪ੍ਰੇਮੀ ਸੁਨੀਲ ਨੇ ਕਤਲ ਕਰ ਦਿੱਤਾ ਸੀ। ਫਿਰ ਉਸ ਨੇ ਸ਼ੀਤਲ ਦੀ ਲਾਸ਼ ਇੱਕ ਨਹਿਰ ਵਿਚ ਰੋੜ੍ਹ ਦਿੱਤੀ ਤੇ ਕਾਰ ਵੀ ਨਹਿਰ ਵਿਚ ਸੁੱਟ ਦਿੱਤੀ, ਤਾਂ ਜੋ ਪੁਲਿਸ ਨੂੰ ਯਕੀਨ ਦਵਾਇਆ ਜਾ ਸਕੇ ਕਿ ਐਕਸੀਡੈਂਟ ਹੋਇਆ ਹੈ। ਇਨ੍ਹਾਂ ਦੋਵਾਂ ਕੇਸਾਂ ਵਿਚ ਮੁਜ਼ਰਿਮਾਂ ਨੇ ਕਈ ਹਫਤਿਆਂ ਦੀ ਸੋਚ ਵਿਚਾਰ ਤੋਂ ਬਾਅਦ ਕਤਲ ਕੀਤੇ ਸਨ ਪਰ ਸਾਰੀ ਚਲਾਕੀ ਧਰੀ ਦੀ ਧਰੀ ਰਹਿ ਗਈ।

ਮੇਰੀ ਨੌਕਰੀ ਦੌਰਾਨ ਵੀ ਅਜਿਹੇ ਦੋ ਕੇਸ ਟਰੇਸ ਹੋਏ ਸਨ। 1994-95 ਵਿਚ ਮੈਂ ਰੋਪੜ ਜ਼ਿਲ੍ਹੇ ਦੇ ਕਿਸੇ ਥਾਣੇ ਵਿਖੇ ਐੱਸ.ਐੱਚ.ਉ. ਲੱਗਾ ਹੋਇਆ ਸੀ ਕਿ ਇੱਕ ਪਿੰਡ ਦੇ ਚੰਗੇ ਖਾਂਦੇ-ਪੀਂਦੇ ਪਰਿਵਾਰ ਦੇ ਨੌਜਵਾਨ ਲੜਕੇ ਦਾ ਕਤਲ ਹੋ ਗਿਆ ਤੇ ਲਾਸ਼ ਕਈ ਦਿਨਾਂ ਬਾਅਦ ਨਹਿਰ ਵਿਚੋਂ ਮਿਲੀ ਸੀ। ਉਸ ਕੇਸ ਵਿਚ ਅਸੀਂ ਵਾਹ ਜਹਾਨ ਦੀ ਲਾ ਲਈ ਪਰ ਕਾਤਲ ਨਾ ਲੱਭੇ। ਅਸਲ ਵਿਚ ਕਤਲ ਦਾ ਕੋਈ ਕਾਰਨ ਹੀ ਨਹੀਂ ਸੀ ਕਿਉਂਕਿ ਉਹ ਪਰਿਵਾਰ ਆਪਣੇ ਕੰਮ ਨਾਲ ਕੰਮ ਰੱਖਣ ਵਾਲਾ ਸੀ। ਉਨ੍ਹਾਂ ਦੀ ਕਿਸੇ ਨਾਲ ਕੋਈ ਦੁਸ਼ਮਣੀ ਵੀ ਨਹੀਂ ਸੀ ਤੇ ਨਾ ਹੀ ਉਨ੍ਹਾਂ ਨੇ ਕਿਸੇ 'ਤੇ ਸ਼ੱਕ ਜ਼ਾਹਰ ਕੀਤਾ। ਆਖਰ ਦੋ-ਤਿੰਨ ਮਹੀਨੇ ਟੱਕਰਾਂ ਮਾਰਨ ਤੋਂ ਬਾਅਦ ਕੇਸ ਠੰਡੇ ਬਸਤੇ ਵਿਚ ਪਾ ਦਿੱਤਾ ਗਿਆ। ਕਤਲ ਤੋਂ ਪੰਜ ਕੁ ਮਹੀਨੇ ਬਾਅਦ ਸਿਆਲ ਦੀ ਇੱਕ ਸ਼ਾਮ ਦੋ ਬੰਦੇ ਮੋਰਿੰਡੇ ਅੱਡੇ ਵਿਚ ਠੇਕੇ ਤੋਂ ਸ਼ਰਾਬ ਲੈਣ ਲਈ ਆਏ। ਉਸ ਸਮੇਂ ਦੇਸੀ ਸ਼ਰਾਬ ਦੀ ਬੋਤਲ ਤੀਹ-ਚਾਲੀ ਰੁਪਏ ਦੀ ਹੁੰਦੀ ਸੀ ਤੇ ਉਨ੍ਹਾਂ ਕੋਲ ਦਸ ਰੁਪਏ ਘੱਟ ਸੀ। ਠੇਕੇ ਦੇ ਕਰਿੰਦੇ ਨੇ ਬੋਤਲ ਦੇਣ ਤੋਂ ਇਨਕਾਰ ਕਰ ਦਿੱਤਾ, ਤਾਂ ਉਨ੍ਹਾਂ ਵਿਚੋਂ ਇੱਕ ਬੋਲਿਆ, "ਦੇਣੀ ਬੋਤਲ ਕਿ ਫਲਾਣੇ ਪਿੰਡ ਵਾਲੇ ਰਾਮ ਸਿੰਘ (ਕਾਲਪਨਿਕ ਨਾਮ) ਦੇ ਮੁੰਡੇ ਵਾਲਾ ਹਾਲ ਕਰੀਏ ?" ਇਲਾਕੇ ਦੇ ਮਸ਼ਹੂਰ ਕਤਲ ਬਾਰੇ ਸੁਣ ਕੇ ਕਰਿੰਦੇ ਦੇ ਕੰਨ ਖੜ੍ਹੇ ਹੋ ਗਏ। ਉਸ ਨੇ ਬੋਤਲ ਦੇ ਕੇ ਖਹਿੜਾ ਛੁਡਾਇਆ ਤੇ ਉਨ੍ਹਾਂ ਦੇ ਜਾਂਦੇ ਸਾਰ ਥਾਣੇ ਵੱਲ ਸ਼ੂਟ ਵੱਟ ਦਿੱਤੀ।

ਖਬਰ ਸੁਣ ਕੇ ਪੁਲਿਸ ਨੇ ਦੋਵਾਂ ਨੂੰ ਅਹਾਤੇ ਵਿਚੋਂ ਗ੍ਰਿਫਤਾਰ ਕਰ ਲਿਆ ਤੇ ਕੇਸ ਹੱਲ ਹੋ ਗਿਆ। ਤਫਤੀਸ਼ ਤੋਂ ਇਹ ਗੱਲ ਸਾਹਮਣੇ ਆਈ ਕਿ ਕਤਲ ਹੋਣ ਵਾਲੇ ਲੜਕੇ ਦਾ ਪਰਿਵਾਰ ਬਹੁਤ ਹੀ ਲਾਲਚੀ ਕਿਸਮ ਦਾ ਸੀ ਤੇ ਲੜਕਾ ਦਹੇਜ਼ ਘੱਟ ਲਿਆਉਣ ਕਾਰਨ ਆਪਣੀ ਨਵ ਵਿਆਹੀ ਪਤਨੀ ਨਾਲ ਕੁੱਟਮਾਰ ਕਰਦਾ ਰਹਿੰਦਾ ਸੀ। ਪਰਿਵਾਰ ਵੱਲੋਂ ਰੋਜ਼ਾਨਾ ਦੀ ਕੀਤੀ ਜਾਂਦੀ ਲਾਹ-ਪਾਹ ਕਾਰਨ ਲੜਕੀ ਦਾ ਝੁਕਾਉ ਘਰ ਵਿਚ ਕਈ ਸਾਲਾਂ ਤੋਂ ਕੰਮ ਕਰ ਰਹੇ ਨੌਕਰ ਵੱਲ ਹੋ ਗਿਆ, ਜੋ ਪਿਆਰ ਵਿਚ ਬਦਲ ਗਿਆ। ਇੱਕ ਦਿਨ ਪਤੀ ਨੇ ਜਦੋਂ ਉਸ ਨੂੰ ਕੁਝ ਜ਼ਿਆਦਾ ਹੀ ਕੁੱਟਿਆ ਤਾਂ ਦੁਖੀ ਹੋਈ ਲੜਕੀ ਨੇ ਆਪਣੇ ਪ੍ਰੇਮੀ ਨੂੰ ਉਸ ਦਾ ਫਸਤਾ ਵੱਢਣ ਲਈ ਕਹਿ ਦਿੱਤਾ। ਉਨ੍ਹਾਂ ਦੀ ਜ਼ਮੀਨ ਭਾਖੜਾ ਨਹਿਰ ਦੇ ਨਾਲ ਲੱਗਦੀ ਸੀ। ਪ੍ਰੇਮੀ ਨੇ ਇੱਕ ਦਿਨ ਆਪਣੇ ਕਰੀਬੀ ਦੋਸਤ ਨਾਲ ਮਿਲ ਕੇ ਸ਼ਾਮ ਦੇ ਘੁਸਮੁਸੇ ਵਿਚ ਪਤੀ ਦੀ ਗਲ ਘੁੱਟ ਕੇ ਹੱਤਿਆ ਕਰ ਦਿੱਤੀ ਤੇ ਲਾਸ਼ ਨਹਿਰ ਵਿਚ ਸੁੱਟ ਦਿੱਤੀ। ਕਿਸੇ ਨੂੰ ਕੰਨੋਂ-ਕੰਨ ਖਬਰ ਨਾ ਹੋਈ ਤੇ ਨਾ ਹੀ ਪ੍ਰੇਮੀ 'ਤੇ ਕਿਸੇ ਨੂੰ ਸ਼ੱਕ ਹੋਇਆ। ਜੇ ਉਹ ਠੇਕੇ 'ਤੇ ਫੜ੍ਹ ਨਾ ਮਾਰਦੇ, ਤਾਂ ਸ਼ਾਇਦ ਕਤਲ ਦਾ ਪਤਾ ਵੀ ਨਹੀਂ ਸੀ ਲੱਗਣਾ।

ਇਸ ਕਤਲ ਤੋਂ ਕਈ ਸਾਲ ਬਾਅਦ ਮੈਂ ਇੱਕ ਸਬ ਡਵੀਜ਼ਨ ਵਿਖੇ ਡੀ.ਐੱਸ.ਪੀ. ਲੱਗਾ ਹੋਇਆ ਸੀ। ਇੱਕ ਦਿਨ ਮੈਂ ਆਪਣੇ ਦਫਤਰ ਬੈਠਾ ਹੋਇਆ ਸੀ ਕਿ ਹਰੀਪੁਰ ਪਿੰਡ (ਕਾਲਪਨਿਕ ਨਾਮ) ਦਾ ਸਰਪੰਚ ਇੱਕ ਬੰਦੇ ਨੂੰ ਲੈ ਕੇ ਦਫਤਰ ਆ ਗਿਆ। ਉਸ ਬੰਦੇ ਦੇ ਹਵਾਸ ਉੱਡੇ ਹੋਏ ਸਨ ਤੇ ਉਹ ਅਰਦਲੀ ਵੱਲੋਂ ਲਿਆਂਦਾ ਪਾਣੀ ਦਾ ਗਲਾਸ ਗਟਾ ਗੱਟ ਪੀ ਗਿਆ। ਮੈਂ ਸਰਪੰਚ ਨੂੰ ਐਵੇਂ ਮਖੌਲ ਕੀਤਾ ਕਿ ਇਹ ਵਿਅਕਤੀ ਐਨਾ ਘਬਰਾਇਆ ਹੋਇਆ ਕਿਉਂ ਹੈ ? ਕੋਈ ਕਤਲ-ਕੁਤਲ ਤਾਂ ਨਹੀਂ ਹੋ ਗਿਆ ? ਸਰਪੰਚ ਨੇ ਦੱਸਿਆ ਕਿ ਇਹ ਆਪਣਾ ਪੁਰਾਣਾ ਘਰ ਢਾਹ ਕੇ ਨਵਾਂ ਬਣਾਉਣ ਲਈ ਨੀਹਾਂ ਪੁੱਟ ਰਿਹਾ ਸੀ ਕਿ ਵਿਹੜੇ ਵਿਚੋਂ ਇਨਸਾਨੀ ਪਿੰਜਰ ਨਿਕਲਿਆ ਹੈ। ਅਸੀਂ ਫੌਰਨ ਮੌਕੇ 'ਤੇ ਪਹੁੰਚ ਗਏ ਤੇ ਵੇਖਿਆ ਕਿ ਇੱਕ ਪਿੰਜਰ ਪਿਆ ਸੀ, ਜਿਸ ਦੇ ਹੱਥ ਪਲਾਸਟਿਕ ਦੀਆਂ ਰੱਸੀਆਂ ਨਾਲ ਪਿੱਛੇ ਬੰਨ੍ਹੇ ਹੋਏ ਸਨ, ਜੋ ਅਜੇ ਵੀ ਪੂਰੀ ਤਰ੍ਹਾਂ ਨਾਲ ਗਲੀਆਂ ਨਹੀਂ ਸਨ। ਅਸਲ ਵਿਚ ਉਹ ਪਿੰਜਰ ਇਸ ਕਾਰਨ ਖਿਲਰਨੋਂ ਬਚ ਗਿਆ ਕਿਉਂਕਿ ਨੀਹਾਂ ਦੀ ਪੁਟਾਈ ਮਜ਼ਦੂਰ ਕਹੀਆਂ ਨਾਲ ਕਰ ਰਹੇ ਸਨ। ਜੇ ਅੱਜ ਵਾਂਗ ਜੇ.ਸੀ. ਬੀ. ਮਸ਼ੀਨ ਹੁੰਦੀ, ਤਾਂ ਉਸ ਦਾ ਪਤਾ ਵੀ ਨਹੀਂ ਸੀ ਲੱਗਣਾ।

ਪੁੱਛਗਿੱਛ ਕਰਨ 'ਤੇ ਉਸ ਵਿਅਕਤੀ ਨੇ ਦੱਸਿਆ ਕਿ ਇਹ ਮਕਾਨ ਉਸ ਨੇ ਅੱਠ-ਨੌਂ ਸਾਲ ਪਹਿਲਾਂ ਦੋ ਭੈਣਾਂ ਨਾਮੋ ਤੇ ਸ਼ਾਮੋ (ਕਾਲਪਨਿਕ ਨਾਮ) ਕੋਲੋਂ ਖਰੀਦਿਆ ਸੀ। ਇਸ 'ਤੇ ਸਰਪੰਚ ਮੈਨੂੰ ਇੱਕ ਪਾਸੇ ਲੈ ਗਿਆ ਤੇ ਭੇਤ ਵਾਲੀ ਗੱਲ ਦੱਸੀ ਕਿ ਇਸ ਘਰ ਵਿਚ ਨਾਮੋ, ਸ਼ਾਮੋ, ਉਨ੍ਹਾਂ ਦੀ ਮਾਂ ਅਤੇ 17-18 ਸਾਲ ਦਾ ਭਰਾ ਅੰਬਾ (ਕਾਲਪਨਿਕ ਨਾਮ) ਰਹਿੰਦੇ ਹੁੰਦੇ ਸਨ। ਉਨ੍ਹਾਂ ਦੀ 8-10 ਏਕੜ ਜ਼ਮੀਨ ਵੀ ਸੀ ਤੇ ਬਾਪ ਦੀ ਬਹੁਤ ਪਹਿਲਾਂ ਮੌਤ ਹੋ ਗਈ ਸੀ। ਨਾਮੋ ਤੇ ਸ਼ਾਮੋ ਵੱਡੀਆਂ ਸਨ ਤੇ ਮਾੜੇ ਕਿਰਦਾਰ ਦੀਆਂ ਸਨ। ਅੰਬਾ ਭਾਵੇਂ ਛੋਟਾ ਸੀ ਪਰ ਪਿੰਡ ਵਾਲਿਆਂ ਦੇ ਤਾਹਨੇ-ਮਿਹਣਿਆਂ ਕਾਰਨ ਉਹ ਉਨ੍ਹਾਂ ਨੂੰ ਕੁੱਟਦਾ ਮਾਰਦਾ ਰਹਿੰਦਾ ਸੀ ਤੇ ਇੱਕ ਦਿਨ ਉਹ ਅਚਾਨਕ ਗਾਇਬ ਹੋ ਗਿਆ। ਨਾਮੋ ਤੇ ਸ਼ਾਮੋ ਨੇ ਖੇਖਣ ਜਿਹੇ ਕਰ ਕੇ ਰੋਣਾ-ਧੋਣਾ ਕੀਤਾ ਤੇ ਥਾਣੇ ਰਿਪੋਰਟ ਦਰਜ਼ ਕਰ ਦਿੱਤੀ। ਪਿੰਡ ਵਾਲਿਆਂ ਨੂੰ ਉਦੋਂ ਹੀ ਸ਼ੱਕ ਸੀ ਕਿ ਅੰਬੇ ਨੂੰ ਇਨ੍ਹਾਂ ਦੋਵਾਂ ਭੈਣਾਂ ਨੇ ਹੀ ਗਾਇਬ ਕੀਤਾ ਹੈ ਪਰ ਉਨ੍ਹਾਂ ਬਦਮਾਸ਼ ਜਨਾਨੀਆਂ ਤੋਂ ਡਰਦੇ ਮਾਰੇ ਨਾ ਤਾਂ ਪਿੰਡ ਵਾਲੇ ਬੋਲੇ ਤੇ ਨਾ ਹੀ ਉਨ੍ਹਾਂ ਦੀ ਮਾਂ। ਪੁਲਿਸ ਨੇ ਗੁੰਮਸ਼ਦਗੀ ਦੀ ਰਿਪੋਰਟ ਦਰਜ਼ ਕਰ ਦਿੱਤੀ ਤੇ ਸਾਰੇ ਇਸ ਕੇਸ ਬਾਰੇ ਭੁੱਲ ਭੁਲਾ ਗਏ।

ਦੋ-ਚਾਰ ਮਹੀਨਿਆਂ ਵਿਚ ਹੀ ਨਾਮੋ ਤੇ ਸ਼ਾਮੋ ਨੇ ਆਪਣੇ ਪ੍ਰੇਮੀਆਂ ਨਾਲ ਵਿਆਹ ਕਰਾ ਲਏ ਤੇ ਜ਼ਮੀਨ ਸਮੇਤ ਘਰ ਵੇਚ ਵੱਟ ਕੇ ਆਪਣੀ ਮਾਂ ਨੂੰ ਨਾਲ ਹੀ ਲੈ ਗਈਆਂ। ਆਪਣੇ ਪੁੱਤ ਦੇ ਵਿਯੋਗ ਵਿਚ ਲਾਚਾਰ ਮਾਂ ਵੀ ਸਾਲ ਕੁ ਬਾਅਦ ਹੀ ਮਰ ਗਈ ਜਾਂ ਉਨ੍ਹਾਂ ਨੇ ਮਾਰ ਦਿੱਤੀ। ਸਰਪੰਚ ਨੇ ਕਿਹਾ ਕਿ ਉਸ ਨੂੰ ਪੱਕਾ ਸ਼ੱਕ ਹੈ ਕਿ ਇਹ ਲਾਸ਼ ਅੰਬੇ ਦੀ ਹੈ ਕਿਉਂਕਿ ਜਿੱਥੇ ਨੀਹਾਂ ਪੁੱਟੀਆਂ ਜਾ ਰਹੀਆਂ ਸਨ, ਉਥੇ ਪਹਿਲਾਂ ਕੱਚਾ ਵਿਹੜਾ ਹੁੰਦਾ ਸੀ। ਜਦੋਂ ਨਾਮੋ ਤੇ ਸ਼ਾਮੋ ਨੂੰ ਪਕੜ ਕੇ ਥਾਣੇ ਲਿਆਂਦਾ ਗਿਆ, ਤਾਂ ਉਨ੍ਹਾਂ ਨੂੰ ਯਕੀਨ ਨਾ ਆਵੇ ਕਿ ਨੌਂ-ਦਸ ਸਾਲ ਪਹਿਲਾਂ ਦੱਬੀ ਭਰਾ ਦੀ ਲਾਸ਼ ਨੇ ਉਨ੍ਹਾਂ ਨੂੰ ਫਸਾ ਦਿੱਤਾ ਹੈ। ਉਹ ਥੋੜ੍ਹੀ ਜਿਹੀ ਸਖਤੀ ਨਾਲ ਹੀ ਮੰਨ ਗਈਆਂ ਕਿ ਉਨ੍ਹਾਂ ਨੇ ਪਹਿਲਾਂ ਨੀਂਦ ਦੀਆਂ ਗੋਲੀਆਂ ਚਾਹ ਵਿਚ ਪਾ ਕੇ ਅੰਬੇ ਨੂੰ ਦਿੱਤੀਆਂ ਸਨ, ਫਿਰ ਗਲ ਘੁੱਟ ਕੇ ਉਸ ਦੀ ਹੱਤਿਆ ਕਰ ਦਿੱਤੀ। ਲਾਸ਼ ਨੂੰ ਦਬਾਉਣ ਦਾ ਕੰਮ ਜ਼ਮੀਨ ਦੇ ਲਾਲਚ ਵਿਚ ਉਨ੍ਹਾਂ ਦੇ ਪ੍ਰੇਮੀਆਂ ਨੇ ਕੀਤਾ ਸੀ, ਜੋ ਉਨ੍ਹਾਂ ਦੇ ਮੌਜੂਦਾ ਪਤੀ ਸਨ। ਪਿੰਡ ਦਾ ਕੋਈ ਬੰਦਾ ਗਵਾਹੀ ਦੇਣ ਲਈ ਤਿਆਰ ਨਾ ਹੋਇਆ, ਜਿਸ ਕਾਰਨ ਮੈਂ ਡੀ.ਐੱਨ.ਏ. ਟੈਸਟ ਕਰਾ ਕੇ ਕੇਸ ਤਿਆਰ ਕੀਤਾ, ਜਿਸ ਦੀ ਬਿਨਾ 'ਤੇ ਚਾਰਾਂ ਨੂੰ ਸੈਸ਼ਨ ਕੋਰਟ ਤੋਂ ਉਮਰ ਕੈਦ ਦੀ ਸਜ਼ਾ ਸੁਣਾਈ ਗਈ।



# ਕਰਮਨ ਸ਼ਹਿਰ ਦੇ ਦੋਸਾਂਝ ਪਰਿਵਾਰ ਦਾ ਨਾਂ ਰੌਸ਼ਨ ਕੀਤਾ ਧੀਆਂ ਏਕਨੂਰ ਅਤੇ ਨਿਮਰਤ ਨੇ

## "ਛੋਟੀ ਉਮਰੇ ਬਣੀਆਂ ਅੰਤਰਰਾਸ਼ਟਰੀ ਖਿਡਾਰਨਾਂ"

**ਫਰਿਜ਼ਨੋ, (ਧਾਲੀਆਂ/ਮਾਛੀਕੇ/ਪੰਜਾਬ ਮੇਲ)**- ਬੱਚਿਆਂ ਦੇ ਵਿਕਾਸ ਲਈ ਪੜ੍ਹਾਈ ਅਤੇ ਖੇਡਾਂ ਬਹੁਤ ਜ਼ਰੂਰੀ ਹਨ। ਇਹੀ ਕਾਰਨ ਹੈ ਕਿ ਦੁਨੀਆਂ ਭਰ ਦੇ ਸਕੂਲਾਂ ਵਿਚ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵੱਲ ਵੀ ਪ੍ਰੇਰਿਤ ਕੀਤਾ ਜਾਂਦਾ ਹੈ। ਇਸੇ ਪ੍ਰੇਰਨਾ ਸਦਕਾ ਸੈਂਟਰਲ ਵੈਲੀ ਦੇ ਸ਼ਹਿਰ ਕਰਮਨ ਨਿਵਾਸੀ ਹਰਪਿੰਦਰ ਸਿੰਘ ਦੋਸਾਂਝ ਅਤੇ ਹਰਿੰਦਰ ਕੌਰ ਦੋਸਾਂਝ ਦੀਆਂ ਛੋਟੀ ਉਮਰੇ ਦੋਨੋਂ ਧੀਆਂ ਜਿੱਥੇ ਪੜ੍ਹਾਈ ਵਿਚ ਉੱਚੇ ਗਰੇਡ ਹਾਸਲ ਕਰ ਰਹੀਆਂ ਹਨ, ਉੱਥੇ ਖੇਡਾਂ ਵਿਚ ਵੀ ਅੱਵਲ ਦਰਜੇ ਦੀਆਂ ਖਿਡਾਰਨਾਂ ਹਨ। ਜਿਨ੍ਹਾਂ ਦੀ ਚੋਣ ਸਵੀਡਨ ਵਿਚ ਹੋਣ ਵਾਲੇ ਅੰਤਰਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਲਈ ਹੋਈ ਹੈ। ਇਹ ਯੂਰਪ ਵਿਚ ਸੌਕਰ (ਫੁੱਟਬਾਲ) ਦੇ ਦੋ ਟੂਰਨਾਮੈਂਟ ਖੇਡਣਗੀਆਂ।

ਏਕਨੂਰ ਦੋਸਾਂਝ 13 ਸਾਲ ਦੀ ਹੈ, ਜੋ ਕਰਮਨ ਮਿਡਲ ਸਕੂਲ ਦੀ ਵਿਦਿਆਰਥਣ ਹੈ। ਉਹ ਇਸ ਤੋਂ ਪਹਿਲਾਂ ਵੀ ਮਿਡਲ ਸਕੂਲ ਲਈ ਆਪਣੀ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰ ਚੁੱਕੀ ਹੈ, ਜਦਕਿ ਨਿਮਰਤ ਦੋਸਾਂਝ ਦੀ ਉਮਰ 11 ਸਾਲ ਦੀ ਹੈ। ਉਹ ਦੋਵੇਂ ਧੀਆਂ ਫਰਿਜ਼ਨੋ ਵਿਚ ਇੱਕ ਕਲੱਬ ਲਈ ਖੇਡਦੀਆਂ ਹਨ। ਇਸ ਸਪੋਰਟਸ ਕਲੱਬ ਨੂੰ 'ਫਰਿਜ਼ਨੋ ਹੀਟ' ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਉਨ੍ਹਾਂ ਦੇ ਪਿਤਾ ਹਰਪਿੰਦਰ ਨੇ ਖੁਸ਼ੀ ਪ੍ਰਗਟ ਕਰਦੇ ਹੋਏ ਦੱਸਿਆ ਕਿ ਸਭ ਤੋਂ ਵੱਡੀ ਧੀ ਏਕਨੂਰ ਦੋਸਾਂਝ ਕਰਮਨ ਮਿਡਲ ਸਕੂਲ ਜਾਂਦੀ ਹੈ ਅਤੇ ਛੋਟੀ ਧੀ ਨਿਮਰਤ ਦੋਸਾਂਝ ਲਿਬਰਟੀ ਐਲੀਮੈਂਟਰੀ ਸਕੂਲ ਜਾਂਦੀ ਹੈ। ਸਾਨ ਫਰਾਂਸਿਸਕੋ ਵਿਚ ਟਰਾਈਆਊਟ ਦੁਆਰਾ ਰਾਸ਼ਟਰੀ ਸੌਕਰ (ਫੁੱਟਬਾਲ) ਅਕੈਡਮੀ ਲਈ ਚੁਣਿਆ ਗਿਆ। ਏਕਨੂਰ 13 ਸਾਲ ਅਤੇ ਅੰਡਰ ਟੀਮ ਵਿਚ ਖੇਡ ਰਹੀ ਹੈ ਅਤੇ ਨਿਮਰਤ 12 ਸਾਲ ਅਤੇ ਅੰਡਰ ਟੀਮ ਵਿਚ ਖੇਡ ਰਹੀ ਹੈ।

ਅੱਗੇ ਉਨਾਂ ਦੱਸਿਆ ਕਿ ਯੂਰਪ ਵਿਚ ਇਨ੍ਹਾਂ ਨੇ ਦੋ ਟੂਰਨਾਮੈਂਟ ਖੇਡਣੇ ਹਨ। ਸਵੀਡਨ ਵਿਚ 'ਗੋਥੀਆ ਕੱਪ' ਯੂਰਪ ਦੇ ਸਭ ਤੋਂ ਵੱਡੇ ਟੂਰਨਾਮੈਂਟਾਂ ਵਿਚੋਂ ਇੱਕ ਹੈ, ਜਿਸ ਵਿਚ 85 ਦੇਸ਼ਾਂ ਦੀਆਂ 1900 ਤੋਂ ਵੱਧ ਟੀਮਾਂ ਹਿੱਸਾ ਲੈ ਰਹੀਆਂ ਹਨ। ਇਸ ਤੋਂ ਇਲਾਵਾ ਡੈਨਮਾਰਕ ਵਿਚ 'ਡੋਨਾ ਕੱਪ' ਜਿਸ ਵਿਚ 1000 ਤੋਂ ਵੱਧ ਟੀਮਾਂ ਹਿੱਸਾ ਲੈ ਰਹੀਆਂ ਹਨ। ਇਨ੍ਹਾਂ ਦੋਨੋ ਟੂਰਨਾਮੈਂਟਾਂ ਵਿਚ 'ਨੈਸ਼ਨਲ ਸੌਕਰ ਅਕੈਡਮੀ' ਅਮਰੀਕਾ ਵੱਲੋਂ ਖੇਡਣਗੀਆਂ।

ਅਸੀਂ ਇਸ ਮਹੀਨੇ ਹੋਣ ਵਾਲੇ ਅੰਤਰਰਾਸ਼ਟਰੀ ਪੱਧਰ ਦੇ ਇਨ੍ਹਾਂ ਦੋਨਾਂ ਟੂਰਨਾਮੈਂਟਾਂ ਵਿਚ ਸ਼ਾਮਲ ਹੋਣ ਲਈ ਵਧਾਈ ਦਿੰਦੇ ਹਾਂ ਅਤੇ ਅਰਦਾਸ ਕਰਦੇ ਹਾਂ ਕਿ ਇਹ ਦੋਨੋ ਧੀਆਂ ਆਪਣੀ ਟੀਮ ਸਮੇਤ ਹਮੇਸ਼ਾ ਵਾਂਗ ਚੰਗੀ ਖੇਡ ਦਾ ਪ੍ਰਦਰਸ਼ਨ ਕਰਨਗੀਆਂ, ਜਿਸ ਨਾਲ ਦੋਸਾਂਝ ਪਰਿਵਾਰ ਦਾ ਮਾਣ ਵਧੇਗਾ ਅਤੇ ਅਮਰੀਕਾ ਦਾ ਝੰਡਾ ਬੁਲੰਦ ਹੋਵੇਗਾ।





# ਸਾਹਿਤਕ ਮੰਚ ਜਾਂ ਸ਼ਿਕਾਰ ਬਾਜ਼ਾਰ?

## ਇੱਕ ਨਵਾਂ ਲੇਖਕ ਆਇਆ ਹੈ - ਅਤੇ ਬਾਜ਼ਾਰ ਦੇ ਗਿਰਝ ਜਾਗ ਪਏ ਹਨ।

*ਨਵੀਆਂ ਔਰਤ ਲੇਖਕਾਂ ਦੇ ਉਭਾਰ ਨਾਲ, ਸਾਹਿਤਕ ਬਾਜ਼ਾਰਾਂ ਵਿਚ ਉਨ੍ਹਾਂ ਦੀ ਸਿਰਜਣਾਤਮਕਤਾ ਦੀ ਬਜਾਏ ਉਨ੍ਹਾਂ ਦੇ ਸਰੀਰ, ਉਮਰ ਅਤੇ ਮੁਸਕਰਾਹਟ ਦਾ ਜਿਸ ਤਰ੍ਹਾਂ ਵਪਾਰ ਕੀਤਾ ਜਾਂਦਾ ਹੈ, ਉਹ ਇੱਕ ਡੂੰਘਾ ਅਤੇ ਸ਼ਰਮਨਾਕ ਸੱਚ ਹੈ। ਸਟੇਜ, ਆਲੋਚਨਾ, ਭੂਮਿਕਾ, ਸਤਿਕਾਰ - ਸਭ ਕੁਝ ਇੱਕ ਜਾਲ ਬਣ ਜਾਂਦਾ ਹੈ। ਇਹ ਸੰਪਾਦਕੀ ਔਰਤਾਂ ਦੀ ਲਿਖਤ ਦੇ ਨਾਮ 'ਤੇ ਚੱਲ ਰਹੇ ਪਖੰਡੀ ਸਿਸਟਮ ਨੂੰ ਸ਼ੀਸ਼ਾ ਦਿਖਾਉਂਦੀ ਹੈ, ਜਿੱਥੇ ਲੇਖਕ ਦੀ 'ਮੌਜੂਦਗੀ' ਉਸਦੀ ਕਲਮ ਨਾਲੋਂ ਵੱਧ ਵਿਕਦੀ ਹੈ। ਹੁਣ ਸਮਾਂ ਆ ਗਿਆ ਹੈ ਕਿ ਸਾਹਿਤਕ ਜਗਤ ਇਸ ਅੰਦਰੂਨੀ ਸ਼ੋਸ਼ਣ ਨੂੰ ਪਛਾਣੇ ਅਤੇ ਇਸਨੂੰ ਬਦਲਣ ਦੀ ਹਿੰਮਤ ਜੁਟਾਏ। -ਪ੍ਰਿਯੰਕਾ ਸੌਰਭ*



ਪ੍ਰਿਯੰਕਾ ਸੌਰਭ
ਹਰਿਆਣਾ
ਮੋਬਾਇਲ : 70153-75570
(ਗੱਲਬਾਤ + ਵਟਸਐਪ)
ਪੰਜਾਬ ਮੇਲ USA


ਜਿਵੇਂ ਹੀ ਕੋਈ ਨਵੀਂ ਲੇਖਕ ਸਾਹਿਤਕ ਖੇਤਰ ਵਿਚ ਪ੍ਰਵੇਸ਼ ਕਰਦੀ ਹੈ, ਇੱਕ ਤਿਉਹਾਰ ਵਾਲਾ ਮਾਹੌਲ ਬਣ ਜਾਂਦਾ ਹੈ। ਉਹ ਇੱਕ ਕਲਮ ਲੈ ਕੇ ਆਈ ਹੈ - ਸ਼ਬਦਾਂ ਨੂੰ ਜੀਵਨ ਦੇਣ ਲਈ, ਅਨੁਭਵ ਸਾਂਝੇ ਕਰਨ ਲਈ ਅਤੇ ਭਾਵਨਾਵਾਂ ਨੂੰ ਆਵਾਜ਼ ਦੇਣ ਲਈ। ਪਰ ਕੀ ਸਿਰਫ਼ ਸ਼ਬਦਾਂ ਦੀ ਸ਼ਕਤੀ ਹੀ ਇਸ ਦੁਨੀਆਂ ਵਿਚ ਜਿਉਂਦੇ ਰਹਿਣ ਲਈ ਕਾਫ਼ੀ ਹੈ?

ਨਹੀਂ। ਇਸ ਬਾਜ਼ਾਰ ਵਿਚ, ਕੋਈ ਲਿਖਣ ਤੋਂ ਪਹਿਲਾਂ ਆਪਣੇ ਚਿਹਰੇ ਨੂੰ ਵੇਖਦਾ ਹੈ। ਕੋਈ ਕਿਤਾਬ ਲਿਖਣ ਤੋਂ ਪਹਿਲਾਂ ਆਪਣੀ ਉਮਰ ਬਾਰੇ ਪੁੱਛਦਾ ਹੈ। ਕਿਸੇ ਦੇ ਵਿਚਾਰਾਂ ਤੋਂ ਪਹਿਲਾਂ ਆਪਣੀ ਬੋਲੀ ਅਤੇ ਮੁਸਕਰਾਹਟ ਦੀ ਚਰਚਾ ਕੀਤੀ ਜਾਂਦੀ ਹੈ ਅਤੇ ਬਦਕਿਸਮਤੀ ਨਾਲ, ਇਹ ਉਹ ਬਿੰਦੂ ਹੈ, ਜਿੱਥੇ ਸਾਹਿਤਕ ਖੇਤਰ ਦਾ ਹਨੇਰਾ ਸੱਚ ਉਭਰਦਾ ਹੈ।

ਅੱਜ ਵੀ ਦੇਸ਼ ਦੇ ਸਾਰੇ ਸਾਹਿਤਕ ਮੰਚਾਂ, ਸੈਮੀਨਾਰਾਂ ਅਤੇ ਰਸਾਲਿਆਂ ਵਿਚ, ਇੱਕ ਔਰਤ ਲੇਖਕ ਨੂੰ 'ਸਿਰਜਣਹਾਰ' ਨਾਲੋਂ 'ਸੁੰਦਰਤਾ' ਵਧੇਰੇ ਮੰਨਿਆ ਜਾਂਦਾ ਹੈ। ਬਜ਼ੁਰਗਾਂ ਦੇ ਪ੍ਰਸ਼ੰਸਾ ਦੇ ਸ਼ਬਦਾਂ ਵਿਚ ਪ੍ਰਸ਼ੰਸਾ ਨਾਲੋਂ 'ਸੰਕੇਤ' ਜ਼ਿਆਦਾ ਹੁੰਦੇ ਹਨ। ਸਟੇਜ 'ਤੇ ਸੱਦਾ ਸਿਰਫ਼ ਕਵਿਤਾ ਸੁਣਾਉਣ ਲਈ ਨਹੀਂ ਹੈ, ਸਗੋਂ ਇਹ ਉਸ 'ਜਵਾਨੀ' ਊਰਜਾ ਨੂੰ ਕੈਸ਼ ਕਰਨ ਦੀ ਇੱਕ ਚਲਾਕੀ ਭਰੀ ਕੋਸ਼ਿਸ਼ ਹੈ।

ਬਹੁਤ ਸਾਰੇ ਲੋਕ ਕਹਿੰਦੇ ਹਨ, "ਤੁਸੀਂ ਬਹੁਤ ਵਧੀਆ ਲਿਖਦੇ ਹੋ।" ਪਰ ਉਨ੍ਹਾਂ ਵਿਚੋਂ ਬਹੁਤਿਆਂ ਦੀਆਂ ਅੱਖਾਂ ਵਿਚ ਭੁੱਖ ਹੁੰਦੀ ਹੈ, ਸ਼ਬਦਾਂ ਵਿਚ ਨਹੀਂ। ਸੈਮੀਨਾਰ ਤੋਂ ਬਾਅਦ ਦੀਆਂ ਪਾਰਟੀਆਂ ਵਿਚ, ਸਰੀਰ ਦਾ ਮੁਲਾਂਕਣ ਕੀਤਾ ਜਾਂਦਾ ਹੈ, ਕਵਿਤਾ ਦਾ ਨਹੀਂ ਅਤੇ ਜੋ ਲੇਖਕ ਇਸ ਸਭ ਨੂੰ 'ਨਹੀਂ' ਕਹਿੰਦਾ ਹੈ, ਉਸਨੂੰ 'ਹੰਕਾਰੀ', 'ਸਹਿਯੋਗੀ' ਅਤੇ 'ਰੁੱਖਾ' ਕਿਹਾ ਜਾਂਦਾ ਹੈ।

ਸਾਹਿਤ ਦਾ ਇਹ ਬਾਜ਼ਾਰ ਉਸ ਬੌਧਿਕ ਆਜ਼ਾਦੀ ਦਾ ਕਬਰਸਤਾਨ ਬਣ ਗਿਆ ਹੈ, ਜਿਸਦਾ ਸੁਪਨਾ ਬਹੁਤ ਸਾਰੀਆਂ ਔਰਤਾਂ ਆਪਣੀਆਂ ਕਲਮਾਂ ਚੁੱਕਦੇ ਸਮੇਂ ਲੈਂਦੀਆਂ ਹਨ। ਨਵੇਂ ਲੇਖਕਾਂ ਨੂੰ ਚੁੱਪੀ ਮਿਲਦੀ ਹੈ, ਪਲੇਟਫਾਰਮ ਨਹੀਂ। ਉਨ੍ਹਾਂ ਨੂੰ ਸ਼ੱਕ ਮਿਲਦਾ ਹੈ, ਸਮਰਥਨ ਨਹੀਂ। ਉਸਦੇ ਹਰ ਸ਼ਬਦ ਪਿੱਛੇ ਇਰਾਦਾ ਲੱਭਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, "ਤੁਸੀਂ ਕਿਸ ਲਈ ਲਿਖਿਆ?", "ਕਿਸ ਦੀ ਸਲਾਹ 'ਤੇ?", "ਕਿਸ ਇਰਾਦੇ ਨਾਲ?"

ਇਹ ਉਹੀ ਸਮਾਜ ਹੈ, ਜੋ ਇੱਕ ਪਾਸੇ 'ਮੀ ਟੂ' ਲਹਿਰ 'ਤੇ ਅਖ਼ਬਾਰਾਂ ਵਿਚ ਕਾਲਮ ਲਿਖਦਾ ਹੈ ਅਤੇ ਦੂਜੇ ਪਾਸੇ ਸਾਹਿਤਕ ਕਾਨਫਰੰਸਾਂ ਵਿਚ ਨੌਜਵਾਨ ਔਰਤ ਲੇਖਕਾਂ ਨੂੰ ਇਕੱਲਿਆਂ ਬੁਲਾਉਣ ਅਤੇ ਉਨ੍ਹਾਂ ਨੂੰ "ਨਿੱਜੀ ਮਾਰਗਦਰਸ਼ਨ" ਦੇਣ ਲਈ ਤਿਆਰ ਹੈ।



ਇਸ ਮਾਨਸਿਕਤਾ ਨੇ ਨਾ ਸਿਰਫ਼ ਨਵੀਆਂ ਪ੍ਰਤਿਭਾਵਾਂ ਨੂੰ ਕੁਚਲਿਆ ਹੈ, ਸਗੋਂ ਸਾਹਿਤ ਵਿਚ ਔਰਤਾਂ ਦੇ ਵਿਸ਼ਵਾਸ ਨੂੰ ਵੀ ਤੋੜ ਦਿੱਤਾ ਹੈ, ਜਿਨ੍ਹਾਂ ਨੇ ਲਿਖਣ ਦੀ ਦੁਨੀਆਂ ਨੂੰ ਆਪਣਾ ਘਰ ਬਣਾਉਣਾ ਸੀ, ਉਨ੍ਹਾਂ ਲਈ ਦਰਵਾਜ਼ੇ ਬੰਦ ਹੋ ਜਾਂਦੇ ਹਨ, ਜੇਕਰ ਉਹ 'ਸਮਝੌਤਾ' ਨਹੀਂ ਕਰਦੀਆਂ।

ਇਤਿਹਾਸ ਇਸ ਗੱਲ ਦਾ ਗਵਾਹ ਹੈ - ਅੰਮ੍ਰਿਤਾ ਪ੍ਰੀਤਮ, ਮਹਾਦੇਵੀ ਵਰਮਾ, ਮੰਨੂ ਭੰਡਾਰੀ, ਮ੍ਰਿਣਾਲ ਪਾਂਡੇ, ਵੰਦਨਾ ਰਾਗ ਵਰਗੇ ਲੇਖਕਾਂ ਨੇ ਨਾ ਸਿਰਫ਼ ਆਪਣੀਆਂ ਕਲਮਾਂ ਦੀ ਵਰਤੋਂ ਕੀਤੀ, ਬਲਕਿ ਸਾਹਿਤਕ ਜਗਤ ਵਿਚ ਆਪਣਾ ਘਰ ਬਣਾਉਣ ਵਾਲੀ ਪਿਤਰਸੱਤਾ ਦੇ ਵਿਰੁੱਧ ਵੀ ਲਿਖਿਆ। ਉਨ੍ਹਾਂ ਨੇ ਇਸ ਰਸਤੇ ਨੂੰ ਸੰਘਰਸ਼ਾਂ ਨਾਲ ਸਿੰਜਿਆ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਚੇਤਨਾ ਛੱਡੀ।

ਪਰ ਸਵਾਲ ਅਜੇ ਵੀ ਬਣਿਆ ਹੋਇਆ ਹੈ - ਅੱਜ ਵੀ ਇੱਕ ਨਵੀਂ ਔਰਤ ਲੇਖਕ ਨੂੰ ਆਪਣੀ ਇੱਜ਼ਤ ਦੀ ਰੱਖਿਆ ਲਈ ਚੁੱਪ ਕਿਉਂ ਰਹਿਣਾ ਪੈਂਦਾ ਹੈ ਜਾਂ ਲੜਨਾ ਪੈਂਦਾ ਹੈ? 'ਔਰਤਾਂ ਦੀ ਲਿਖਤ' ਅਜੇ ਵੀ ਸੀਨੀਅਰ ਪੁਰਸ਼ ਲੇਖਕਾਂ ਲਈ 'ਆਸਾਨ ਨਿਸ਼ਾਨਾ' ਕਿਉਂ ਬਣੀ ਹੋਈ ਹੈ?

ਕਈ ਵਾਰ, ਇੱਕ ਔਰਤ ਲੇਖਕ ਦੀ ਲਿਖਣ ਸ਼ੈਲੀ ਨੂੰ ਮਰਦਾਂ ਦੇ ਨਿਯਮਾਂ ਅਨੁਸਾਰ ਢਾਲਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। "ਘੱਟ ਹਮਲਾਵਰ ਲਿਖੋ, ਵਧੇਰੇ ਸੰਵੇਦਨਸ਼ੀਲ ਬਣੋ, ਰੋਮਾਂਟਿਕ ਕਵਿਤਾਵਾਂ ਦੀ ਜ਼ਿਆਦਾ ਕਦਰ ਕੀਤੀ ਜਾਂਦੀ ਹੈ" - ਇਹ 'ਗੁਰੂਆਂ' ਦੀਆਂ ਸਲਾਹਾਂ ਹਨ, ਜੋ ਨਵੇਂ ਨਾਮ ਸਿਖਾਉਂਦੇ ਹਨ। ਪਰ ਸੱਚਾਈ ਇਹ ਹੈ ਕਿ ਇਹ 'ਅਨੁਕੂਲਤਾ' ਦੀ ਮੰਗ ਨਹੀਂ ਹੈ, ਸਗੋਂ 'ਪ੍ਰੇਰਣਾ' ਦੀ ਮੰਗ ਹੈ।

ਇਸਦਾ ਇੱਕ ਹੋਰ ਪਹਿਲੂ ਵੀ ਹੈ - ਜਦੋਂ ਇੱਕ ਔਰਤ ਲੇਖਕ ਸਫਲ ਹੁੰਦੀ ਹੈ, ਤਾਂ ਉਸਦੀ ਸਫਲਤਾ ਦਾ ਸਿਹਰਾ ਉਸਦੇ 'ਪੁਰਸ਼ ਸਲਾਹਕਾਰ' ਨੂੰ ਦਿੱਤਾ ਜਾਂਦਾ ਹੈ। ਜਿਵੇਂ ਕਿ ਉਸਦੀ ਪ੍ਰਤਿਭਾ ਉਸਦੀ ਆਪਣੀ ਨਹੀਂ ਸੀ, ਸਗੋਂ ਕਿਸੇ ਦੇ 'ਸੰਪਰਕਾਂ' ਅਤੇ 'ਸਰਪ੍ਰਸਤੀ' ਦੁਆਰਾ ਪ੍ਰਾਪਤ ਕੀਤੀ ਗਈ ਸੀ।

ਅਤੇ ਜਦੋਂ ਉਹ ਇਨ੍ਹਾਂ ਗੱਲਾਂ ਤੋਂ ਇਨਕਾਰ ਕਰਦੀ ਹੈ - ਤਾਂ ਇਹ ਉਸਦੀਆਂ ਕਵਿਤਾਵਾਂ ਦੀ ਸਮੀਖਿਆ ਨਹੀਂ ਹੁੰਦੀ, ਸਗੋਂ ਉਸਦੇ ਕਿਰਦਾਰ ਦੀ ਹੁੰਦੀ ਹੈ। ਇਹ ਦੋਹਰਾ ਮਾਪਦੰਡ ਇਸ ਬਾਜ਼ਾਰ ਦੀ ਰੀੜ੍ਹ ਦੀ ਹੱਡੀ ਬਣ ਗਿਆ ਹੈ।

ਹੁਣ ਇਸ ਸਿਸਟਮ 'ਤੇ ਸਵਾਲ ਉਠਾਉਣ ਦੀ ਲੋੜ ਹੈ।

ਹੁਣ ਹਰ ਨਵੇਂ ਲੇਖਕ ਨੂੰ ਆਪਣੀ ਕਵਿਤਾ ਵਿਚ ਇਹ ਲਿਖਣ ਦੀ ਲੋੜ ਹੈ, "ਮੈਂ ਕੋਈ ਗੁਲਾਬ ਨਹੀਂ ਹਾਂ, ਜੋ ਸਿਰਫ਼ ਸਜਾਉਣ ਲਈ ਖਿੜਿਆ ਹੈ - ਮੈਂ ਉਹ ਕੰਡਾ ਹਾਂ, ਜੋ ਤੁਹਾਡੇ ਇਰਾਦਿਆਂ ਨੂੰ ਪਾੜ ਦੇਵੇਗਾ।"

ਲੇਖਕਾਂ ਨੂੰ ਇੱਕ ਦੂਜੇ ਦੀ ਆਵਾਜ਼ ਬਣਨ ਦੀ ਲੋੜ ਹੈ। ਇੱਕ ਮੰਚ ਸਾਂਝਾ ਕਰਨ ਤੋਂ ਵੱਧ, ਉਨ੍ਹਾਂ ਨੂੰ ਇੱਕ ਜਗ੍ਹਾ ਸਾਂਝੀ ਕਰਨ ਦੀ ਲੋੜ ਹੈ, ਜਿੱਥੇ ਉਹ ਇੱਕ ਦੂਜੇ ਦੀ ਗੱਲ ਸੁਣਦੇ ਹਨ, ਇੱਕ ਦੂਜੇ ਦਾ ਸਮਰਥਨ ਕਰਦੇ ਹਨ ਅਤੇ ਕਦੇ ਵੀ ਕਿਸੇ ਨੂੰ ਇਕੱਲਾ ਨਹੀਂ ਛੱਡਦੇ।

ਪ੍ਰਕਾਸ਼ਕ, ਸੰਪਾਦਕ, ਪ੍ਰਬੰਧਕ - ਹੁਣ ਤੁਹਾਡੇ ਲਈ ਵੀ ਇੱਕ ਚੇਤਾਵਨੀ ਹੈ। ਜੇਕਰ ਤੁਸੀਂ ਆਪਣੀਆਂ ਨੀਤੀਆਂ ਨੂੰ ਸਾਫ਼ ਨਹੀਂ ਕੀਤਾ, ਤਾਂ ਇਹ ਕਲਮਾਂ ਤੁਹਾਡਾ ਨਾਮ ਸਿਆਹੀ ਨਾਲ ਨਹੀਂ, ਸਗੋਂ ਅੱਗ ਨਾਲ ਲਿਖਣਗੀਆਂ।

ਇਹ ਬਾਜ਼ਾਰ, ਜੋ ਕਦੇ ਵਿਚਾਰਾਂ ਦਾ ਬਾਜ਼ਾਰ ਸੀ, ਅੱਜ ਇੱਕ ਬਾਜ਼ਾਰ ਬਣ ਗਿਆ ਹੈ - ਜਿੱਥੇ 'ਔਰਤਾਂ ਦੀ ਮੌਜੂਦਗੀ' ਵਿਕਦੀ ਹੈ, 'ਲਿਖਣਾ' ਨਹੀਂ।

ਪਰ ਇਹ ਬਾਜ਼ਾਰ ਵੀ ਇੱਕ ਦਿਨ ਢਹਿ ਜਾਵੇਗਾ, ਜਦੋਂ ਹਰ ਲੇਖਕ ਆਪਣੇ ਅੰਦਰੂਨੀ ਡਰ ਨੂੰ ਦੂਰ ਕਰੇਗਾ ਅਤੇ ਸਿਰਫ਼ ਕਵਿਤਾ ਹੀ ਨਹੀਂ, ਸਗੋਂ ਮੰਚ 'ਤੇ ਆਪਣੇ ਹੱਕਾਂ ਦੀ ਮੰਗ ਕਰੇਗਾ।

"ਮੇਰੇ ਸ਼ਬਦ ਮੇਰੇ ਬੁੱਲ੍ਹਾਂ ਤੋਂ ਨਹੀਂ, ਸਗੋਂ ਮੇਰੀ ਆਤਮਾ ਤੋਂ ਆਉਂਦੇ ਹਨ ਅਤੇ ਤੁਸੀਂ ਮੇਰੀ ਆਤਮਾ ਨੂੰ ਲਤਾੜ ਦਿੱਤਾ ਹੈ, ਇਸ ਲਈ ਇਹ ਕਲਮ ਹੁਣ ਚੁੱਪ ਨਹੀਂ ਰਹੇਗੀ।"

# ਖਣਿਜਾਂ ਵਿਚ ਛੁਪੀ ਭੂ-ਰਾਜਨੀਤੀ


-ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ, ਐਜੂਕੇਸ਼ਨਲ
ਕਾਲਮਨਵੀਸ, ਮਲੋਟ (ਪੰਜਾਬ)
ਪੰਜਾਬ ਮੇਲ USA



ਦੁਰਲੱਭ ਧਰਤੀ ਦੇ ਤੱਤਾਂ ਬਾਰੇ ਮੌਜੂਦਾ ਵਿਸ਼ਵ ਰਾਜਨੀਤੀ ਇੱਕ ਨਿਰਣਾਇਕ ਮੋੜ 'ਤੇ ਪਹੁੰਚ ਗਈ ਹੈ। ਇਹ ਤੱਤ ਨਾ ਸਿਰਫ਼ ਤਕਨੀਕੀ ਉਪਕਰਣਾਂ ਦਾ ਆਧਾਰ ਹਨ, ਸਗੋਂ ਇਨ੍ਹਾਂ ਰਾਹੀਂ ਵਿਸ਼ਵ ਸ਼ਕਤੀ ਸੰਤੁਲਨ ਵੀ ਪ੍ਰਭਾਵਿਤ ਹੋ ਰਿਹਾ ਹੈ। ਅਮਰੀਕਾ ਅਤੇ ਚੀਨ ਵਿਚਕਾਰ ਹਾਲ ਹੀ ਵਿਚ ਹੋਇਆ ਵਪਾਰ ਟਕਰਾਅ ਇਸਦਾ ਸਬੂਤ ਹੈ। ਇਸ ਤੋਂ ਪਹਿਲਾਂ ਜੇਨੇਵਾ ਵਿਚ ਇਸ ਬਾਰੇ ਇੱਕ ਸਮਝੌਤਾ ਹੋਇਆ ਸੀ, ਪਰ ਅਮਰੀਕਾ ਵੱਲੋਂ ਹੁਆਵੇਈ ਦੇ ਸੈਮੀਕੰਡਕਟਰ ਚਿੱਪ 'ਤੇ ਪਾਬੰਦੀ ਲਗਾਉਣ ਤੋਂ ਬਾਅਦ ਇਹ ਟੁੱਟ ਗਿਆ। ਜਵਾਬ ਵਿਚ, ਚੀਨ ਨੇ ਦੁਰਲੱਭ ਧਰਤੀ ਦੇ ਤੱਤਾਂ ਦੇ ਨਿਰਯਾਤ 'ਤੇ ਪਾਬੰਦੀ ਲਗਾ ਦਿੱਤੀ, ਜਿਸ ਨਾਲ ਵਿਸ਼ਵ ਸਪਲਾਈ ਲੜੀ ਪ੍ਰਭਾਵਿਤ ਹੋਈ। ਅਮਰੀਕਾ ਨੇ ਚੀਨੀ ਵਿਦਿਆਰਥੀਆਂ ਦੇ ਵੀਜ਼ੇ ਵੀ ਰੱਦ ਕਰ ਦਿੱਤੇ। ਇਸ ਤੋਂ ਬਾਅਦ, ਲੰਡਨ ਵਿਚ ਇੱਕ ਨਵਾਂ ਸਮਝੌਤਾ ਹੋਇਆ, ਜਿਸ ਵਿਚ ਟੈਰਿਫ ਰਾਹਤ ਅਤੇ ਪਾਬੰਦੀਆਂ 'ਤੇ ਮੁੜ ਵਿਚਾਰ ਕੀਤਾ ਗਿਆ। ਮੂਲ ਸਮੱਸਿਆ ਦੁਰਲੱਭ ਧਰਤੀ ਦੇ ਤੱਤਾਂ ਦੀ ਸਪਲਾਈ ਦੀ ਹੈ। ਇਹ 17 ਵਿਸ਼ੇਸ਼ ਕਿਸਮਾਂ ਦੀਆਂ ਧਾਤਾਂ ਹਨ, ਜੋ ਇਲੈਕਟ੍ਰਿਕ ਮੋਟਰਾਂ, ਮੋਬਾਈਲ ਫੋਨਾਂ, ਮਿਜ਼ਾਈਲ ਮਾਰਗਦਰਸ਼ਨ ਪ੍ਰਣਾਲੀਆਂ, ਵਿੰਡ ਟਰਬਾਈਨਾਂ ਅਤੇ ਰੱਖਿਆ ਉਪਕਰਣਾਂ ਵਿਚ ਵਰਤੀਆਂ ਜਾਂਦੀਆਂ ਹਨ। ਇਨ੍ਹਾਂ ਦੀ ਵਰਤੋਂ ਯੰਤਰਾਂ ਨੂੰ ਹਲਕਾ, ਸ਼ਕਤੀਸ਼ਾਲੀ ਅਤੇ ਊਰਜਾ-ਕੁਸ਼ਲ ਬਣਾਉਂਦੀ ਹੈ। ਹਾਲਾਂਕਿ ਇਹ ਧਰਤੀ 'ਤੇ ਭਰਪੂਰ ਮਾਤਰਾ ਵਿਚ ਪਾਏ ਜਾਂਦੇ ਹਨ, ਪਰ ਇਨ੍ਹਾਂ ਨੂੰ ਵੱਖ ਕਰਨਾ ਤਕਨੀਕੀ ਅਤੇ ਵਾਤਾਵਰਣ ਪੱਖੋਂ ਗੁੰਝਲਦਾਰ ਹੈ। ਇਸ ਪ੍ਰਕਿਰਿਆ ਲਈ ਵੱਡੀ ਮਾਤਰਾ ਵਿਚ ਐਸਿਡ ਅਤੇ ਵਿਸ਼ੇਸ਼ ਰਸਾਇਣਕ ਪਲਾਂਟਾਂ ਦੀ ਲੋੜ ਹੁੰਦੀ ਹੈ। ਚੀਨ ਇਸ ਖੇਤਰ ਵਿਚ ਸਭ ਤੋਂ ਅੱਗੇ ਹੈ।



ਇਹ ਵਿਸ਼ਵ ਪੱਧਰ 'ਤੇ ਦੁਰਲੱਭ ਧਰਤੀ ਦੀ ਖੁਦਾਈ ਦਾ 70 ਪ੍ਰਤੀਸ਼ਤ ਅਤੇ ਪ੍ਰੋਸੈਸਿੰਗ ਦਾ 90 ਪ੍ਰਤੀਸ਼ਤ ਕਰਦਾ ਹੈ। ਇਸ ਕੋਲ ਉੱਚ-ਕੁਸ਼ਲਤਾ ਵਾਲੀ ਪ੍ਰੋਸੈਸਿੰਗ ਤਕਨਾਲੋਜੀ ਹੈ, ਜੋ ਇਸਨੂੰ ਵਿਸ਼ਵ ਤਕਨਾਲੋਜੀ ਬਾਜ਼ਾਰ ਵਿਚ ਇੱਕ ਰਣਨੀਤਕ ਕਿਨਾਰਾ ਦਿੰਦੀ ਹੈ। ਜਦੋਂ ਇਸ ਨੇ ਨਿਰਯਾਤ 'ਤੇ ਪਾਬੰਦੀ ਲਗਾਈ, ਤਾਂ ਭਾਰਤ ਸਮੇਤ ਕਈ ਦੇਸ਼ਾਂ ਦੀਆਂ ਕੰਪਨੀਆਂ ਪ੍ਰਭਾਵਿਤ ਹੋਈਆਂ। ਸੁਜ਼ੂਕੀ ਨੇ ਸਵਿਫਟ ਕਾਰ ਦਾ ਉਤਪਾਦਨ ਮੁਅੱਤਲ ਕਰ ਦਿੱਤਾ ਅਤੇ ਹੋਰ ਵਿਸ਼ਵ ਪੱਧਰੀ ਕੰਪਨੀਆਂ ਨੂੰ ਵੀ ਸੰਕਟ ਦਾ ਸਾਹਮਣਾ ਕਰਨਾ ਪਿਆ। ਭਾਰਤ ਕੋਲ ਦੁਰਲੱਭ ਧਰਤੀਆਂ ਦੇ ਕਾਫ਼ੀ ਭੰਡਾਰ ਹਨ, ਦੁਨੀਆਂ ਦੇ ਕੁੱਲ ਭੰਡਾਰ ਦਾ ਲਗਭਗ ਛੇ ਪ੍ਰਤੀਸ਼ਤ, ਪਰ ਭਾਰਤ ਸਿਰਫ ਇੱਕ ਪ੍ਰਤੀਸ਼ਤ ਪੈਦਾ ਕਰਦਾ ਹੈ। ਇਸਦੇ ਭੰਡਾਰ ਕੇਰਲ, ਆਂਧਰਾ ਪ੍ਰਦੇਸ਼, ਓਡੀਸ਼ਾ ਅਤੇ ਰਾਜਸਥਾਨ ਵਿਚ ਮੌਜੂਦ ਹਨ, ਪਰ ਪ੍ਰੋਸੈਸਿੰਗ ਤਕਨਾਲੋਜੀ ਅਤੇ ਨਿਵੇਸ਼ ਦੀ ਘਾਟ ਕਾਰਨ, ਭਾਰਤ ਚੀਨ 'ਤੇ ਨਿਰਭਰ ਹੈ। 2023-24 ਵਿਚ, ਭਾਰਤ ਨੇ 2270 ਟਨ ਦੁਰਲੱਭ ਧਰਤੀ ਦੇ ਤੱਤ ਆਯਾਤ ਕੀਤੇ, ਜਿਨ੍ਹਾਂ ਵਿਚੋਂ ਜ਼ਿਆਦਾਤਰ ਚੀਨ ਤੋਂ ਆਏ ਸਨ। ਹੁਣ ਭਾਰਤ ਨੂੰ ਇਸ ਨਿਰਭਰਤਾ ਤੋਂ ਬਾਹਰ ਨਿਕਲਣ ਦੀ ਜ਼ਰੂਰਤ ਹੈ। ਇਸਦੇ ਲਈ, ਇੱਕ ਵਿਆਪਕ ਰਾਸ਼ਟਰੀ ਨੀਤੀ ਬਣਾਉਣੀ ਪਵੇਗੀ, ਜਿਸ ਵਿਚ ਮਾਈਨਿੰਗ, ਪ੍ਰੋਸੈਸਿੰਗ ਅਤੇ ਵਰਤੋਂ ਦੇ ਸਾਰੇ ਪੱਧਰਾਂ 'ਤੇ ਰਣਨੀਤੀ ਤਿਆਰ ਕੀਤੀ ਜਾਣੀ ਚਾਹੀਦੀ ਹੈ। ਨਿੱਜੀ ਅਤੇ ਜਨਤਕ ਖੇਤਰਾਂ ਨੂੰ ਇਕੱਠੇ ਨਿਵੇਸ਼ ਕਰਨਾ ਹੋਵੇਗਾ। ਇਸ ਦੇ ਨਾਲ, ਭਾਰਤ ਨੂੰ ਦੁਰਲੱਭ ਧਰਤੀਆਂ ਦਾ ਇੱਕ ਰਣਨੀਤਕ ਭੰਡਾਰ ਵੀ ਬਣਾਉਣਾ ਚਾਹੀਦਾ ਹੈ। ਦੁਰਲੱਭ ਧਰਤੀ ਤੱਤਾਂ ਦੀ ਇਹ ਲੜਾਈ ਸਿਰਫ ਮਾਈਨਿੰਗ ਬਾਰੇ ਨਹੀਂ ਹੈ, ਬਲਕਿ ਭਵਿੱਖ ਦੀ ਤਕਨੀਕੀ ਪ੍ਰਭੂਸੱਤਾ ਬਾਰੇ ਹੈ। ਜੇਕਰ ਭਾਰਤ ਨੂੰ 'ਮੇਕ ਇਨ ਇੰਡੀਆ' ਅਤੇ ਸਵੈ-ਨਿਰਭਰਤਾ ਨੂੰ ਸਾਕਾਰ ਕਰਨਾ ਹੈ, ਤਾਂ ਇਸਨੂੰ ਇਸ ਦਿਸ਼ਾ ਵਿਚ ਫੈਸਲਾਕੁੰਨ ਕਦਮ ਚੁੱਕਣੇ ਪੈਣਗੇ।

# ਸ਼ਹੀਦ ਭਾਈ ਤਾਰੂ ਸਿੰਘ ਅਤੇ ਸ਼ਹੀਦੀ ਅਸਥਾਨ ਦਾ ਪ੍ਰਸੰਗ

-ਦਿਲਜੀਤ ਸਿੰਘ ਬੇਦੀ
ਮੋ: 76579-68570
ਪੰਜਾਬ ਮੇਲ USA



## 16 ਜੁਲਾਈ ਨੂੰ ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼






ਸਿੱਖ ਕੌਮ ਦੀ ਆਨ ਤੇ ਸ਼ਾਨ ਲਈ ਹੱਸ-ਹੱਸ ਕੇ ਜਾਨਾਂ ਵਾਰਨ ਵਾਲੇ ਮਹਾਨ ਸ਼ਹੀਦਾਂ ਦੇ ਇਤਿਹਾਸ ਵਿਚ 'ਭਾਈ ਤਾਰੂ ਸਿੰਘ ਜੀ ਸ਼ਹੀਦ' ਦਾ ਨਾਮ ਸੁਨਹਿਰੀ ਅੱਖਰਾਂ ਵਿਚ ਅੰਕਿਤ ਹੈ। ਆਪ ਨੇ ਸਮੇਂ ਦੀ ਹਕੂਮਤ ਵੱਲੋਂ ਢਾਹੇ ਗਏ ਜ਼ੁਲਮ ਅਤੇ ਕਹਿਰ ਨੂੰ ਖਿੜੇ ਮੱਥੇ ਸਹਾਰਿਆ ਅਤੇ 'ਸਿਰ ਜਾਵੇ ਤਾਂ ਜਾਵੇ-ਮੇਰਾ ਸਿੱਖੀ ਸਿਦਕ ਨਾ ਜਾਵੇ' ਦੇ ਬੋਲਾਂ ਨੂੰ ਅਮਲੀ ਜਾਮਾ ਪਹਿਨਾ ਕੇ ਕੇਸਾਂ ਦੀ ਰਾਖੀ ਲਈ ਖੋਪਰੀ ਉਤਰਵਾ, ਕੁਰਬਾਨੀ ਦੇ ਅਨੋਖੇ ਪੂਰਨੇ ਪਾਏ।

ਬਾਬਾ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਸਾਥੀ ਸਿੰਘਾਂ ਦੀ ਸ਼ਹੀਦੀ ਉਪਰੰਤ ਮੁਗਲਾਂ ਵੱਲੋਂ ਸਿੱਖਾਂ ਉੱਤੇ ਸਖ਼ਤੀ ਦਾ ਦੌਰ ਸ਼ੁਰੂ ਹੋਇਆ। ਲਾਹੌਰ ਦੇ ਗਵਰਨਰ ਜ਼ਕਰੀਆ ਖਾਨ ਨੇ ਤਾਂ ਅੱਤ ਹੀ ਚੁੱਕ ਲਈ। ਸਿੱਖਾਂ ਦੇ ਸਿਰਾਂ ਦੇ ਮੁੱਲ ਰੱਖ ਦਿੱਤੇ ਗਏ ਅਤੇ ਚੁਣ-ਚੁਣ ਕੇ ਸਿੱਖਾਂ ਨੂੰ ਮਾਰਿਆ ਜਾਣ ਲੱਗਾ। ਮੌਕੇ ਦੀ ਨਜ਼ਾਕਤ ਨੂੰ ਪਛਾਣਦੇ ਹੋਏ ਸਿੰਘਾਂ ਨੇ ਘਣੇ ਜੰਗਲਾਂ ਵਿਚ ਜਾ ਨਿਵਾਸ ਕੀਤਾ। ਉਥੇ ਰਹਿ ਕੇ ਜਥੇਬੰਦਕ ਤਿਆਰੀਆਂ ਕਰਨ ਲੱਗੇ ਅਤੇ ਜਦੋਂ ਸਮਾਂ ਮਿਲਦਾ, ਹਕੂਮਤ ਨਾਲ ਟੱਕਰ ਵੀ ਲੈਂਦੇ। ਇਲਾਕੇ ਦੇ ਸਿੰਘ, ਜੰਗਲਾਂ ਵਿਚ ਰਹਿ ਰਹੇ ਵੀਰਾਂ ਦੇ ਲੰਗਰ-ਪਾਣੀ ਦੀ ਸੇਵਾ ਬੜੇ ਉਤਸ਼ਾਹ ਨਾਲ ਕਰਦੇ। ਪਿੰਡ ਪੂਹਲਾ ਜ਼ਿਲ੍ਹਾ ਅੰਮ੍ਰਿਤਸਰ (ਹੁਣ ਤਰਨਤਾਰਨ) ਦੇ ਵਸਨੀਕ ਭਾਈ ਤਾਰੂ ਸਿੰਘ ਜੀ ਵੀ ਇਨ੍ਹਾਂ ਸਿਦਕੀ ਸਿੰਘਾਂ ਵਿਚੋਂ ਇਕ ਸਨ। ਆਪ ਪਿੰਡ ਵਿਚ ਖੇਤੀਬਾੜੀ ਕਰਦੇ ਸਨ ਅਤੇ ਜਦੋਂ ਵੀ ਕਿਸੇ ਸਿੱਖ ਜਥੇ ਦੀ ਆਮਦ ਦਾ ਪਤਾ ਲੱਗਦਾ, ਤਾਂ ਆਪ ਨੂੰ ਚਾਅ ਚੜ੍ਹ ਜਾਂਦਾ। ਆਪ ਜੀ ਦੀ ਭੈਣ ਅਤੇ ਮਾਤਾ ਜੀ ਬੜੇ ਪ੍ਰੇਮ ਨਾਲ ਲੰਗਰ ਤਿਆਰ ਕਰਦੇ ਅਤੇ ਭਾਈ ਤਾਰੂ ਸਿੰਘ ਜੀ ਜਥੇ ਦੇ ਸਿੰਘਾਂ ਪਾਸ ਲੰਗਰ ਪਹੁੰਚਾਣ ਦੀ ਸੇਵਾ ਕਰਦੇ। ਜਿਥੇ ਸਿਦਕੀ ਸਿੰਘ, ਮੁਸੀਬਤ ਵਿਚ ਘਿਰੇ ਆਪਣੇ ਵੀਰਾਂ ਦੀ ਸੇਵਾ ਲਈ ਨਿੱਤਰ ਕੇ ਸਾਹਮਣੇ ਆ ਰਹੇ ਸਨ, ਉਥੇ ਸਿੰਘਾਂ ਨਾਲ ਵੈਰ ਕਮਾਉਣ ਵਾਲੇ ਦੋਖੀਆਂ ਦੀ ਵੀ ਕੋਈ ਕਮੀ ਨਹੀਂ ਸੀ। ਜੰਡਿਆਲੇ ਦੇ ਹਰਭਗਤ ਨਿਰੰਜਨੀਏ ਨੇ ਜ਼ਕਰੀਆ ਖਾਨ ਪਾਸ ਜਾ ਕੇ ਭਾਈ ਤਾਰੂ ਸਿੰਘ ਜੀ ਦੇ ਖਿਲਾਫ਼ ਸ਼ਿਕਾਇਤ ਕੀਤੀ ਕਿ ਕਿਵੇਂ ਉਹ ਹਕੂਮਤ ਨਾਲ ਟੱਕਰ ਲੈ ਰਹੇ ਸਿੰਘਾਂ ਦੀ ਟਹਿਲ-ਸੇਵਾ ਕਰਕੇ ਸਰਕਾਰੀ ਹੁਕਮਾਂ ਦੀ ਉਲੰਘਣਾ ਕਰ ਰਿਹਾ ਹੈ:

ਹਰਭਗਤ ਨਿਰੰਜਨੀਏਂ ਯੌਂ ਫਿਰ ਕਹੀ। ਪੂਲ੍ਹੋ ਪਿੰਡ ਇਕ ਮਾਝੇ ਅਹੀ।
ਤਾਰੂ ਸਿੰਘ ਤਹਿੰ ਖੇਤੀ ਕਰੈ। ਸਾਥ ਪਿੰਡ ਵਹਿ ਹਾਲਾ ਭਰੈ।
ਦੇਹ ਹਾਕਮ ਕਛੁ ਥੋੜਾ ਖਾਵੈ। ਬਚੈ ਸਿੰਘਨ ਕੇ ਪਾਸ ਪੁਚਾਵੈ।...
ਸ਼ਬਦ ਚੌਂਕੀ ਗੁਰ ਅਪਨੇ ਕੀ ਕਰੇ। ਸੋ ਮਰਨ ਤੇ ਨੈਕ ਨ ਡਰੇ।
ਗੰਗਾ ਜਮਨਾ ਨਿਕਟ ਨਾ ਜਾਵੈ। ਅਪਨੇ ਗੁਰ ਕੀ ਛਪੜੀ ਨ੍ਹਾਵੈ।
ਜਗਨ ਨਾਥ ਕੋ ਟੁੰਡਾ ਆਖੈਂ। ਰਾਮ ਕਿਸ਼ਨ ਕੋ ਜਾਪ ਨ ਭਾਖੈਂ।
ਰਾਤ ਤੁਰੈ, ਦਿਨ ਬਹਿ ਰਹੈ, ਤੁਰਕਨ ਆਂਖ ਬਚਾਇ।
ਸਿਰ ਪਰ ਪੰਡ ਉਠਾਇਕੈ, ਸਿੰਘਨ ਪਰ ਪਹੁੰਚਾਇ।
(ਪ੍ਰਾਚੀਨ ਪੰਥ ਪ੍ਰਕਾਸ਼)

ਜ਼ਕਰੀਆ ਖਾਨ ਇਹ ਕੁਝ ਸੁਣ ਕੇ ਗੁੱਸੇ ਵਿਚ ਲਾਲ-ਪੀਲਾ ਹੋ ਗਿਆ ਅਤੇ ਤੁਰੰਤ ਭਾਈ ਤਾਰੂ ਸਿੰਘ ਜੀ ਨੂੰ ਗ੍ਰਿਫ਼ਤਾਰ ਕਰਨ ਲਈ ਸਿਪਾਹੀ ਭਿਜਵਾ ਦਿੱਤੇ। ਭਾਈ ਤਾਰੂ ਸਿੰਘ ਜੀ ਨੂੰ ਬੰਦੀ ਬਣਾ ਕੇ ਲਾਹੌਰ ਲਿਜਾਇਆ ਗਿਆ ਅਤੇ ਭਾਰੀ ਤਸੀਹੇ ਦਿੱਤੇ ਜਾਣ ਲੱਗੇ। ਲੇਕਿਨ ਗੁਰੂ ਕਾ ਸਿੰਘ ਹਕੂਮਤ ਦੇ ਹਰ ਤਰ੍ਹਾਂ ਦੇ ਜ਼ੁਲਮਾਂ ਨੂੰ ਖਿੜੇ ਮੱਥੇ ਬਰਦਾਸ਼ਤ ਕਰਦਾ ਰਿਹਾ:

ਜਿਮ-ਜਿਮ ਸਿੰਘ ਕੋ ਤੁਰਕ ਸਤਾਵੈਂ।
ਤਿਮ-ਤਿਮ ਮੁਖ ਸਿੰਘ ਲਾਲੀ ਆਵੈ।
(ਪ੍ਰਾਚੀਨ ਪੰਥ ਪ੍ਰਕਾਸ਼)

ਭਾਈ ਤਾਰੂ ਸਿੰਘ ਜੀ ਨੂੰ ਨਵਾਬ ਜ਼ਕਰੀਆ ਖਾਨ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ, ਜਿਥੇ ਭਾਈ ਸਾਹਿਬ ਨੂੰ ਸਿੱਖੀ ਤਿਆਗ ਕੇ ਇਸਲਾਮ ਧਰਮ ਅਖਤਿਆਰ ਕਰਨ ਲਈ ਕਈ ਤਰ੍ਹਾਂ ਦੇ ਲੋਭ-ਲਾਲਚ ਦਿੱਤੇ ਗਏ, ਪਰੰਤੂ ਉਹ ਆਪਣੇ ਅਕੀਦੇ 'ਤੇ ਅਟੱਲ ਰਹੇ। ਭਾਈ ਸਾਹਿਬ ਦਾ ਗੁਰਸਿੱਖੀ ਪ੍ਰਤੀ ਦ੍ਰਿੜ੍ਹ ਨਿਸ਼ਚਾ ਵੇਖ ਕੇ ਸੂਬੇ ਨੇ ਭਾਈ ਸਾਹਿਬ ਦੇ ਕੇਸ ਕਤਲ ਕਰਨ ਦਾ ਹੁਕਮ ਸੁਣਾ ਦਿੱਤਾ। ਇਸ 'ਤੇ ਭਾਈ ਸਾਹਿਬ ਨੇ ਬਚਨ ਕੀਤਾ ਕਿ ਕੇਸ ਜੋ ਮੇਰੇ ਗੁਰੂ ਦੀ ਅਮਾਨਤ ਹਨ, ਇਨ੍ਹਾਂ ਨੂੰ ਅਲਹਿਦਾ ਕਰਨ ਦੀ ਥਾਂ ਜੇਕਰ ਆਪ ਮੇਰੀ ਜਾਨ ਵੀ ਲੈਣੀ ਚਾਹੋ, ਤਾਂ ਮੈਂ ਤਿਆਰ ਹਾਂ। ਇਸ 'ਤੇ ਸੂਬੇ ਨੇ ਜਲਾਦ ਨੂੰ ਬੁਲਾ ਕੇ ਭਾਈ ਸਾਹਿਬ ਦੀ ਖੋਪਰੀ ਉਤਾਰਨ ਦਾ ਜ਼ਾਲਮਾਨਾ ਹੁਕਮ ਸੁਣਾ ਦਿੱਤਾ। ਸੂਬੇ ਦਾ ਇਹ ਫ਼ੁਰਮਾਨ ਸੁਣ ਕੇ ਭਾਈ ਸਾਹਿਬ ਨੂੰ ਦੁੱਖ ਨਾ ਹੋਇਆ, ਬਲਕਿ ਡਾਢਾ ਚਾਅ ਚੜ੍ਹ ਗਿਆ ਕਿ ਹੁਣ ਮੈਂ ਦਸਮੇਸ਼ ਪਿਤਾ ਜੀ ਦੇ ਸਾਹਮਣੇ ਸਾਬਤ-ਸੂਰਤ ਹਾਜ਼ਰ ਹੋ ਕੇ ਖੁਸ਼ੀਆਂ ਦਾ ਪਾਤਰ ਬਣ ਸਕਾਂਗਾ।

ਭਾਈ ਤਾਰੂ ਸਿੰਘ ਜੀ ਚਾਹੁੰਦੇ ਤਾਂ ਧਰਮ ਛੱਡ ਕੇ ਆਪਣੀ ਜਾਨ ਬਚਾ ਸਕਦੇ ਸਨ ਅਤੇ ਹਕੂਮਤ ਵੱਲੋਂ ਮਿਲਣ ਵਾਲੀਆਂ ਪਦਵੀਆਂ ਨੂੰ ਪ੍ਰਾਪਤ ਕਰ ਸਕਦੇ ਸਨ। ਲੇਕਿਨ ਆਪ ਨੇ ਸਿੱਖੀ ਨੂੰ ਕੇਸਾਂ-ਸੁਆਸਾਂ ਸੰਗ ਨਿਭਾ ਕੇ ਕੌਮ ਲਈ ਅਨੋਖੇ ਪੂਰਨੇ ਪਾਏ ਹਨ। ਹੱਸਦੇ ਹੋਏ ਖੋਪਰੀ ਲੁਹਾ ਕੇ ਆਪ ਨੇ ਇਹ ਦਰਸਾ ਦਿੱਤਾ ਕਿ ਸਿੱਖ ਲਈ ਉਸ ਦੇ ਕੇਸ ਜਾਨ ਤੋਂ ਵੀ ਪਿਆਰੇ ਹਨ। ਸਿੱਖ ਜਾਨ ਤਾਂ ਵਾਰ ਸਕਦਾ ਹੈ, ਲੇਕਿਨ ਕੇਸਾਂ ਦੀ ਬੇਅਦਬੀ ਨਹੀਂ ਸਹਾਰ ਸਕਦਾ। ਇਸ ਤਰ੍ਹਾਂ ਆਪ 1745 ਈ. ਨੂੰ ਸ਼ਹੀਦੀ ਪ੍ਰਾਪਤ ਕਰ ਗਏ।

ਪਰਉੱਪਕਾਰ ਦੀ ਮੂਰਤ ਭਾਈ ਤਾਰੂ ਸਿੰਘ ਦੀ ਬਰਸੀ ਇਸ ਵਾਰ ਵੀ ਲਾਹੌਰ 'ਚ ਸ਼ਹੀਦੀ ਅਸਥਾਨ ਭਾਈ ਤਾਰੂ ਸਿੰਘ ਦੀ ਸਮਾਧ ਵਿਖੇ ਨਹੀਂ ਮਨਾਈ ਜਾਵੇਗੀ। ਲਾਹੌਰ 'ਚ ਰੇਲਵੇ ਸਟੇਸ਼ਨ ਦੇ ਬਿਲਕੁਲ ਸਾਹਮਣੇ ਨੌਲੱਖਾ ਬਾਜ਼ਾਰ 'ਚ ਸਥਿਤ ਭਾਈ ਤਾਰੂ ਸਿੰਘ ਦੇ ਸ਼ਹੀਦੀ ਅਸਥਾਨ ਨੂੰ ਜਾਣ ਵਾਲੇ ਰਸਤੇ ਨੂੰ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਵਲੋਂ 6 ਸਾਲ ਪਹਿਲਾਂ ਸੀਲ ਕੀਤਾ ਗਿਆ ਸੀ। ਇਹ ਅਸਥਾਨ ਪਾਕਿਸਤਾਨੀ ਸਿੱਖਾਂ ਸਮੇਤ ਦੇਸ਼-ਵਿਦੇਸ਼ ਦੀ ਸੰਗਤ ਲਈ ਅਜੇ ਵੀ ਬੰਦ ਹੈ ਤੇ ਉਨ੍ਹਾਂ ਨੂੰ ਇੱਥੇ ਜਾਣ ਦੀ ਮਨਜ਼ੂਰੀ ਨਹੀਂ ਹੈ। ਇਸ ਨੂੰ ਲੈ ਕੇ ਸਿੱਖ ਸੰਗਤ 'ਚ ਭਾਰੀ ਰੋਸ ਬਣਿਆ ਹੋਇਆ ਹੈ। ਭਾਈ ਤਾਰੂ ਸਿੰਘ ਦੇ ਸ਼ਹੀਦੀ ਸਥਾਨ ਦੇ ਨਾਂਅ ਹਿੰਦੂ ਔਕਾਫ਼ ਵਲੋਂ ਲਗਾਈ 4-5 ਕਨਾਲ ਭੂਮੀ ਹਥਿਆਉਣ ਲਈ ਸੁਹੇਲ ਬੱਟ ਪੁੱਤਰ ਸਲਾਹੁਦੀਨ ਬੱਟ, ਰਜ਼ਾ ਬੱਟ, ਉਮੇਰ ਅਤੇ ਕੱਟੜਪੰਥੀ ਸਮੂਹ ਦਾਵਤ-ਏ-ਇਸਲਾਮੀ (ਬਰੇਲਵੀ) ਵਲੋਂ ਵਿਵਾਦ ਖੜ੍ਹਾ ਕਰਕੇ ਇਸ ਅਸਥਾਨ ਨੂੰ ਪੱਕੇ ਤੌਰ 'ਤੇ ਸੀਲ ਕਰਵਾਇਆ ਗਿਆ ਹੈ।

ਪਾਕਿਸਤਾਨ ਲਾਹੌਰ ਵਿਖੇ ਗੁਰਦੁਆਰਾ ਸ਼ਹੀਦ ਗੰਜ ਭਾਈ ਤਾਰੂ ਸਿੰਘ ਅਤੇ ਗੁਰਦੁਆਰਾ ਸ਼ਹੀਦ ਸਿੰਘ ਸਿੰਘਣੀਆਂ ਨੇੜੇ-ਨੇੜੇ ਹਨ। ਲਾਹੌਰ ਵਿਚ ਗੁਰਦੁਆਰਾ ਸ਼ਹੀਦ ਗੰਜ ਭਾਈ ਤਾਰੂ ਸਿੰਘ ਦੇ ਅਹਾਤੇ ਅੰਦਰ ਹਜਰਤ ਸ਼ਾਹ ਕਾਕੂ ਚਿਸ਼ਤੀ ਦੀ ਮਜਾਰ ਬਣਾਈ ਗਈ ਹੈ। ਮੁਸਲਿਮ ਭਾਈਚਾਰੇ ਵਲੋਂ ਇਸ ਮਜਾਰ ਦੇ ਮਾਮਲੇ ਬਾਰੇ ਵੰਡ ਤੋਂ ਬਾਅਦ ਸਮੇਂ ਸਮੇਂ ਮੰਗ ਉਠਦੀ ਰਹੀ ਹੈ, ਪਰ ਸਿੱਖਾਂ ਵਲੋਂ ਝਗੜਾ ਨਿਬੇੜਣ ਦੀ ਨੀਯਤ ਨਾਲ ਮਜਾਰ ਦੀ ਜਗ੍ਹਾ ਛੱਡ ਦਿੱਤੀ ਗਈ, ਜਿਸ ਦੇ ਚਫੇਰੇ ਚਾਰ ਦਿਵਾਰੀ ਕਰਕੇ ਇਕ ਦਰਵਾਜ਼ਾ ਵੀ ਲਾ ਦਿੱਤਾ ਗਿਆ ਸੀ। ਹੁਣ ਉਸ ਜਗ੍ਹਾ 'ਤੇ ਕੁਝ ਮੁਸਲਮਾਨ ਦਬਦਬਾ ਬਣਾਉਂਦੇ ਹੋਏ ਕਬਜ਼ਾ ਕਰਨਾ ਚਾਹੁੰਦੇ ਹਨ। ਸਰਕਾਰ ਨੇ, ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ, ਇਸ ਲਈ ਗੁਰਦੁਆਰਾ ਸਾਹਿਬ ਨੂੰ ਸੀਲ ਕੀਤਾ ਹੋਇਆ ਹੈ। ਭਾਈ ਤਾਰੂ ਸਿੰਘ ਸਿੱਖ ਕੌਮ ਦੀ ਸਤਿਕਾਰਤ ਸ਼ਹੀਦ ਸ਼ਖਸੀਅਤ ਹੈ।

ਭਾਈ ਤਾਰੂ ਸਿੰਘ ਜੀ ਨੂੰ ਨਵਾਬ ਜ਼ਕਰੀਆ ਖਾਨ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ, ਜਿਥੇ ਭਾਈ ਸਾਹਿਬ ਨੂੰ ਸਿੱਖੀ ਤਿਆਗ ਕੇ ਇਸਲਾਮ ਧਰਮ ਅਖਤਿਆਰ ਕਰਨ ਲਈ ਕਈ ਤਰ੍ਹਾਂ ਦੇ ਲੋਭ-ਲਾਲਚ ਦਿੱਤੇ ਗਏ, ਪਰੰਤੂ ਉਹ ਆਪਣੇ ਅਕੀਦੇ 'ਤੇ ਅਟੱਲ ਰਹੇ। ਭਾਈ ਸਾਹਿਬ ਦਾ ਗੁਰਸਿੱਖੀ ਪ੍ਰਤੀ ਦ੍ਰਿੜ੍ਹ ਨਿਸ਼ਚਾ ਵੇਖ ਕੇ ਸੂਬੇ ਨੇ ਭਾਈ ਸਾਹਿਬ ਦੇ ਕੇਸ ਕਤਲ ਕਰਨ ਦਾ ਹੁਕਮ ਸੁਣਾ ਦਿੱਤਾ। ਇਸ 'ਤੇ ਭਾਈ ਸਾਹਿਬ ਨੇ ਬਚਨ ਕੀਤਾ ਕਿ ਕੇਸ ਜੋ ਮੇਰੇ ਗੁਰੂ ਦੀ ਅਮਾਨਤ ਹਨ, ਇਨ੍ਹਾਂ ਨੂੰ ਅਲਹਿਦਾ ਕਰਨ ਦੀ ਥਾਂ ਜੇਕਰ ਆਪ ਮੇਰੀ ਜਾਨ ਵੀ ਲੈਣੀ ਚਾਹੋ ਤਾਂ ਮੈਂ ਤਿਆਰ ਹਾਂ। ਇਸ 'ਤੇ ਸੂਬੇ ਨੇ ਜਲਾਦ ਨੂੰ ਬੁਲਾ ਕੇ ਭਾਈ ਸਾਹਿਬ ਦੀ ਖੋਪਰੀ ਉਤਾਰਨ ਦਾ ਜ਼ਾਲਮਾਨਾ ਹੁਕਮ ਸੁਣਾ ਦਿੱਤਾ। ਭਾਈ ਤਾਰੂ ਸਿੰਘ ਜੀ ਚਾਹੁੰਦੇ ਤਾਂ ਧਰਮ ਛੱਡ ਕੇ ਆਪਣੀ ਜਾਨ ਬਚਾ ਸਕਦੇ ਸਨ ਅਤੇ ਹਕੂਮਤ ਵੱਲੋਂ ਮਿਲਣ ਵਾਲੀਆਂ ਪਦਵੀਆਂ ਨੂੰ ਪ੍ਰਾਪਤ ਕਰ ਸਕਦੇ ਸਨ। ਲੇਕਿਨ ਆਪ ਨੇ ਹੱਸਦੇ ਹੋਏ ਖੋਪਰੀ ਲੁਹਾ ਕੇ ਇਹ ਦਰਸਾ ਦਿੱਤਾ ਕਿ ਸਿੱਖ ਲਈ ਉਸ ਦੇ ਕੇਸ ਜਾਨ ਤੋਂ ਵੀ ਪਿਆਰੇ ਹਨ। ਇਸ ਸ਼ਹੀਦੀ ਨਾਲ ਸਿੱਖਾਂ ਅੰਦਰ ਰੋਸ ਦੀ ਤਿੱਖੀ ਲਹਿਰ ਪੈਦਾ ਹੋਈ। ਜਕਰੀਆਂ ਖਾਂ ਦਾ ਵੀ ਅੰਤ ਹੋ ਗਿਆ।

ਸ਼ਹੀਦ-ਗੰਜ ਸ਼ਬਦ ਉਸ ਸਥਾਨ ਲਈ ਵਰਤਿਆ ਜਾਂਦਾ ਹੈ, ਜਿਥੇ ਕੋਈ ਸ਼ਹੀਦ ਦੱਬਿਆ ਜਾਂ ਸਸਕਾਰਿਆ ਗਿਆ ਹੋਵੇ। ਪਰ ਇਹ ਸ਼ਬਦ ਸਿੱਖ ਸ਼ਹੀਦਾਂ ਦੀਆਂ ਯਾਦਗਾਰਾਂ ਨਾਲ ਵਿਸ਼ੇਸ਼ ਰੂਪ ਵਿਚ ਜੁੜ ਗਿਆ ਹੈ ਅਤੇ ਪੰਜਾਬ ਤੇ ਪੰਜਾਬ ਤੋਂ ਬਾਹਰ ਕਈ ਧਰਮ-ਧਾਮ 'ਸ਼ਹੀਦ-ਗੰਜ' ਦੇ ਨਾਂ ਨਾਲ ਪ੍ਰਸਿੱਧ ਹਨ। ਪਰ ਇਹ ਸ਼ਬਦ ਉਸ ਗੁਰਦੁਆਰੇ ਅਥਵਾ ਧਰਮ-ਧਾਮ ਲਈ ਅਧਿਕ ਪ੍ਰਚਲਿਤ ਹੋਇਆ ਹੈ, ਜੋ ਲਾਹੌਰ ਰੇਲਵੇ ਸਟੇਸ਼ਨ ਦੇ ਨੇੜੇ ਲੰਡਾ ਬਾਜ਼ਾਰ ਵਿਚ ਹੈ ਅਤੇ ਜਿਥੇ ਮੀਰ ਮੰਨੂ ਦੇ ਸਮੇਂ ਹਜ਼ਾਰਾਂ ਸਿੰਘਾਂ, ਸਿੰਘਣੀਆਂ ਅਤੇ ਭੁਜੰਗੀਆਂ/ਭੁਜੰਗਣਾਂ ਨੂੰ ਖੂਹ ਵਿਚ ਸੁੱਟ ਕੇ, ਕੋਠਿਆਂ ਵਿਚ ਬੰਦ ਕਰਕੇ ਅਤੇ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਸੀ। ਬਾਦ ਵਿਚ ਉਨ੍ਹਾਂ ਦੇ ਪਿੰਜਰਾਂ ਅਤੇ ਹੱਡੀਆਂ ਨਾਲ ਦੀਵਾਰਾਂ ਉਸਾਰੀਆਂ ਗਈਆਂ ਸਨ। ਉਥੋਂ ਖੁਦਾਈ ਕਰਨ ਤੇ ਹੁਣ ਵੀ ਸਿੱਖਾਂ ਦੇ ਲੋਹੇ ਦੇ ਬਰਤਨ, ਕੜੇ ਅਤੇ ਸ਼ਸਤਰ ਮਿਲ ਜਾਂਦੇ ਹਨ। ਸਿੱਖ ਜਗਤ ਵਿਚ ਸ਼ਹੀਦਾਂ ਲਈ ਅਪਾਰ ਆਦਰ ਹੈ। ਇਨ੍ਹਾਂ ਦੀਆਂ ਕੁਰਬਾਨੀਆਂ ਨੂੰ ਅਰਦਾਸ ਵਿਚ ਸਦਾ ਯਾਦ ਕੀਤਾ ਜਾਂਦਾ ਹੈ।

ਇਸ ਧਰਮ-ਧਾਮ ਨੂੰ ਪ੍ਰਾਪਤ ਕਰਨ ਲਈ ਸਿੱਖ ਕੌਮ ਨੂੰ ਇਕ ਲੰਬਾ ਸੰਘਰਸ਼ ਕਰਨਾ ਪਿਆ, ਜਿਸ ਦਾ ਅੰਤਿਮ ਨਿਪਟਾਰਾ 2 ਮਈ 1940 ਈ. ਵਿਚ ਹੋਇਆ। ਇਸ ਦਾ ਸੰਬੰਧ ਲਾਹੌਰ ਦੇ ਲੰਡਾ ਬਾਜ਼ਾਰ ਵਿਚ ਸਥਿਤ ਗੁਰਦੁਆਰਾ 'ਸ਼ਹੀਦ ਗੰਜ' ਨਾਲ ਹੈ। ਇਹ ਉਸ ਥਾਂ ਉਤੇ ਬਣਿਆ ਹੋਇਆ ਹੈ, ਜਿਥੇ ਪਹਿਲਾਂ ਨਖਾਸ ਚੌਕ ਹੁੰਦਾ ਸੀ ਅਤੇ ਜਿਥੇ ਗੁਲਾਮਾਂ ਅਤੇ ਪਸ਼ੂਆਂ ਨੂੰ ਵੇਚਿਆ-ਖ਼ਰੀਦਿਆ ਜਾਂਦਾ ਸੀ। ਇਥੇ ਮੀਰ ਮਨੂੰ ਵੇਲੇ ਇਕ ਮਸਜ਼ਿਦ ਸ਼ਕਲ ਦੀ ਇਮਾਰਤ ਬਣਾਈ ਗਈ। ਜਿਥੇ ਬੈਠ ਕੇ ਮੁਗਲ ਸਰਕਾਰ ਦੇ ਕਾਜ਼ੀ ਅਤੇ ਮੁਫਤੀ ਉਨ੍ਹਾਂ ਲੋਕਾਂ ਨੂੰ ਮਾਰਨ ਦੀ ਸਜ਼ਾ ਦਿੰਦੇ ਸਨ, ਜੋ ਇਸਲਾਮ ਨੂੰ ਕਬੂਲ ਨਹੀਂ ਕਰਦੇ ਸਨ। ਇਥੇ ਹਜ਼ਾਰਾਂ ਦੀ ਗਿਣਤੀ ਵਿਚ ਸਿੰਘਾਂ, ਸਿੰਘਣੀਆਂ ਅਤੇ ਬੱਚਿਆਂ ਨੂੰ ਕਤਲ ਕੀਤਾ ਗਿਆ ਸੀ। ਭਾਈ ਤਾਰੂ ਸਿੰਘ ਦੀ ਸ਼ਹਾਦਤ ਵੀ ਇਥੇ ਹੀ ਹੋਈ ਸੀ।

ਜਦੋਂ ਪੰਜਾਬ ਵਿਚ ਦਲ ਖ਼ਾਲਸਾ (ਬੁੱਢਾ ਦਲ) ਨੇ ਸ਼ਕਤੀ ਅਰਜਿਤ ਕੀਤੀ, ਤਾਂ ਇਥੇ ਗੁਰਦੁਆਰਾ ਸ਼ਹੀਦ ਗੰਜ ਦੀ ਸਥਾਪਨਾ ਕੀਤੀ ਗਈ ਕਿਉਂਕਿ ਸਿੱਖ-ਜਗਤ ਲਈ ਇਹ ਬੜਾ ਪਵਿੱਤਰ ਅਤੇ ਯਾਦਗਾਰੀ ਸਥਾਨ ਸੀ। ਸਿੱਖ-ਰਾਜ ਦੀ ਸਮਾਪਤੀ ਤੋਂ ਬਾਦ ਮੁਸਲਮਾਨਾਂ ਨੇ ਇਸ ਨੂੰ ਮਸਜ਼ਿਦ ਕਹਿ ਕੇ ਆਪਣਾ ਹੱਕ ਜਮਾਣਾ ਸ਼ੁਰੂ ਕਰ ਦਿੱਤਾ। ਪਰ ਉਨ੍ਹਾਂ ਵਲੋਂ ਕੀਤੇ ਸਾਰੇ ਦਾਅਵੇ ਬੇਬੁਨਿਆਦ ਸਾਬਤ ਹੋਏ ਅਤੇ ਇਸ ਸਮਾਰਕ ਨੂੰ ਗੁਰਦੁਆਰਾ ਸਿੱਧ ਕੀਤਾ ਗਿਆ। ਮੁਸਲਮਾਨਾਂ ਵਲੋਂ ਫਿਰ ਹੱਕ ਜਮਾਉਣ ਤੇ ਸਿੱਖ ਗੁਰਦੁਆਰਾ ਟ੍ਰਿਬਿਊਨਲ ਨੇ 20 ਜਨਵਰੀ 1930 ਈ. ਨੂੰ ਨਿਰਣਾ ਕੀਤਾ ਕਿ ਇਹ ਥਾਂ ਗੁਰਦੁਆਰਾ ਭਾਈ ਤਾਰੂ ਸਿੰਘ ਦੀ ਹੈ। ਇਸ ਦੇ ਵਿਰੋਧ ਵਿਚ ਮੁਸਲਮਾਨਾਂ ਦੀ ਹਾਈ ਕੋਰਟ ਵਿਚ ਕੀਤੀ ਅਪੀਲ ਸੰਨ 1934 ਈ. ਵਿਚ ਖ਼ਾਰਜ ਹੋ ਗਈ। ਫਲਸਰੂਪ ਲਾਹੌਰ ਦੀ ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਾਰਚ 1935 ਈ. ਵਿਚ ਸ਼ਹੀਦ ਗੰਜ ਦਾ ਕਬਜ਼ਾ ਪ੍ਰਾਪਤ ਕਰ ਲਿਆ।

ਕਬਜ਼ਾ ਪ੍ਰਾਪਤ ਕਰਨ ਤੋਂ ਬਾਅਦ ਸਿੱਖਾਂ ਨੇ 8 ਜੂਨ 1935 ਈ. ਨੂੰ ਪੁਰਾਣੀ ਇਮਾਰਤ ਨੂੰ ਢਾਹੁਣ ਦਾ ਕੰਮ ਆਰੰਭ ਕਰ ਦਿੱਤਾ। ਲਗਭਗ ਤਿੰਨ ਹਫ਼ਤੇ ਡੇਗਣ ਦਾ ਕੰਮ ਜਾਰੀ ਰਿਹਾ ਪਰ 29 ਜੂਨ 1935 ਈ. ਨੂੰ ਮੁਸਲਮਾਨਾਂ ਦੇ ਹਜੂਮ ਨੇ ਗੁਰਦੁਆਰੇ ਦੇ ਪਰਿਸਰ ਵਿਚ ਦਾਖਲ ਹੋਣ ਦਾ ਯਤਨ ਕੀਤਾ, ਜੋ ਸਿੱਖਾਂ ਵਲੋਂ ਨਾਕਾਮਯਾਬ ਕਰ ਦਿੱਤਾ ਗਿਆ। ਲਾਹੌਰ ਦੇ ਡਿਪਟੀ ਕਮਿਸ਼ਨਰ ਨੇ ਹਾਲਾਤ ਦੀ ਨਜ਼ਾਕਤ ਨੂੰ ਵੇਖਦਿਆ ਢਵਾਈ ਦਾ ਕੰਮ ਰੋਕ ਦਿੱਤਾ। ਪਰ 8 ਜੁਲਾਈ ਨੂੰ ਮਨਾਹੀ ਦੀ ਪ੍ਰਵਾਹ ਨਾ ਕਰਦੇ ਹੋਇਆਂ ਸਿੱਖਾਂ ਨੇ ਢਾਹੁਣ ਦਾ ਕੰਮ ਫਿਰ ਸ਼ੁਰੂ ਕਰ ਦਿੱਤਾ। ਪ੍ਰਸ਼ਾਸ਼ਨ ਵਲੋਂ ਕੋਈ ਰੁਕਾਵਟ ਨਾ ਪਾਈ ਗਈ। 30 ਅਕਤੂਬਰ 1935 ਈ. ਨੂੰ ਮੁਸਲਮਾਨਾਂ ਨੇ ਸ਼ਹੀਦ ਗੰਜ ਦਾ ਕਬਜ਼ਾ ਲੈਣ ਲਈ ਫਿਰ ਦਾਅਵਾ ਕਰ ਦਿੱਤਾ, ਜੋ 25 ਮਈ 1936 ਈ. ਨੂੰ ਖਾਰਜ ਕਰ ਦਿੱਤਾ ਪਰ ਮੁਸਲਮਾਨਾਂ ਵੱਲੋਂ ਫਿਰ ਹਾਈ ਕੋਰਟ ਵਿਚ ਅਪੀਲ ਕਰ ਦਿੱਤੀ ਗਈ, ਜੋ 26 ਜਨਵਰੀ 1938 ਈ: ਨੂੰ ਨਾਮਨਜ਼ੂਰ ਹੋ ਗਈ। ਇਸ ਤੋਂ ਬਾਅਦ ਪ੍ਰਿਥੀ ਕੌਂਸ਼ਲ ਦੀ ਜੁਡੀਸ਼ੀਅਲ ਕਮੇਟੀ ਪਾਸ ਅਪੀਲ ਕੀਤੀ ਗਈ, ਜੋ 2 ਮਈ 1940 ਈ: ਨੂੰ ਰੱਦ ਹੋ ਗਈ। ਇਸ ਫੈਸਲੇ ਨਾਲ ਸ਼ਹੀਦ ਸੰਘਰਸ਼ ਦੀ ਵੀ ਸਮਾਪਤੀ ਹੋ ਗਈ। ਇਸ ਥਾਂ-ਪੁਰ ਸਿੱਖਾਂ ਨੇ ਸੇਵਾ ਕਾਰਜ ਸੰਭਾਲ ਲਿਆ। ਪਰ 1947 ਦੀ ਵੰਡ ਤੋਂ ਬਾਅਦ ਇਸ ਮਹਾਨ ਅਸਥਾਨ ਦੀ ਜੋ ਸੇਵਾ ਸੰਭਾਲ ਹੋਣੀ ਚਾਹੀਦੀ ਸੀ, ਉਹ ਹੋ ਨਹੀਂ ਸਕੀ। ਹੁਣ ਕੁਝ ਮੁਸਲਮਾਨ ਤਾਕਤਾਂ ਹੀ ਮੁੜ ਕਬਜ਼ੇ ਵਾਲੀ ਭਾਵਨਾ ਨਾਲ ਵਿਵਾਦ ਪੈਦਾ ਕਰ ਰਹੀਆਂ ਹਨ।

ਪਾਕਿਸਤਾਨ ਦੇ ਲਾਹੌਰ ਸ਼ਹਿਰ 'ਚ ਰੇਲਵੇ ਸਟੇਸ਼ਨ ਦੇ ਬਿਲਕੁਲ ਸਾਹਮਣੇ ਨੌਲੱਖਾ ਬਾਜ਼ਾਰ 'ਚ ਸਥਿਤ ਸ਼ਹੀਦ ਭਾਈ ਤਾਰੂ ਸਿੰਘ ਦੀ ਸਮਾਧ ਦੇ ਨਾਂਅ ਹਿੰਦੂ ਔਕਾਫ਼ ਵਲੋਂ ਲਗਾਈ ਗਈ 4 ਕਨਾਲ ਭੂਮੀ ਨੂੰ ਹਥਿਆਉਣ ਲਈ ਕੱਟੜਪੰਥੀ ਮੁਸਲਮਾਨ ਸਮੂਹ ਵਲੋਂ ਵਿਵਾਦ ਖੜ੍ਹਾ ਕਰਕੇ ਸ਼ਹੀਦੀ ਅਸਥਾਨ ਨੂੰ ਪੱਕੇ ਤੌਰ 'ਤੇ ਸੀਲ ਕਰਵਾ ਦਿੱਤਾ ਗਿਆ ਹੈ। ਪਿਛਲੇ ਚਾਰ ਸਾਲ ਤੋਂ ਸਮਾਧ ਨੂੰ ਜਾਣ ਵਾਲੇ ਰਸਤੇ ਨੂੰ ਇਵੈਕੁਈ ਟਰੱਸਟ ਪ੍ਰਾਪਰਟੀ ਬੋਰਡ ਵਲੋਂ ਅਦਾਲਤੀ ਹੁਕਮਾਂ ਦੇ ਚੱਲਦਿਆਂ ਬੰਦ ਕਰ ਦਿੱਤਾ ਗਿਆ ਸੀ। ਸਮਾਧ ਦੇ ਨਾਲ ਲੱਗਦੇ 4 ਕਨਾਲ ਦੇ ਖਾਲੀ ਪਲਾਟ 'ਤੇ ਕਬਜ਼ਾ ਕਰਨ ਦੀਆਂ ਸਾਜ਼ਿਸ਼ਾਂ ਰਚ ਰਹੇ ਹਨ। ਜਿਸ ਜ਼ਮੀਨ 'ਤੇ ਸਮਾਧ ਸ਼ਹੀਦ ਭਾਈ ਤਾਰੂ ਸਿੰਘ ਅਤੇ ਇਸ ਦੇ ਸਾਹਮਣੇ ਗੁਰਦੁਆਰਾ ਸਿੰਘ ਸਿੰਘਣੀਆਂ ਸਥਾਪਿਤ ਹੈ, ਉਹ ਸਾਰੀ ਭੂਮੀ ਹਜ਼ਰਤ ਪੀਰ ਸ਼ਾਹ ਕਾਕੂ ਚਿਸ਼ਤੀ ਦੀ ਮਜ਼ਾਰ ਅਤੇ ਜ਼ਮੀਨਦੋਜ਼ ਹੋ ਚੁਕੀ ਸਮਾਧ ਸ਼ਹੀਦ ਗੰਜ ਦੀ ਹੈ। ਇਸ ਮਾਮਲੇ 'ਤੇ ਰੋਸ ਜ਼ਾਹਿਰ ਕਰਦਿਆਂ ਪਾਕਿ ਸਿੱਖਾਂ ਨੇ ਕਿਹਾ ਹੈ ਕਿ ਸ਼ਹੀਦ ਭਾਈ ਤਾਰੂ ਸਿੰਘ ਦੀ ਸਮਾਧ 'ਤੇ ਕੱਟੜਪੰਥੀਆਂ ਅਤੇ ਭੂਮੀ ਮਾਫ਼ੀਆ ਦੇ ਕਬਜ਼ੇ ਨੂੰ ਲੈ ਕੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਆਗੂਆਂ ਦੀ ਚੁੱਪ ਆਉਣ ਵਾਲੇ ਸਮੇਂ 'ਚ ਸਮਾਧ ਨੂੰ ਵੱਡਾ ਨੁਕਸਾਨ ਪਹੁੰਚਾ ਸਕਦੀ ਹੈ। ਸਮੁੱਚੀਆਂ ਸੰਗਤਾਂ ਇਨ੍ਹਾਂ ਅਸਥਾਨਾਂ ਨੂੰ ਜਲਦੀ ਖੋਲ੍ਹੇ ਜਾਣ ਦੀ ਮੰਗ ਕਰ ਰਹੀਆਂ ਹਨ।

-ਦਿਲਜੀਤ ਸਿੰਘ ਬੇਦੀ
ਮੋ: 76579-68570

ਪੰਜਾਬ ਮੇਲ USA

### 19 ਜੁਲਾਈ 'ਤੇ ਵਿਸ਼ੇਸ਼

# ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖ ਜਾਇ ॥

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਜੋਤੀ-ਜੋਤਿ ਸਮਾਉਣ ਦੇ ਦਿਨ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਗੁਰਗੱਦੀ 'ਤੇ ਬਿਠਾਇਆ ਗਿਆ। ਗੁਰੂ ਜੀ ਦੀ ਆਯੂ ਉਸ ਵੇਲੇ ਕੇਵਲ ਸਵਾ ਪੰਜ ਸਾਲ ਸੀ। ਸੰਸਾਰ ਦੇ ਧਾਰਮਿਕ ਇਤਿਹਾਸ ਵਿਚ ਇਹ ਸਭ ਤੋਂ ਛੋਟੀ ਆਯੂ ਦੇ ਗੁਰੂ ਬਣੇ ਅਤੇ ਉਸੇ ਮਿਸ਼ਨ, ਨੀਤੀ ਦੇ ਧਾਰਨੀ ਰਹੇ, ਜੋ ਪਹਿਲੇ ਗੁਰੂ ਜੀ ਵੱਲੋਂ ਆਰੰਭੀ ਗਈ ਸੀ। ਪਰ ਦੂਜੇ ਪਾਸੇ ਰਾਮਰਾਇ ਗੱਦੀ 'ਤੇ ਹੱਕ ਜਤਾਉਣ ਲਈ ਔਰੰਗਜ਼ੇਬ ਤੇ ਉਸ ਦੇ ਅਹਿਲਕਾਰਾਂ ਪਾਸ ਚਾਲਾਂ ਚੱਲ ਕੇ ਗੱਦੀ ਹਾਸਲ ਕਰਨ ਲਈ ਤੇਜ਼-ਤਰਾਰ ਤਰੀਕੇ ਨਾਲ ਹੱਥ-ਪੈਰ ਮਾਰ ਰਿਹਾ ਸੀ। ਔਰੰਗਜ਼ੇਬ ਵੀ ਦੋਹਾਂ ਭਰਾਵਾਂ ਵਿਚਲੀ ਦੁਫੇੜ ਦਾ ਪੂਰਾ-ਪੂਰਾ ਫਾਇਦਾ ਲੈਣਾ ਚਾਹੁੰਦਾ ਸੀ। ਇਸ ਬਾਰੇ ਵੱਖ-ਵੱਖ ਵਿਦਵਾਨਾਂ ਨੇ ਵਿਚਾਰ ਪ੍ਰਗਟ ਕੀਤੇ ਹਨ। ਡਾ. ਹਰੀ ਰਾਮ ਗੁਪਤਾ ਅਨੁਸਾਰ ਔਰੰਗਜ਼ੇਬ ਕੁਟਲਨੀਤੀ ਦੇ ਹੁਨਰ ਦਾ ਉਸਤਾਦ ਸੀ, ਉਹ ਦੋਵਾਂ ਭਰਾਵਾਂ ਦੇ ਇਸ ਵਖਰੇਵੇਂ ਕਾਰਨ ਸਿੱਖ ਲਹਿਰ ਨੂੰ ਕੁਚਲਣ ਲਈ ਰਾਮਰਾਇ ਨੂੰ ਵਰਤਣ ਵਾਸਤੇ ਬੜਾ ਹੀ ਚਾਹਵਾਨ ਸੀ। ਔਰੰਗਜ਼ੇਬ ਬੜਾ ਚਾਲਬਾਜ਼, ਫਰੇਬੀ ਸੀ। ਉਸ ਨੇ ਸੋਚਿਆ ਵੱਡਾ ਭਰਾ ਤੇ ਮੇਰੇ ਹੱਥ ਵਿਚ ਹੈ, ਛੋਟੇ ਨੂੰ ਡਰਾ-ਧਮਕਾ ਕੇ ਵਸ ਕਰ ਲਿਆ ਜਾਵੇ, ਤਾਂ ਜੋ ਇਸਲਾਮ ਦੇ ਪ੍ਰਚਾਰ-ਪ੍ਰਸਾਰ ਦਾ ਰਾਹ ਸਾਫ ਹੋ ਜਾਵੇ। ਅਖੀਰ ਔਰੰਗਜ਼ੇਬ ਨੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਦਿੱਲੀ ਸੱਦਣ ਦਾ ਫੈਸਲਾ ਕਰ ਲਿਆ।

ਜਿਸ ਵੇਲੇ ਔਰੰਗਜ਼ੇਬ ਨੇ ਸਾਹਿਬ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਦਿੱਲੀ ਵਿਖੇ ਤਲਬ ਕੀਤਾ, ਤਾਂ ਉਨ੍ਹਾਂ ਨੇ ਆਪ ਜਾਣ ਦੀ ਬਜਾਏ ਆਪਣੇ ਵੱਡੇ ਪੁੱਤਰ ਸ੍ਰੀ ਰਾਮਰਾਇ ਨੂੰ ਭੇਜਿਆ। ਗੁਰੂ ਜੀ ਨੇ ਰਾਮਰਾਇ ਨੂੰ ਨਾਲ ਹੀ ਨਸ਼ੀਹਤ ਵੀ ਕੀਤੀ ਕਿ ਗੁਰੂ-ਆਸ਼ੇ ਦੇ ਉਲਟ ਜਾ ਕੇ ਕੋਈ ਗੱਲ, ਕਾਰਜ ਨਹੀਂ ਕਰਨਾ। ਪਰ ਸ੍ਰੀ ਰਾਮਰਾਇ ਨੇ ਆਪਣੀ ਚਤੁਰਾਈ ਨਾਲ ਰਾਜੇ ਨੂੰ ਖੁਸ਼ ਕਰਨ ਲਈ ਗੁਰੂ-ਪ੍ਰੰਪਰਾ ਤੇ ਗੁਰੂ-ਆਸ਼ੇ ਦੇ ਉਲਟ ਨਾਵਾਜਬ ਗੱਲਾਂ ਕੀਤੀਆਂ, ਇਥੋਂ ਤੀਕ ਕਿ ਗੁਰੂ ਨਾਨਕ ਪਾਤਸ਼ਾਹ ਜੀ ਦੀ ਬਾਣੀ ਦੀ ਤੁਕ ਬਦਲ ਕੇ 'ਮਿਟੀ ਮੁਸਲਮਾਨ ਕੀ' ਦੀ ਥਾਂ 'ਮਿਟੀ ਬੇਈਮਾਨ ਕੀ' ਕਰ ਦਿੱਤੀ। ਗੁਰੂ ਜੀ ਨੇ ਰਾਮਰਾਇ ਨੂੰ ਸਦਾ ਲਈ ਤਿਆਗ ਦਿੱਤਾ ਤੇ ਮੱਥੇ ਲੱਗਣ ਤੋਂ ਵੀ ਵਰਜ ਦਿੱਤਾ। ਰਾਮਰਾਇ ਦੀ ਨੀਤੀ ਬਾਰੇ ਸ੍ਰੀ ਗੁਰੂ ਹਰਿਰਾਇ ਸਾਹਿਬ ਨੇ ਆਪਣੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਹੀ ਸੰਗਤਾਂ ਨੂੰ ਸੁਚੇਤ ਕਰ ਦਿੱਤਾ ਸੀ ਤੇ ਨਾਲ ਹੀ ਹੁਕਮ ਕੀਤਾ ਸੀ ਕਿ ਸਾਡੀ ਜੋਤ ਮਾਨਵਤਾ ਨੂੰ ਰੱਬੀ ਗਿਆਨ ਦਾ ਚਾਨਣਾ ਵੰਡੇਗੀ ਤੇ ਇਹ ਸ੍ਰੀ ਹਰਿਕ੍ਰਿਸ਼ਨ ਵਿਚ ਪ੍ਰਜਵਲਿਤ ਹੋਵੇਗੀ। ਸੰਗਤਾਂ ਨੂੰ ਹੁਕਮ ਹੋਇਆ ਕਿ ਸ੍ਰੀ ਹਰਿਕ੍ਰਿਸ਼ਨ ਨੂੰ ਹੀ ਗੁਰੂ ਸਮਝਣਾ ਤੇ ਰਾਮਰਾਇ ਦੀਆਂ ਕੁਚਾਲਾਂ ਤੋਂ ਬਚ ਕੇ ਰਹਿਣਾ।

ਗੁਰੂ ਜੀ ਔਰੰਗਜ਼ੇਬ ਦੇ ਮੱਥੇ ਤੱਕ ਨਹੀਂ ਸੀ ਲੱਗਣਾ ਚਾਹੁੰਦੇ। ਰਾਮਰਾਇ ਪੂਰੀ ਸਰਗਰਮੀ ਨਾਲ ਚਾਲਬਾਜ਼ੀ ਖੇਡ ਰਿਹਾ ਸੀ ਕਿ ਕਿਸੇ ਤਰ੍ਹਾਂ ਵੀ ਗੁਰਗੱਦੀ ਮੇਰੇ ਹੱਥ ਲੱਗ ਜਾਵੇ। ਭਾਵੇਂ ਰਾਮਰਾਇ, ਔਰੰਗਜ਼ੇਬ ਨੂੰ ਅਹਿਲਕਾਰਾਂ ਰਾਹੀਂ ਕਈ ਤਰ੍ਹਾਂ ਦੇ ਮਸ਼ਵਰੇ, ਸਲਾਹਾਂ ਦੇ ਰਿਹਾ ਸੀ, ਪਰ ਔਰੰਗਜ਼ੇਬ ਨੂੰ ਫਿਰ ਵੀ ਪਤਾ ਸੀ ਕਿ ਗੁਰੂ ਹਰਿਰਾਇ ਸਾਹਿਬ ਜੋ ਨਸੀਹਤ ਦੇ ਗਏ ਹਨ, ਮੇਰੇ ਸੱਦੇ 'ਤੇ ਸ੍ਰੀ ਹਰਿਕ੍ਰਿਸ਼ਨ ਜੀ ਦਿੱਲੀ ਨਹੀਂ ਆਉਣ ਲੱਗੇ। ਉਸ ਨੇ ਰਾਜਾ ਜੈ ਸਿੰਘ ਨੂੰ ਵਰਤ ਲਿਆ। ਰਾਜਾ ਜੈ ਸਿੰਘ ਨੇ ਗੁਰੂ ਜੀ ਨੂੰ ਇਕ ਪੱਤਰ ਲਿਖ ਕੇ ਕੀਰਤਪੁਰ ਸਾਹਿਬ ਅਹਿਲਕਾਰ ਰਾਹੀਂ ਭੇਜਿਆ। ਇਸੇ ਸਮੇਂ ਹੀ ਦਿੱਲੀ ਦੀ ਸੰਗਤ ਨੇ ਬੇਨਤੀ ਪੱਤਰ ਗੁਰੂ ਜੀ ਵੱਲ ਭੇਜਿਆ ਕਿ ਰਾਮਰਾਇ ਬਹੁਤ ਕੁਚਾਲਾਂ ਚੱਲ ਰਿਹਾ ਹੈ, ਇਸ ਦੀ ਹਨੇਰਗਰਦੀ ਤੋਂ ਪਰਦਾ ਚੁੱਕਣ ਲਈ ਤੁਸੀਂ ਦਿੱਲੀ ਜ਼ਰੂਰ ਆਉ। ਗੁਰੂ ਜੀ ਨੇ ਔਰੰਗਜ਼ੇਬ ਦੇ ਸੱਦੇ ਨੂੰ ਅਪ੍ਰਵਾਨ ਕਰਦਿਆਂ ਤੇ ਸੰਗਤ ਦੀ ਬੇਨਤੀ ਨੂੰ ਮੰਨਦਿਆਂ ਦਿੱਲੀ ਆਉਣਾ ਕੀਤਾ। ਜਦ ਗੁਰੂ ਜੀ ਦਿੱਲੀ ਦੇ ਸਫਰ ਲਈ ਤੁਰੇ, ਤਾਂ ਉਨ੍ਹਾਂ ਨਾਲ ਸੰਗਤ ਵੀ ਤੁਰ ਪਈ। ਵੱਖ-ਵੱਖ ਥਾਈਂ ਪੜਾਅ ਕਰਦਿਆਂ ਅੰਬਾਲੇ ਨਜ਼ਦੀਕ ਪੰਜੋਖਰੇ ਪਿੰਡ ਪੁੱਜੇ। ਇਥੇ ਮਨਮਤੀ ਬ੍ਰਾਹਮਣ ਲਾਲ ਚੰਦ ਗੁਰੂ ਜੀ ਨੂੰ ਮਿਲਿਆ ਤੇ ਕਹਿਣ ਲੱਗਾ ਤੁਸੀਂ ਆਪਣੇ ਆਪ ਨੂੰ ਗੁਰੂ ਹਰਿਕ੍ਰਿਸ਼ਨ ਅਖਵਾਉਂਦੇ ਜੇ, ਤੁਸੀਂ ਤਾਂ ਸ੍ਰੀ ਕ੍ਰਿਸ਼ਨ ਨਾਲੋਂ ਵੀ ਵੱਡੇ ਬਣਦੇ ਹੋ, ਸ੍ਰੀ ਕ੍ਰਿਸ਼ਨ ਨੇ ਤਾਂ ਗੀਤਾ ਰਚੀ ਸੀ, ਤੁਸੀਂ ਉਸ ਦੇ ਅਰਥ ਕਰ ਕੇ ਦੱਸੋ। ਉਨ੍ਹਾਂ ਪੰਡਤ ਨੂੰ ਕਿਹਾ ਕਿ ਅਸੀਂ ਤਾਂ ਅਕਾਲ ਪੁਰਖ ਦੇ ਹਿਤਕਾਰੀ ਹਾਂ, ਸੇਵਕ ਹਾਂ, ਅਸੀਂ ਕਿਸੇ ਨਾਲ ਜਿੱਦ ਕੇ ਕੀ ਲੈਣਾ। ਤੁਸੀਂ ਪਿੰਡ 'ਚੋਂ ਕਿਸੇ ਵੀ ਸਿੱਖ ਨਾਲ ਵਿਚਾਰ-ਚਰਚਾ ਕਰ ਲਵੋ, ਤੁਹਾਡੀ ਮਨੋ-ਕਾਮਨਾ ਪੂਰੀ ਕਰ ਦੇਵੇਗਾ। ਪੰਡਤ ਪਿੰਡ ਵਿਚੋਂ ਇਕ ਛੱਜੂ ਰਾਮ ਨਾਂ ਦੇ ਇਕ ਮੂਰਖ ਜਿਹੇ ਬੰਦੇ ਨੂੰ ਲੈ ਆਇਆ। ਗੁਰੂ ਜੀ ਨੇ ਛੱਜੂ ਰਾਮ ਦੇ ਸਿਰ ਉਤੇ ਆਪਣੀ ਸੋਟੀ ਦਾ ਸਿਰਾ ਰੱਖਿਆ ਤੇ ਪੰਡਤ ਨੂੰ ਕਿਹਾ, ਪੁੱਛੋ ਕੀ ਪੁੱਛਣਾ? ਪੰਡਤ ਨੇ ਛੱਜੂ ਤੋਂ ਗੀਤਾ ਦੇ ਅਰਥ ਪੁੱਛੇ, ਛੱਜੂ ਨਿਰਵਿਘਨ ਦੱਸੀ ਗਿਆ। ਲਾਲ ਚੰਦ ਪੰਡਤ ਦਾ ਹੰਕਾਰ ਚਕਨਾਚੂਰ ਹੋ ਗਿਆ ਤੇ ਉਹ ਗੁਰੂ ਜੀ ਦੇ ਚਰਨੀਂ ਢਹਿ ਗਿਆ।



ਸਿੱਖਾਂ ਦੇ ਅੱਠਵੇਂ ਗੁਰੂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਸਬੰਧੀ ਸਿੱਖ ਅਰਦਾਸ ਵਿਚ ਦਸਮ ਪਾਤਸ਼ਾਹ ਜੀ ਦੇ ਪਾਵਨ ਬਚਨ ਹਨ; 'ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੈ ਸਭਿ ਦੁਖ ਜਾਇ॥' ਆਪ ਜੀ ਦਾ ਪ੍ਰਕਾਸ਼ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਨਿਵਾਸ ਅਸਥਾਨ (ਸੀਸ ਮਹਿਲ) ਮਾਤਾ ਕਿਸ਼ਨ ਕੌਰ ਜੀ ਦੀ ਕੁੱਖੋਂ ਸਾਵਣ ਵਦੀ 10 ਸੰਮਤ 1713 ਮੁਤਾਬਕ 7 ਜੁਲਾਈ ਸੰਨ 1656 ਨੂੰ ਕੀਰਤਪੁਰ ਸਾਹਿਬ ਵਿਖੇ ਹੋਇਆ। ਗੁਰੂ ਜੀ ਨੇ ਛੋਟੀ ਉਮਰੇ ਲੋਕ ਭਲਾਈ ਲਈ ਵੱਡੇ ਤੇ ਮਹਾਨ ਕਾਰਜ ਕੀਤੇ। ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਦੋ ਪੁੱਤਰ ਹੋਏ, ਵੱਡਾ ਰਾਮਰਾਇ ਤੇ ਛੋਟਾ ਸ੍ਰੀ ਹਰਿਕ੍ਰਿਸ਼ਨ ਜੀ। ਰਾਮਰਾਇ ਸਿਆਣਾ, ਚਲਾਕ, ਨੀਤੀ ਨਿਪੁੰਨ ਤੇ ਸਿੱਖ ਸੰਗਤਾਂ ਵਿਚ ਰਸੂਖ ਰੱਖਣ ਵਾਲਾ ਸੀ। ਪਰ ਉਹ ਕਾਹਲ ਵਿਚ ਜਲਦ ਗੁਰੂ ਬਣਨ ਦੀ ਇੱਛਾ ਰੱਖਦਾ ਸੀ। ਉਹ ਵੱਡਾ ਈਰਖਾਲੂ ਸੀ। 'ਇਸ ਇਨਕਲਾਬੀ ਤੇ ਲੋਕ ਹਿਤੈਸ਼ੀ ਲਹਿਰ ਦੇ ਵੇਗ ਨੂੰ ਆਪਣੇ ਮੂਲ ਸਰੂਪ ਤੇ ਜੋਸ਼ ਵਿਚ ਚੱਲਦਾ, ਵਿਗਸਦਾ ਰੱਖਣ ਲਈ ਜੋ ਸੂਝ, ਸਿਆਣਪ, ਦਲੇਰੀ, ਦੂਰ-ਅੰਦੇਸ਼ੀ, ਹਿੰਮਤ, ਗੁਰੂ ਹਰਿਕ੍ਰਿਸ਼ਨ ਜੀ ਨੇ ਵਰਤੀ ਉਹ ਵੀ ਸਿੱਖ ਧਰਮ ਵਿਚ ਚੜ੍ਹਦੀ ਕਲਾ ਦੇ ਸੰਕਲਪ ਤੇ ਪ੍ਰੰਪਰਾ ਦਾ ਇਕ ਮਹਾਨ ਅਦੁੱਤੀ ਕ੍ਰਿਸ਼ਮਾ ਸੀ।'

ਗੁਰੂ ਜੀ ਨੇ ਦਿੱਲੀ ਪੁੱਜ ਕੇ ਰਾਜਾ ਜੈ ਸਿੰਘ ਦੇ ਬੰਗਲੇ ਵਿਚ ਨਿਵਾਸ ਕੀਤਾ। ਉਥੇ ਹੀ ਸੰਗਤਾਂ ਨੂੰ ਸਤਿਸੰਗ, ਨਾਮ ਸਿਮਰਨ ਰਾਹੀਂ ਨਿਹਾਲ ਕਰਦੇ ਰਹੇ। ਰਾਜਾ ਜੈ ਸਿੰਘ ਨੇ ਯਤਨ ਕੀਤਾ ਕਿ ਗੁਰੂ ਜੀ ਔਰੰਗਜ਼ੇਬ ਨਾਲ ਮੁਲਾਕਾਤ ਕਰਨ। ਪਰ ਉਨ੍ਹਾਂ ਜਵਾਬ ਦਿੰਦਿਆ ਕਿਹਾ ਕਿ ਮੇਰਾ ਕੰਮ ਸਤਿਨਾਮ ਦਾ ਉਪਦੇਸ਼ ਦੇਣਾ ਤੇ ਪ੍ਰਚਾਰ ਕਰਨਾ ਹੈ। ਬਾਦਸ਼ਾਹ ਨੇ ਮੈਥੋਂ ਤੇ ਮੈਂ ਉਸ ਤੋਂ ਕੀ ਲੈਣਾ ਹੈ। ਔਰੰਗਜ਼ੇਬ ਦਾ ਵੱਡਾ ਸਹਿਜ਼ਾਦਾ ਮੁਅੱਜਮ, ਗੁਰੂ ਜੀ ਦੀ ਮਾਣ, ਮਹੱਤਤਾ ਨੂੰ ਮੁੱਖ-ਰੱਖਦਿਆਂ ਉਨ੍ਹਾਂ ਦੇ ਦਰਸ਼ਨਾਂ ਲਈ ਆਪ ਚੱਲ ਕੇ ਆਇਆ ਸੀ। ਉਸ ਨੇ ਰਾਮਰਾਇ ਵੱਲੋਂ ਗੁਰਗੱਦੀ ਉਪਰ ਦਾਅਵੇ ਦੀ ਗੱਲ ਕੀਤੀ, ਗੁਰੂਦੇਵ ਨੇ ਉਸ ਨੂੰ ਵੀ ਕਹਿ ਭੇਜਿਆ ਸੀ ਕਿ ਗੁਰਗੱਦੀ ਵਿਰਾਸਤ ਜਾਂ ਕਿਸੇ ਦੀ ਮਲਕੀਅਤ ਨਹੀਂ। ਗੁਰੂ ਨਾਨਕ ਸਾਹਿਬ ਨੇ ਆਪਣੇ ਪੁੱਤਰਾਂ ਨੂੰ ਛੱਡ ਕੇ ਇਕ ਸੇਵਕ ਸਿੱਖ ਨੂੰ ਗੱਦੀ ਸੌਂਪੀ ਸੀ, ਸ੍ਰੀ ਗੁਰੂ ਅੰਗਦ ਸਾਹਿਬ ਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਵੀ ਆਪਣੇ ਪੁੱਤਰਾਂ ਨੂੰ ਗੱਦੀ ਨਹੀਂ ਦਿੱਤੀ। ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਵੱਡੇ ਦੋ ਪੁੱਤਰਾਂ ਨੂੰ ਛੱਡ ਕੇ ਛੋਟੇ ਪੁੱਤਰ ਨੂੰ ਗੁਰਿਆਈ ਦਿੱਤੀ ਸੀ। ਇਸੇ ਤਰ੍ਹਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਪੁੱਤਰਾਂ ਤੇ ਵੱਡੇ ਪੋਤਰੇ ਨੂੰ ਛੱਡ ਕੇ ਛੋਟੇ ਪੋਤਰੇ ਨੂੰ ਗੁਰਗੱਦੀ ਲਈ ਚੁਣਿਆ ਸੀ। ਗੁਰੂ ਜੀ ਨੇ ਜੋ ਯੋਗ ਸਮਝਿਆ, ਉਹੀ ਕੀਤਾ ਹੈ। ਰਾਮਰਾਇ ਨੇ ਗੁਰੂ-ਆਸ਼ੇ ਦੇ ਉਲਟ ਕਾਰਜ ਕੀਤਾ ਹੈ, ਉਸ ਨੂੰ ਗੱਦੀ ਨਹੀਂ ਮਿਲੀ। ਔਰੰਗਜ਼ੇਬ ਨੇ ਗੁਰੂ ਜੀ ਦੇ ਬਚਨ ਸੁਣ ਕੇ ਰਾਮਰਾਇ ਦੀ ਅਰਜੀ ਖਾਰਜ ਕਰ ਦਿੱਤੀ। 'ਰਾਮਰਾਇ ਨਾਲ ਕੋਈ ਬੇ-ਇਨਸਾਫੀ ਨਹੀਂ ਹੋਈ, ਹਕੂਮਤ ਕਿਸੇ ਨੂੰ ਗੱਦੀ ਨਹੀਂ ਦਵਾ ਸਕਦੀ। ਅਕਾਲ ਪੁਰਖ ਵੱਲੋਂ ਚਲਾਏ ਧਰਮ ਦੀ ਗੱਦੀ 'ਤੇ ਜਬਰੀ ਰਾਜਸੀ ਕਬਜ਼ਾ ਨਹੀਂ ਹੋ ਸਕਦਾ। ਜੋ ਚੋਣ ਸਤਵੇਂ ਗੁਰੂ ਸਾਹਿਬ ਕਰ ਗਏ ਹਨ, ਉਸ ਨੂੰ ਬਦਲਣਾ ਸਾਡੇ ਵਸ ਦੀ ਗੱਲ ਨਹੀਂ।' ਗੁਰੂ ਜੀ ਇਸਲਾਮ ਦੀ ਰਾਜਧਾਨੀ ਵਿਚ ਉਸ ਨਾਨਕ ਦੇ ਘਰ ਦਾ ਪ੍ਰਚਾਰ ਨਿਡਰ, ਨਿਰਭੈਅ, ਦ੍ਰਿੜ੍ਹਤਾ ਤੇ ਅਡੋਲਤਾ ਨਾਲ ਕਰਦੇ ਰਹੇ। ਸਤਿਗੁਰੂ ਪਾਤਸ਼ਾਹ ਜੀ ਨੇ ਆਪਣੀ ਪਾਵਨ ਕਥਨੀ, ਕਰਨੀ, ਰਹਿਣੀ, ਬਹਿਣੀ ਅਤੇ ਬਾਣੀ ਦੁਆਰਾ ਸਾਧਾਰਨ ਮਨੁੱਖ ਦੀਆਂ ਸੁੱਤੀਆਂ ਕਲਾਂ ਜਗਾ ਕੇ ਉਸ ਦੇ ਤਨ-ਮਨ ਵਿਚ ਅਗੰਮੀ ਰੂਹ ਫੂਕ ਕੇ ਕਾਇਆ-ਕਲਪ ਕੀਤੀ। ਪੌਣੇ ਅੱਠ ਕੁ ਵਰ੍ਹਿਆਂ ਦੇ ਬਾਲ ਗੁਰੂ ਜੀ ਨੇ ਗੁਰਗੱਦੀ ਦੀ ਪਵਿੱਤਰਤਾ ਤੇ ਪ੍ਰੰਪਰਾ ਨੂੰ ਕਾਇਮ ਰੱਖਦਿਆਂ ਸਾਰੇ ਗੁਰੂ ਦੋਖੀਆਂ ਤੇ ਵਿਰੋਧੀਆਂ ਦੀਆਂ ਸਾਜਿਸ਼ਾਂ ਤੇ ਆਸਾਂ-ਉਮੀਦਾਂ 'ਤੇ ਪਾਣੀ ਫੇਰਦਿਆਂ ਸ਼ਾਨਦਾਰ ਸਫਲਤਾ ਪ੍ਰਾਪਤ ਕੀਤੀ। ਢਾਈ ਕੁ ਸਾਲ ਦੀ ਗੁਰਿਆਈ ਦੌਰਾਨ ਅਜਿਹੇ ਮਹੱਤਵਪੂਰਨ ਕਾਰਜ ਉਨ੍ਹਾਂ ਦੀ ਦੂਰਦਰਸ਼ਤਾ, ਨਿਰਭੈਤਾ ਤੇ ਸੂਰਬੀਰਤਾ ਅਜਿਹੇ ਚਮਤਕਾਰ ਹਨ, ਜਿਨ੍ਹਾਂ ਬਾਰੇ ਭਾਈ ਗੁਰਦਾਸ ਜੀ ਨੇ ਉਨ੍ਹਾਂ ਨੂੰ 'ਹਰਿਕ੍ਰਿਸ਼ਨ ਭਯੋ ਅਸਟਮ ਬਲਬੀਰਾ' ਲਿਖਿਆ ਹੈ।

ਗੁਰੂ ਜੀ ਨੂੰ ਤਾਪ ਆ ਜਾਣ ਦੇ ਨਾਲ ਹੀ ਚੇਚਕ ਵੀ ਨਿਕਲ ਆਈ। ਸੰਗਤ ਡੋਲ ਗਈ, ਗੁਰੂ ਜੀ ਨੇ ਸਭ ਨੂੰ ਧੀਰਜ ਦਿੰਦਿਆਂ ਵਾਹਿਗੁਰੂ ਦਾ ਹੁਕਮ ਸਤ ਕਰ ਮੰਨਣ ਦਾ ਉਪਦੇਸ਼ ਦਿੱਤਾ। ਸੰਗਤਾਂ ਨੇ ਨਿਮਰਤਾ ਸਹਿਤ ਬੇਨਤੀ ਕੀਤੀ, ਗੁਰੂ ਜੀ ਤੁਹਾਡਾ ਵੱਡਾ ਭਰਾ ਰਾਮਰਾਇ, ਗੋਦਾਂ ਗੁੰਦੀ ਜਾ ਰਿਹਾ ਹੈ, ਪੰਜਾਬ ਵਿਚ ਧੀਰਮੱਲ ਤੇ ਸੋਢੀ ਗੱਦੀ ਦੇ ਦਾਅਵੇਦਾਰ ਬਣੀ ਬੈਠੇ ਹਨ। ਤੁਹਾਡੇ ਜੋਤੀ-ਜੋਤਿ ਸਮਾਅ ਜਾਣ ਤੋਂ ਬਾਅਦ ਸਭ ਗੁਰੂ ਬਣ ਬੈਠ ਜਾਣਗੇ, ਸਾਨੂੰ ਕਿਸੇ ਮਾਰਗ ਪਾਓ, ਤਾਂ ਗੁਰੂ ਜੀ ਨੇ ਕਿਹਾ ਕਿ ਇਹ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਇਵੇਂ ਜਗਦੀ ਰਹੇਗੀ। ਅਖੀਰ ਗੁਰੂ ਜੀ ਤਿੰਨ ਵਾਰ ਬਾਂਹ ਉਲਾਰ ਕੇ 'ਬਾਬਾ ਬਕਾਲੇ' ਦੀ ਦੱਸ ਪਾਉਂਦਿਆਂ, 30 ਮਾਰਚ 1664 ਈ: ਨੂੰ ਜੋਤੀ-ਜੋਤਿ ਸਮਾ ਗਏ। ਬਾਬੇ ਬਕਾਲੇ ਤੋਂ ਭਾਵ ਸ੍ਰੀ ਗੁਰੂ ਤੇਗ ਬਹਾਦਰ ਜੋ ਬਾਬਾ ਗੁਰਦਿੱਤਾ ਜੀ ਦੇ ਛੋਟੇ ਭਰਾ ਹੋਣ ਕਾਰਨ ਰਿਸ਼ਤੇ ਵਜੋਂ ਗੁਰੂ ਜੀ ਦੇ ਦਾਦਾ ਲੱਗਦੇ ਸਨ। ਆਪ ਜੀ ਦਾ ਸਸਕਾਰ ਯਮਨਾ ਨਦੀ ਦੇ ਕੰਢੇ ਉਸ ਸਥਾਨ ਉਤੇ ਕੀਤਾ, ਜਿਥੇ ਹੁਣ ਗੁਰਦੁਆਰਾ ਬਾਲਾ ਸਾਹਿਬ ਬਣਿਆ ਹੋਇਆ ਹੈ। ਆਪ ਜੀ ਦੇ ਨਿਵਾਸ ਸਥਾਨ ਵਾਲੇ ਬੰਗਲੇ ਵਾਲੀ ਥਾਂ 'ਤੇ ਹੁਣ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਸੁਭਾਇਮਾਨ ਹੈ।

-ਡਾ. ਸਤਿਆਵਾਨ 'ਸੌਰਭ'
ਹਰਿਆਣਾ
94665-26148, 01255281381
ਪੰਜਾਬ ਮੇਲ USA



# ਸਾਵਣ ਮਨਭਾਨ: ਬਰਸਾਤ ਦੇ ਮੌਸਮ ਵਿਚ ਸਾਹਿਤ ਅਤੇ ਸੰਵੇਦਨਸ਼ੀਲਤਾ ਦੀ ਹਰਿਆਲੀ

ਸਾਵਣ ਸਿਰਫ਼ ਇੱਕ ਰੁੱਤ ਨਹੀਂ ਹੈ, ਸਗੋਂ ਭਾਰਤੀ ਜੀਵਨ, ਸਾਹਿਤ ਅਤੇ ਸੱਭਿਆਚਾਰ ਵਿਚ ਇੱਕ ਡੂੰਘੀ ਅਧਿਆਤਮਿਕ ਭਾਵਨਾ ਹੈ। ਇਹ ਰੁੱਤ ਨਾ ਸਿਰਫ਼ ਧਰਤੀ ਨੂੰ ਹਰਿਆ ਭਰਿਆ ਬਣਾਉਂਦੀ ਹੈ, ਸਗੋਂ ਮਨ ਨੂੰ ਵੀ ਤਰੋਤਾਜ਼ਾ ਕਰਦੀ ਹੈ। ਲੋਕ ਗੀਤਾਂ, ਝੂਲਿਆਂ, ਤੀਜਾਂ ਅਤੇ ਕਵਿਤਾਵਾਂ ਰਾਹੀਂ, ਸਾਵਣ ਔਰਤਾਂ ਦੇ ਪ੍ਰਗਟਾਵੇ, ਪਿਆਰ ਦੀ ਉਡੀਕ ਅਤੇ ਵਿਛੋੜੇ ਦੇ ਦਰਦ ਦੀ ਆਵਾਜ਼ ਬਣ ਜਾਂਦੀ ਹੈ। ਲੇਖਕਾਂ ਨੇ ਇਸਨੂੰ ਕਦੇ ਪਿਆਰ ਦੇ ਪ੍ਰਤੀਕ ਵਜੋਂ ਦੇਖਿਆ ਹੈ, ਕਦੇ ਵਿਛੋੜੇ ਦੇ ਪ੍ਰਤੀਕ ਵਜੋਂ ਅਤੇ ਕਦੇ ਕੁਦਰਤ ਦੇ ਪ੍ਰਤੀਕ ਵਜੋਂ। ਪਰ ਅੱਜ ਦਾ ਆਧੁਨਿਕ ਮਨ ਸਾਵਣ ਨੂੰ ਸਿਰਫ਼ ਇੱਕ ਰੁੱਤ ਸਮਝਦਾ ਹੈ, ਇਸਨੂੰ ਮਹਿਸੂਸ ਨਹੀਂ ਕਰਦਾ। ਇਹ ਲੇਖ ਸਾਵਣ ਦੇ ਸੱਭਿਆਚਾਰਕ, ਸਾਹਿਤਕ ਅਤੇ ਭਾਵਨਾਤਮਕ ਪਹਿਲੂਆਂ ਨੂੰ ਉਜਾਗਰ ਕਰਦਾ ਹੈ ਅਤੇ ਸਾਨੂੰ ਯਾਦ ਦਿਵਾਉਂਦਾ ਹੈ ਕਿ ਗਿੱਲਾ ਹੋਣਾ ਸਿਰਫ਼ ਸਰੀਰ ਨਾਲ ਹੀ ਨਹੀਂ, ਸਗੋਂ ਆਤਮਾ ਨਾਲ ਵੀ ਮਹੱਤਵਪੂਰਨ ਹੈ। ਸਾਵਨ ਸਾਨੂੰ ਸਿਖਾਉਂਦਾ ਹੈ - ਕੁਦਰਤ ਨਾਲ ਜੁੜੋ, ਆਪਣੇ ਅੰਦਰ ਝਾਤੀ ਮਾਰੋ ਅਤੇ ਸੰਵੇਦਨਸ਼ੀਲਤਾ ਨੂੰ ਜੀਓ। -ਡਾ. ਸਤਿਆਵਾਨ ਸੌਰਭ

ਸਾਵਣ ਆ ਗਿਆ ਹੈ। ਬਰਸਾਤ ਦੀ ਪਹਿਲੀ ਦਸਤਕ ਦੇ ਨਾਲ, ਜਦੋਂ ਬੱਦਲ ਇਕੱਠੇ ਹੁੰਦੇ ਹਨ ਅਤੇ ਬੂੰਦਾਂ ਧਰਤੀ ਨੂੰ ਚੁੰਮਦੀਆਂ ਹਨ, ਤਾਂ ਨਾ ਸਿਰਫ਼ ਰੁੱਖ ਅਤੇ ਪੌਦੇ, ਸਗੋਂ ਮਨੁੱਖ ਦੀ ਅੰਦਰੂਨੀ ਆਤਮਾ ਵੀ ਹਰੀ ਭਰੀ ਹੋਣ ਲੱਗਦੀ ਹੈ। ਇਹ ਮਹੀਨਾ ਸਿਰਫ਼ ਮੀਂਹ ਦਾ ਹੀ ਨਹੀਂ, ਸਗੋਂ ਯਾਦਦਾਸ਼ਤ, ਸੰਵੇਦਨਸ਼ੀਲਤਾ ਅਤੇ ਸਿਰਜਣਾ ਦਾ ਵੀ ਹੈ। ਜਦੋਂ ਸਾਵਣ ਆਉਂਦਾ ਹੈ, ਕਵਿਤਾ ਵਹਿਣ ਲੱਗਦੀ ਹੈ, ਲੋਕ ਗੀਤ ਗੂੰਜਣ ਲੱਗਦੇ ਹਨ, ਗਿੱਟੇ ਝਣਝਣ ਲੱਗਦੇ ਹਨ ਅਤੇ ਇੱਥੋਂ ਤੱਕ ਕਿ ਗੁੱਸੇ ਵਾਲਾ ਪਿਆਰ ਵੀ ਨਮੀ ਵਿਚ ਘੁਲ ਕੇ ਵਾਪਸ ਆ ਜਾਂਦਾ ਹੈ।

ਸਾਵਨ ਕੋਈ ਮੌਸਮ ਨਹੀਂ ਹੈ, ਇਹ ਮਨ ਦੀ ਇੱਕ ਅਵਸਥਾ ਹੈ।

ਭਾਰਤੀ ਮਾਨਸਿਕਤਾ ਵਿਚ, ਰੁੱਤਾਂ ਸਿਰਫ਼ ਰੁੱਤਾਂ ਨਹੀਂ ਹਨ, ਇਹ ਜੀਵਨ ਦੇ ਪ੍ਰਤੀਕ ਰਹੀਆਂ ਹਨ। ਬਸੰਤ ਪਿਆਰ ਦੇ ਮਹੀਨੇ ਵਜੋਂ, ਗਰਮੀ ਤਪੱਸਿਆ ਦੇ ਮਹੀਨੇ ਵਜੋਂ ਅਤੇ ਸਾਵਣ ਉਡੀਕ ਦੇ ਮਹੀਨੇ ਵਜੋਂ ਆਉਂਦੀ ਹੈ। ਸਾਵਣ ਵਿਚ, ਅਕਸਰ ਪਿਆਰਾ ਇਕੱਲਾ ਹੁੰਦਾ ਹੈ, ਪਿਆਰਾ ਕਿਸੇ ਦੂਰ ਦੇਸ਼ ਵਿਚ ਚਲਾ ਗਿਆ ਹੁੰਦਾ ਹੈ, ਅਤੇ ਉਡੀਕ ਦੇ ਵਿਚਕਾਰ, ਵਿਛੋੜੇ ਦੀ ਕਵਿਤਾ ਦਾ ਜਨਮ ਹੁੰਦਾ ਹੈ। ਇਸ ਲਈ, ਸਾਹਿਤ ਵਿਚ ਸਾਵਣ ਦਾ ਆਗਮਨ ਨਾ ਸਿਰਫ਼ ਇੱਕ ਕੁਦਰਤੀ ਹੈ, ਸਗੋਂ ਇੱਕ ਅਧਿਆਤਮਿਕ ਘਟਨਾ ਵੀ ਹੈ।

"ਭਰਾ, ਆਪਣੇ ਸਹੁਰੇ ਘਰੋਂ ਫ਼ੋਨ ਭੇਜੋ", "ਕਜਰਾਰੇ ਨਯਨਵਾ ਹੰਝੂਆਂ ਨਾਲ ਕਿਉਂ ਭਰ ਗਿਆ ਹੈ" ਵਰਗੇ ਕਜਰੀ ਗੀਤ ਸਿਰਫ਼ ਆਵਾਜ਼ਾਂ ਨਹੀਂ ਹਨ, ਇਹ ਦਰਦ ਦੇ ਪਾਣੀ ਵਾਂਗ ਵਗਦੇ ਹਨ।

ਲੋਕ ਸੱਭਿਆਚਾਰ ਵਿਚ ਸਾਵਣ ਦਾ ਰੰਗ

ਸਾਵਣ ਦਾ ਮਹੀਨਾ ਭਾਰਤੀ ਲੋਕ ਪ੍ਰੰਪਰਾ ਦਾ ਸਭ ਤੋਂ ਰੰਗੀਨ ਅਧਿਆਇ ਹੈ। ਕਿਤੇ ਤੀਜ ਮਨਾਈ ਜਾ ਰਹੀ ਹੈ, ਕਿਤੇ ਝੂਲੇ ਲਗਾਏ ਜਾ ਰਹੇ ਹਨ, ਕਿਤੇ ਮਹਿੰਦੀ ਲਗਾਈ ਜਾ ਰਹੀ ਹੈ ਅਤੇ ਕਿਤੇ ਭੈਣਾਂ ਲਈ ਰੱਖੜੀ ਦੇ ਗੀਤ ਤਿਆਰ ਕੀਤੇ ਜਾ ਰਹੇ ਹਨ। ਇਹ ਮਹੀਨਾ ਔਰਤ ਮਨ ਦੀ ਰਚਨਾਤਮਕ ਉਡਾਣ ਦਾ ਸਮਾਂ ਹੈ। ਦਾਦੀਆਂ ਦੀਆਂ ਕਹਾਣੀਆਂ, ਮਾਵਾਂ ਦੇ ਗੀਤ ਅਤੇ ਧੀਆਂ ਦੀ ਉਡੀਕ - ਸਭ ਕੁਝ ਸਾਵਣ ਦੀ ਹਵਾ ਵਿਚ ਘੁਲ ਜਾਂਦਾ ਹੈ।



ਹਰਿਆਣਾ, ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ ਅਤੇ ਰਾਜਸਥਾਨ ਵਰਗੇ ਰਾਜਾਂ ਵਿਚ, ਕਜਰੀ, ਝੂਲਾ ਗੀਤ, ਸਾਵਨੀ ਅਤੇ ਹਰਿਆਲੀ ਤੀਜ ਲੋਕ ਕਵਿਤਾ ਦਾ ਰੂਪ ਧਾਰਨ ਕਰਦੇ ਹਨ। ਇਹ ਗੀਤ ਸਿਰਫ਼ ਮਨੋਰੰਜਨ ਨਹੀਂ ਹਨ, ਇਹ ਮਹਿਲਾ ਸਸ਼ਕਤੀਕਰਨ ਦੇ ਸੱਭਿਆਚਾਰਕ ਦਸਤਾਵੇਜ਼ ਹਨ - ਜਿੱਥੇ ਔਰਤਾਂ ਆਪਣੀਆਂ ਭਾਵਨਾਵਾਂ, ਸ਼ਿਕਾਇਤਾਂ, ਪਿਆਰ ਅਤੇ ਇੱਥੋਂ ਤੱਕ ਕਿ ਵਿਦਰੋਹ ਵੀ ਗਾਉਂਦੀਆਂ ਹਨ।

ਸਾਹਿਤ ਵਿਚ ਸਾਵਨ: ਤਸਵੀਰਾਂ ਅਤੇ ਪ੍ਰਤੀਕਾਂ ਦੀ ਵਰਖਾ

ਸਾਹਿਤਕਾਰ ਸਾਵਣ ਦੇ ਮਹੀਨੇ ਨੂੰ ਸਿਰਫ਼ ਕੁਦਰਤ ਦੇ ਚਿੱਤਰਣ ਵਜੋਂ ਹੀ ਨਹੀਂ, ਸਗੋਂ ਮਨੁੱਖੀ ਭਾਵਨਾਵਾਂ ਦੇ ਪ੍ਰਤੀਨਿਧ ਵਜੋਂ ਵੀ ਦੇਖਦੇ ਹਨ।

ਮਹਾਦੇਵੀ ਵਰਮਾ ਦੇ ਸ਼ਬਦਾਂ ਵਿਚ, ਸਾਵਣ ਇਕੱਲਤਾ ਦਾ ਦਰਦ ਹੈ:-

"ਹੰਝੂਆਂ ਨਾਲ ਭਰੇ ਦੁੱਖ ਦਾ ਬਦਲਾਓ"।

ਮੈਥਿਲੀਸ਼ਰਨ ਗੁਪਤ ਨੇ ਸ਼ਿੰਗਾਰ ਰਸ ਵਿਚ ਸਾਵਣ ਦਾ ਮਹੀਨਾ ਦੇਖਿਆ:-

"ਚਪਾਲਾ ਦੀਆਂ ਖਿੰਡੀਆਂ ਹੋਈਆਂ ਕਿਰਨਾਂ ਤੋਂ ਖਿੰਡੀਆਂ ਮੀਂਹ ਦੀਆਂ ਬੂੰਦਾਂ"।

ਗੁਲਜ਼ਾਰ ਦੀ ਕਵਿਤਾ ਹੋਵੇ ਜਾਂ ਨਾਗਾਰਜੁਨ ਦੀ ਭਾਸ਼ਾ, ਸਾਵਨ ਹਰ ਕਿਸੇ ਲਈ ਕੁਝ ਨਾ ਕੁਝ ਕਹਿੰਦਾ ਹੈ। ਕੁਝ ਲਈ ਇਹ ਟੁੱਟੇ ਹੋਏ ਰਿਸ਼ਤਿਆਂ ਦੀ ਯਾਦ ਹੈ, ਕੁਝ ਲਈ ਇਹ ਮਾਂ ਦੀ ਗੋਦ ਵਿਚ ਬਿਤਾਇਆ ਬਚਪਨ ਹੈ, ਅਤੇ ਕੁਝ ਲਈ ਇਹ ਪਿਆਰ ਦੀ ਪਹਿਲੀ ਗਿੱਲੀ ਰਾਤ ਹੈ।

ਅੰਦਰਲੀ ਬਾਰਿਸ਼ ਨੂੰ ਸਮਝਣਾ ਜ਼ਰੂਰੀ ਹੈ।

ਅੱਜ, ਜਦੋਂ ਅਸੀਂ ਏ.ਸੀ. ਕਮਰਿਆਂ ਵਿਚ ਬੈਠਦੇ ਹਾਂ ਅਤੇ ਆਪਣੇ ਮੋਬਾਈਲਾਂ 'ਤੇ ਮੌਸਮ ਦੀਆਂ ਅਪਡੇਟਾਂ ਪੜ੍ਹਦੇ ਹਾਂ, ਤਾਂ ਸਾਵਨ ਦੀ ਅਸਲੀ ਖੁਸ਼ਬੂ ਕਿਤੇ ਗੁਆਚ ਜਾਂਦੀ ਹੈ। ਅਸੀਂ ਮੀਂਹ ਨੂੰ ਸਿਰਫ਼ ਟ੍ਰੈਫਿਕ ਸਮੱਸਿਆ ਬਣਾ ਦਿੱਤਾ ਹੈ। ਸਾਵਨ ਹੁਣ ਇੱਕ ਇੰਸਟਾਗ੍ਰਾਮ ਕਹਾਣੀ ਬਣ ਗਿਆ ਹੈ। ਪਰ ਕੀ ਅਸੀਂ ਕਦੇ ਆਪਣੇ ਅੰਦਰ ਮੀਂਹ ਮਹਿਸੂਸ ਕੀਤਾ ਹੈ?

ਉਹ ਮੀਂਹ ਜੋ ਸਾਨੂੰ ਧੋ ਦਿੰਦਾ ਹੈ - ਹੰਕਾਰ, ਖੁਸ਼ਕੀ, ਥਕਾਵਟ ਤੋਂ। ਸਾਵਣ ਸਾਨੂੰ ਦੁਬਾਰਾ ਗਿੱਲਾ ਕਰਦਾ ਹੈ, ਸਾਨੂੰ ਮਨੁੱਖ ਬਣਾਉਂਦਾ ਹੈ। ਇਹ ਮੌਸਮ ਕੁਦਰਤ ਦੀ ਗੋਦ ਵਿਚ ਵਾਪਸ ਜਾਣ ਦਾ ਸੱਦਾ ਹੈ।

ਅੱਜ ਦੇ ਕਵੀਆਂ ਲਈ ਸਾਵਣ ਕੀ ਹੈ?

ਅੱਜ ਦੇ ਕਵੀਆਂ ਨੂੰ ਸਿਰਫ਼ ਮਾਨਸੂਨ ਨੂੰ ਹੀ ਨਹੀਂ ਦਰਸਾਉਣਾ ਚਾਹੀਦਾ, ਸਗੋਂ ਇਸ ਦੇ ਅੰਦਰ ਛੁਪੀਆਂ ਅਸੰਗਤੀਆਂ ਨੂੰ ਵੀ ਕੈਦ ਕਰਨਾ ਚਾਹੀਦਾ ਹੈ। ਜਦੋਂ ਪੇਂਡੂ ਭਾਰਤ ਦੇ ਖੇਤਾਂ ਵਿਚ ਪਾਣੀ ਨਹੀਂ ਹੈ ਅਤੇ ਸ਼ਹਿਰਾਂ ਵਿਚ ਪਾਣੀ ਭਰਿਆ ਹੋਇਆ ਹੈ, ਤਾਂ ਇਹ ਅਸਮਾਨਤਾ ਵੀ ਸਾਹਿਤ ਦਾ ਵਿਸ਼ਾ ਬਣਨਾ ਚਾਹੀਦਾ ਹੈ।

ਝੂਲਿਆਂ ਅਤੇ ਕਜਰੀ ਤੋਂ ਇਲਾਵਾ, ਕਵਿਤਾ ਨੂੰ ਕਿਸਾਨਾਂ ਦੇ ਅਧੂਰੇ ਸੁਪਨਿਆਂ, ਬਰਬਾਦ ਹੋਈਆਂ ਫਸਲਾਂ ਅਤੇ ਜਲਵਾਯੂ ਪਰਿਵਰਤਨ ਦੇ ਸੰਕਟ ਨੂੰ ਵੀ ਪ੍ਰਗਟ ਕਰਨਾ ਚਾਹੀਦਾ ਹੈ।

ਸਾਵਨ ਅਤੇ ਰੰਗਮੰਚ: ਨਾਟਕੀ ਸੀਜ਼ਨ

ਸਾਵਨ ਸਿਰਫ਼ ਕਵਿਤਾ ਦਾ ਵਿਸ਼ਾ ਹੀ ਨਹੀਂ ਹੈ, ਸਗੋਂ ਇਹ ਥੀਏਟਰ ਅਤੇ ਲੋਕ ਨਾਟਕਾਂ ਲਈ ਵੀ ਇੱਕ ਪਸੰਦੀਦਾ ਸਮਾਂ ਹੈ। ਉੱਤਰੀ ਭਾਰਤ ਦੇ ਕਈ ਹਿੱਸਿਆਂ ਵਿਚ, ਇਸ ਮੌਸਮ ਦੌਰਾਨ ਝੂਲੇ ਦੇ ਤਿਉਹਾਰ, ਸਾਵਨੀ ਗੀਤ ਮੁਕਾਬਲੇ, ਲੋਕ ਨਾਟਕ ਅਤੇ ਕਵਿਤਾ ਸੰਮੇਲਨ ਆਯੋਜਿਤ ਕੀਤੇ ਜਾਂਦੇ ਹਨ।

ਇਹ ਸੀਜ਼ਨ ਕਲਾਕਾਰਾਂ ਲਈ ਪੁਨਰ ਜਨਮ ਵਾਂਗ ਹੈ। ਉਨ੍ਹਾਂ ਦੇ ਰੰਗ, ਉਨ੍ਹਾਂ ਦੀਆਂ ਆਵਾਜ਼ਾਂ ਅਤੇ ਉਨ੍ਹਾਂ ਦਾ ਮੰਚ, ਸਭ ਨਮ ਹੋ ਜਾਂਦੇ ਹਨ, ਜੋ ਸਿੱਧਾ ਦਰਸ਼ਕਾਂ ਦੇ ਦਿਲਾਂ ਤੱਕ ਪਹੁੰਚਦਾ ਹੈ।

ਆਧੁਨਿਕ ਮਨ ਅਤੇ ਸਾਵਣ ਦੀ ਚੁਣੌਤੀ

ਅੱਜ ਦਾ ਮਨੁੱਖ ਮਾਨਸੂਨ ਦੇਖ ਰਿਹਾ ਹੈ ਪਰ ਮਹਿਸੂਸ ਨਹੀਂ ਕਰ ਰਿਹਾ। ਉਸਦਾ ਮਨ ਜਾਣਕਾਰੀ, ਮਸ਼ੀਨਾਂ ਅਤੇ ਤੱਥਾਂ ਵਿਚ ਇੰਨਾ ਉਲਝਿਆ ਹੋਇਆ ਹੈ ਕਿ ਉਹ ਮੀਂਹ ਨੂੰ ਸਿਰਫ਼ ਮੌਸਮ ਵਿਭਾਗ ਦੀ ਭਵਿੱਖਬਾਣੀ ਵਜੋਂ ਹੀ ਲੈਂਦਾ ਹੈ। ਪਰ ਜੇ ਤੁਸੀਂ ਸਾਵਣ ਦੇ ਮਹੀਨੇ ਨੂੰ ਸਮਝਣਾ ਚਾਹੁੰਦੇ ਹੋ, ਤਾਂ ਤੁਹਾਨੂੰ ਖਿੜਕੀ ਖੋਲ੍ਹਣੀ ਪਵੇਗੀ, ਆਪਣੇ ਮਨ ਦੀ ਵੀ ਅਤੇ ਆਪਣੇ ਕਮਰੇ ਦੀ ਵੀ।

ਬੂੰਦਾਂ ਨੂੰ ਸਿਰਫ਼ ਚਮੜੀ 'ਤੇ ਹੀ ਨਹੀਂ, ਸਗੋਂ ਆਤਮਾ 'ਤੇ ਵੀ ਡਿੱਗਣ ਦੇਣਾ ਚਾਹੀਦਾ ਹੈ।

ਕੁਦਰਤ ਦਾ ਮੌਸਮੀ ਸੁਨੇਹਾ

ਸਾਵਨ ਸਾਨੂੰ ਯਾਦ ਦਿਵਾਉਂਦਾ ਹੈ ਕਿ ਵਿਕਾਸ ਅਤੇ ਵਿਨਾਸ਼ ਵਿਚਕਾਰ ਸੰਤੁਲਨ ਜ਼ਰੂਰੀ ਹੈ।

ਮੀਂਹ ਤੋਂ ਪਹਿਲਾਂ ਦੀ ਤੇਜ਼ ਗਰਮੀ, ਪਾਣੀ ਦਾ ਸੰਕਟ, ਜੰਗਲਾਂ ਦੀ ਅੱਗ - ਇਹ ਸਭ ਦਰਸਾਉਂਦਾ ਹੈ ਕਿ ਅਸੀਂ ਕੁਦਰਤ ਦੇ ਸੰਤੁਲਨ ਨੂੰ ਵਿਗਾੜ ਦਿੱਤਾ ਹੈ।

ਸਾਵਣ ਦੀ ਬਾਰਿਸ਼ ਇਸ ਵਿਗੜਨ ਤੋਂ ਕੁਝ ਰਾਹਤ ਦਿੰਦੀ ਹੈ ਪਰ ਨਾਲ ਹੀ ਚੇਤਾਵਨੀ ਵੀ ਦਿੰਦੀ ਹੈ ਕਿ ਜੇਕਰ ਅਸੀਂ ਹੁਣ ਨਾ ਸੁਧਰੇ ਤਾਂ ਸਾਵਣ ਸਿਰਫ਼ ਇੱਕ ਯਾਦ ਹੀ ਰਹਿ ਜਾਵੇਗਾ।

ਅੰਤ ਵਿਚ ਇੱਕ ਸਧਾਰਨ ਸੁਨੇਹਾ

ਸਾਵਣ ਦਾ ਮਹੀਨਾ ਆਉਣ ਦਿਓ। ਉਸਨੂੰ ਅੰਦਰ ਆਉਣ ਦਿਓ।

ਜਦੋਂ ਇਹ ਬੂੰਦ ਦੇ ਰੂਪ ਵਿਚ ਡਿੱਗਦਾ ਹੈ, ਤਾਂ ਇਹ ਸਿਰਫ਼ ਛੱਤਾਂ 'ਤੇ ਹੀ ਨਹੀਂ, ਸਗੋਂ ਤੁਹਾਡੀ ਕਵਿਤਾ ਵਿਚ ਵੀ ਡਿੱਗਣਾ ਚਾਹੀਦਾ ਹੈ।

ਜਦੋਂ ਇਹ ਝੂਲਦਾ ਹੈ, ਤਾਂ ਇਸਨੂੰ ਸਿਰਫ਼ ਰੁੱਖਾਂ ਵਿਚ ਹੀ ਨਹੀਂ, ਸਗੋਂ ਤੁਹਾਡੀ ਕਲਪਨਾ ਵਿਚ ਵੀ ਝੂਲਣਾ ਚਾਹੀਦਾ ਹੈ।

ਇਹ ਮਨ ਦਾ ਮੌਸਮ ਹੈ, ਤੁਹਾਨੂੰ ਬਸ ਇਸਨੂੰ ਪਛਾਣਨ ਦੀ ਲੋੜ ਹੈ।

ਬਚਪਨ ਦੇ ਉਹ ਝੂਲੇ, ਮਾਂ ਵੱਲੋਂ ਲਗਾਏ ਗਏ ਮਹਿੰਦੀ ਦੇ ਰੰਗ, ਛੱਤ 'ਤੇ ਰੱਖੇ ਭਾਂਡੇ ਅਤੇ ਖੇਤ ਵਿਚ ਦੌੜਦਾ ਨੰਗਾ ਬੱਚਾ - ਇਹ ਸਭ ਅਜੇ ਵੀ ਸਾਡੇ ਅੰਦਰ ਕਿਤੇ ਜ਼ਿੰਦਾ ਹਨ। ਸਾਵਣ ਦੇ ਮਹੀਨੇ ਵਿਚ ਉਨ੍ਹਾਂ ਨੂੰ ਬਾਹਰ ਆਉਣ ਦਿਓ।

ਬੇਨਤੀ:-

ਜਦੋਂ ਵੀ ਬੱਦਲ ਇਕੱਠੇ ਹੋਣ, ਮੋਬਾਈਲ ਨਾ ਚੁੱਕੋ, ਖਿੜਕੀ ਖੋਲ੍ਹੋ ਅਤੇ ਜੇ ਤੁਹਾਨੂੰ ਇਹ ਪਸੰਦ ਹੈ, ਤਾਂ ਇੱਕ ਪੁਰਾਣਾ ਗੀਤ ਗਾਓ:-

"ਕਦੇ ਮੈਨੂੰ ਮਿਲਣ ਆਓ ਤਾਂ ਜੋ ਮੈਂ ਮੌਨਸੂਨ ਦੇ ਗੀਤ ਗਾਈ ਜਾ ਸਕਾਂ..."

# ਸੀਨੀਅਰ ਸਿਟੀਜ਼ਨ

ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA



ਮੈਂ ਸਾਰੀ ਉਮਰ ਕਮਾਈ ਕੀਤੀ ਹੈ। ਹੁਣ ਬਤੌਰ ਸੀਨੀਅਰ ਸਿਟੀਜ਼ਨ ਮੈਨੂੰ ਵਿਹਲੇ ਰਹਿਣ ਦਾ ਅਧਿਕਾਰ ਹੈ। ਇਹ ਵਿਹਲ ਮੇਰੀ ਕਮਾਈ ਹੈ।

ਮੈਂ ਉਹ ਜੀਵਨ, ਉਹ ਬਿਰਧ ਅਵਸਥਾ ਬਸਰ ਕਰਨੀ ਚਾਹੁੰਦਾ ਹਾਂ, ਜੋ ਮੈਂ ਚਾਹੁੰਦਾ ਹਾਂ। ਉਹ ਨਹੀਂ ਜੋ ਲੋਕ ਮੇਰੇ ਤੋਂ ਉਮੀਦ ਰੱਖਦੇ ਹਨ।

ਮੇਰੇ ਵਿਚ ਹੌਂਸਲਾ ਹੈ ਕਿ ਮੈਂ ਆਪਣੀਆਂ ਭਾਵਨਾਵਾਂ ਬਾਰੇ ਤੁਹਾਨੂੰ ਦੱਸ ਸਕਾਂ, ਆਪਣੀ ਸੋਚ ਤੁਹਾਡੇ ਨਾਲ ਸਾਂਝੀ ਕਰ ਸਕਾਂ।

ਇਸ ਅਵਸਥਾ ਵਿਚ ਮੇਰੀ ਇੱਛਾ ਹੈ ਕਿ ਮੈਂ ਆਪਣੇ ਪਰਿਵਾਰ, ਆਪਣੇ ਰਿਸ਼ਤੇਦਾਰਾਂ, ਆਪਣੇ ਦੋਸਤਾਂ ਦੇ ਸੰਪਰਕ ਵਿਚ ਰਹਾਂ।

ਮੈਂ ਖੁਸ਼ ਤੇ ਸਕੂਨ ਵਿਚ ਰਹਿਣਾ ਚਾਹੁੰਦਾ ਹਾਂ ਕਿਉਂਕਿ ਪੀਸ ਆਫ਼ ਮਾਈਂਡ ਤੋਂ ਪਰੇ ਕੁਝ ਨਹੀਂ ਹੈ।

ਉੱਘੇ ਲੇਖਕ ਅਤੇ ਕਾਲਮਨਵੀਸ ਖੁਸ਼ਵੰਤ ਸਿੰਘ ਲਿਖਦੇ ਹਨ, "ਬੁਢਾਪੇ ਦਾ ਮੁਕਾਬਲਾ ਕਰਨਾ ਅਤੇ ਇਸ ਨਾਲ ਸ਼ਰਤਾਂ ਬਣਾਉਣਾ ਵਧੇਰੇ ਮਹੱਤਵਪੂਰਨ ਹੈ। ਓਨਾ ਹੀ ਮਹੱਤਵਪੂਰਨ ਹੈ, ਖਾਣ-ਪੀਣ ਦੀ ਆਦਤ ਨੂੰ ਘੱਟ ਕਰਨਾ। ਪੇਟ ਹਰ ਤਰ੍ਹਾਂ ਦੀਆਂ ਬਿਮਾਰੀਆਂ ਦਾ ਭੰਡਾਰ ਹੈ। ਆਪਣੀਆਂ ਆਂਤੜੀਆਂ ਨੂੰ ਸਾਫ਼ ਰੱਖੋ। ਖਾਣ-ਪੀਣ ਅਤੇ ਕਸਰਤ 'ਤੇ ਸਖ਼ਤ ਅਨੁਸ਼ਾਸਨ ਲਗਾਓ, ਮਨ ਦੀ ਸ਼ਾਂਤੀ ਜ਼ਰੂਰੀ ਹੈ। ਕਦੇ ਵੀ ਆਪਣਾ ਗੁੱਸਾ ਨਾ ਗੁਆਓ, ਇਹ ਇਕ ਭਾਰੀ ਟੋਲ ਲੈਂਦਾ ਹੈ ਅਤੇ ਨਸਾਂ ਨੂੰ ਭੰਨਦਾ ਹੈ। ਖੁੱਲ੍ਹੇ ਦਿਲ ਨਾਲ ਦਿਓ। ਤੁਸੀਂ ਕੁਝ ਵੀ ਆਪਣੇ ਨਾਲ ਨਹੀਂ ਲਿਜਾ ਸਕਦੇ। ਤੁਸੀਂ ਬਿਹਤਰ ਮਹਿਸੂਸ ਕਰੋਗੇ। ਈਰਖਾ ਕਰਨੀ ਛੱਡ ਦਿਓ। ਦੂਸਰਿਆਂ ਦੀ ਮਦਦ ਕਰੋ। ਮਨ ਨੂੰ ਕੁਝ ਵਕਤ ਲਈ ਵਿਚਾਰ-ਰਹਿਤ ਕਰੋ। ਸਮਾਜ ਨਾਲ, ਸੰਸਾਰ ਨਾਲ ਸ਼ਾਂਤੀ ਵਿਚ ਰਹੋ। ਅਸੀਂ ਫੌਜਾ ਸਿੰਘ ਨਹੀਂ ਬਣ ਸਕਦੇ ਪਰ ਲੰਮੀ ਉਮਰ ਅਤੇ ਰਚਨਾਤਮਕਤਾ ਵਿਚ ਉਸਦੀ ਬਰਾਬਰੀ ਕਰ ਸਕਦੇ ਹਾਂ।"

ਖੁਸ਼ਵੰਤ ਸਿੰਘ ਦੀਆਂ ਗੱਲਾਂ ਸਹੀ ਹਨ। ਮੈਂ ਇਸ ਉਮਰ ਵਿਚ ਹਲਕੀ ਵੰਨ-ਸਵੰਨੀ ਖ਼ੁਰਾਕ ਖਾਣੀ ਚਾਹੁੰਦਾ ਹਾਂ। ਕਾਫ਼ੀ ਸਾਰੀ ਨੀਂਦ ਲੈ ਕੇ, ਤਣਾਅ-ਮੁਕਤ ਰਹਿੰਦਿਆਂ, ਲਿਖਣਾ ਪੜ੍ਹਨਾ, ਸੈਰ ਕਸਰਤਾ ਕਰਨਾ ਚਾਹੁੰਦਾ ਹਾਂ। ਘਰ ਦੇ ਨਿੱਕੇ-ਨਿੱਕੇ ਕੰਮਾਂ ਵਿਚ ਰੁੱਝਿਆ ਰਹਿਣਾ ਪਸੰਦ ਕਰਦਾ ਹਾਂ। ਜ਼ਿੰਦਗੀ ਬੜੀ ਛੋਟੀ ਹੈ। ਕਦੇ-ਕਦੇ ਖ਼ਿਆਲ ਆਉਂਦਾ ਹੈ, ਐਨੀ ਛੋਟੀ ਵੀ ਨਹੀਂ। ਬਚਪਨ ਯਾਦ ਕਰਨ ਲਈ ਬਹੁਤ ਪਿੱਛੇ ਜਾਣਾ ਪੈਂਦਾ ਹੈ। ਲੰਮਾ ਸਫ਼ਰ ਤੈਅ ਕਰਨਾ ਪੈਂਦਾ ਹੈ।

ਮੇਰੀ ਇੱਛਾ ਰਹਿੰਦੀ ਹੈ ਕਿ ਮੈਨੂੰ ਵਧੇਰੇ ਕਰਕੇ ਪੌਦਿਆਂ ਖੇਤਾਂ ਤੋਂ ਆਇਆ ਕੁਦਰਤੀ ਭੋਜਨ ਮਿਲੇ। ਕਹਿੰਦੇ ਹਨ ਸ਼ਹਿਤੂਤ ਦੀਆਂ ਪੱਤੀਆਂ ਨਾਲ ਗਲੇ ਦੀ ਖਰਾਸ਼ ਠੀਕ ਰਹਿੰਦੀ ਹੈ। ਅੰਦਰਲੀ ਸੋਜ ਘੱਟਦੀ ਹੈ। ਖ਼ੂਨ ਦਾ ਦਬਾਅ ਅਤੇ ਕੋਲੈਸਟਰਲ ਪੱਧਰ ਕੰਟਰੋਲ ਵਿਚ ਰਹਿੰਦਾ ਹੈ। ਸ਼ਕਰਕੰਦੀ ਦੇ ਬੜੇ ਫਾਇਦੇ ਹਨ। ਸਿਹਤਮੰਦ ਫਾਈਬਰ ਮਿਲਦਾ ਹੈ। ਇਹ ਬਲੂਬੇਰੀ ਦੇ ਮੁਕਾਬਲੇ ਵਧੇਰੇ ਐਂਟੀਔਕਸੀਡੈਂਟ ਨਾਲ ਭਰੀ ਹੁੰਦੀ ਹੈ। ਸਮੱਸਿਆ ਇਹ ਹੈ ਕਿ ਸਾਨੂੰ ਜਾਣਕਾਰੀ ਤਾਂ ਬੜੀ ਹੈ, ਨੁਸਖੇ ਵੀ ਬਹੁਤ ਪਤਾ ਨੇ ਪਰ ਉਨ੍ਹਾਂ 'ਤੇ ਅਮਲ ਨਹੀਂ ਕਰਦੇ। ਸ਼ਹਿਤੂਤ ਦੀਆਂ ਪੱਤੀਆਂ ਅਤੇ ਸ਼ਕਰਕੰਦੀ ਤਾਂ ਆਮ ਚੀਜ਼ਾਂ ਹਨ। ਹਰ ਥਾਂ ਮਿਲਣ ਵਾਲੀਆਂ। ਸੌਖੇ ਢੰਗ ਨਾਲ। ਸਸਤੇ ਭਾਅ। ਅਸੀਂ ਕਿੰਨੇ ਕੁ ਜਾਣੇ ਹਾਂ, ਜਿਹੜੇ ਇਨ੍ਹਾਂ ਦਾ ਪ੍ਰਯੋਗ ਕਰਦੇ ਹਾਂ? ਕਿੰਨੇ ਕੁ ਹਾਂ ਜਿਹੜੇ ਅਨੁਸ਼ਾਸਨ ਵਿਚ ਰਹਿ ਕੇ ਖਾਂਦੇ-ਪੀਂਦੇ ਹਾਂ? ਸੌਂਦੇ ਜਾਗਦੇ ਹਾਂ? ਸੁਣਦੇ ਬੋਲਦੇ ਹਾਂ? ਵਰਤੋਂ-ਵਿਹਾਰ ਕਰਦੇ ਹਾਂ?

ਜੀਵਨ ਦੀ ਹਰੇਕ ਅਵਸਥਾ ਵਿਚ ਅਨੁਸ਼ਾਸਨ ਜ਼ਰੂਰੀ ਹੈ ਪਰ ਵਡੇਰੀ ਉਮਰ ਵਿਚ ਵਧੇਰੇ ਜ਼ਰੂਰੀ ਹੈ। ਅਨੁਸ਼ਾਸਨ ਵਿਚ ਰਹਿਣ ਨਾਲ ਜੀਵਨ 'ਤੇ ਕੰਟਰੋਲ ਅਤੇ ਆਤਮ-ਵਿਸ਼ਵਾਸ ਮਹਿਸੂਸ ਹੁੰਦਾ ਹੈ। ਜੀਵਨ ਦੀ ਗੁਣਵਤਾ ਵਿਚ ਸੁਧਾਰ ਹੁੰਦਾ ਹੈ। ਸਮਾਜਿਕ ਪਰਿਵਾਰਕ ਰਿਸ਼ਤੇ ਮਜ਼ਬੂਤ ਹੁੰਦੇ ਹਨ।

ਸਮੇਂ ਸਿਰ ਸੌਣ, ਚੰਗੀ ਨੀਂਦ ਲੈਣ, ਸਮੇਂ ਸਿਰ ਉੱਠਣ, ਸੈਰ ਕਸਰਤ ਕਰਨ, ਸਿਹਤਮੰਦ ਖ਼ੁਰਾਕ ਖਾਣ, ਕੁਝ ਨਵਾਂ ਸਿੱਖਣ, ਛੋਟੇ-ਛੋਟੇ ਕੰਮ ਕਰਨ, ਕਿਤਾਬਾਂ ਪੜ੍ਹਨ ਨਾਲ ਬਜ਼ੁਰਗ ਅਵਸਥਾ ਨੂੰ ਵਧੇਰੇ ਸਿਹਤਮੰਦ, ਵਧੇਰੇ ਸਰਗਰਮ, ਸੁਖਦ ਤੇ ਸਾਰਥਿਕ ਬਣਾਇਆ ਜਾ ਸਕਦਾ ਹੈ।

ਅੱਖਾਂ ਤੋਂ ਘੱਟ ਦਿਸਣ ਲੱਗਦਾ ਹੈ। ਕੰਨਾਂ ਤੋਂ ਘੱਟ ਸੁਣਨਾ ਲੱਗਦਾ ਹੈ। ਹੱਢੀਆਂ ਜੋੜਾਂ ਦੇ ਦਰਦ ਪ੍ਰੇਸ਼ਾਨ ਕਰਦੇ ਹਨ। ਪੁਰਾਣੇ ਰੋਗ ਵੀ ਨਵੇਂ ਸਿਰਿਉਂ ਸਿਰ ਚੁੱਕ ਲੈਂਦੇ ਹਨ। ਮਾਨਸਿਕ ਅਹੁਰਾਂ ਵੀ ਦਸਤਕ ਦੇਣ ਲੱਗਦੀਆਂ ਹਨ। ਪਰਿਵਾਰ ਤੋਂ, ਬੱਚਿਆਂ ਤੋਂ ਦੂਰ ਰਹਿਣਾ ਕਈ ਵਾਰ ਮਜਬੂਰੀ ਬਣ ਜਾਂਦਾ ਹੈ। ਅੱਧੇ ਘਰਾਂ ਦੇ ਬੱਚੇ ਵਿਦੇਸ਼ ਜਾ ਵੱਸੇ ਹਨ। ਇਕੱਲਤਾ ਪ੍ਰੇਸ਼ਾਨ ਕਰਦੀ ਹੈ। ਪ੍ਰੇਸ਼ਾਨੀਆਂ ਦੀ ਲਿਸਟ ਲੰਮੀ ਹੁੰਦੀ ਜਾਂਦੀ ਹੈ। ਪਰ ਕੁਦਰਤ ਕਹਿੰਦੀ ਹੈ, ਹੁਣ ਘੱਟ ਸੁਣੋ, ਘੱਟ ਵੇਖੋ, ਘੱਟ ਬੋਲੋ, ਤੋਰਾ-ਫੇਰਾ ਘਟਾਓ। ਇਨ੍ਹਾਂ ਗੁੱਝੀਆਂ ਗੱਲਾਂ ਨੂੰ ਸਮਝਣ ਅਪਨਾਉਣ ਦੀ ਥਾਂ ਬਜ਼ੁਰਗ ਝੂਰਦੇ ਹਨ, ਉਦਾਸ ਹੁੰਦੇ ਹਨ, ਨਰਾਜ਼ ਹੁੰਦੇ ਹਨ।

ਦੂਸਰੇ ਪਾਸੇ ਦੁਨੀਆਂ ਦੇ ਅਨੇਕਾਂ ਬਜ਼ੁਰਗ ਪਰਿਵਾਰਕ ਸਮਾਜਿਕ ਜ਼ਿੰਮੇਵਾਰੀਆਂ ਤੇ ਦੌੜ-ਭੱਜ ਤੋਂ ਮਿਲੀ ਵਿਹਲ ਦਾ ਆਨੰਦ ਉਠਾਉਂਦੇ ਹਨ। ਆਪਣੇ ਸ਼ੌਕ ਪੂਰੇ ਕਰਦੇ ਹਨ। ਸ਼ਾਂਤ ਤੇ ਸਹਿਜ ਮਨ ਨਾਲ ਸਮਾਂ ਬਤਾਉਂਦੇ ਹਨ। ਸੰਤੁਸ਼ਟ ਰਹਿੰਦੇ ਹਨ।

ਬਜ਼ੁਰਗ ਭਾਵਨਾਤਾਮਕ ਉਲਾਰ 'ਤੇ ਕਾਬੂ ਰੱਖਣਾ ਸਿੱਖ ਚੁੱਕੇ ਹੁੰਦੇ ਹਨ। ਉਹ ਆਪਣੀਆਂ ਕਦਰਾਂ-ਕੀਮਤਾਂ ਤੇ ਤਰਜੀਹਾਂ ਪ੍ਰਤੀ ਸਪੱਸ਼ਟ ਹੁੰਦੇ ਹਨ। ਸਮੱਸਿਆਵਾਂ ਦੇ ਹੱਲ ਦੀ ਸਮਝ ਤੇ ਯੋਗਤਾ ਰੱਖਦੇ ਹਨ। ਉਨ੍ਹਾਂ ਕੋਲ ਆਪਣੇ ਸਮੇਂ ਤੇ ਊਰਜਾ ਦੀ ਵਰਤੋਂ ਦੀ ਖੁੱਲ੍ਹ ਹੁੰਦੀ ਹੈ।

ਅਨੇਕਾਂ ਬਜ਼ੁਰਗ ਹਨ ਜਿਹੜੇ ਸਮਾਜ ਲਈ, ਆਪਣੇ ਭਾਈਚਾਰੇ ਲਈ ਆਪਣੀਆਂ ਸੇਵਾਵਾਂ ਪ੍ਰਦਾਨ ਕਰਦੇ ਹਨ। ਬਦਲੇ ਵਿਚ ਕੁਦਰਤ ਉਨ੍ਹਾਂ ਨੂੰ ਪ੍ਰਸੰਨਤਾ, ਊਰਜਾ, ਸੰਤੁਸ਼ਟੀ ਤੇ ਸਿਹਤ ਦਾ ਤੋਹਫ਼ਾ ਭੇਂਟ ਕਰਦੀ ਹੈ, ਅਜਿਹੇ ਬਜ਼ੁਰਗ ਬਦਲਾਅ ਤੇ ਚੁਣੌਤੀਆਂ ਨੂੰ ਰੋਜ਼ਾਨਾ ਜੀਵਨ ਦਾ ਹਿੱਸਾ ਸਮਝ ਕੇ ਸਹਿਜ ਬਣੇ ਰਹਿੰਦੇ ਹਨ ਅਤੇ ਕਦੇ ਵੀ ਰਿਟਾਇਰ ਨਹੀਂ ਹੁੰਦੇ।

ਹਰੇਕ ਬਜ਼ੁਰਗ ਨੂੰ ਬੁਢੇਪਾ ਉਵੇਂ ਜਿਊਣ ਦਾ ਅਧਿਕਾਰ ਹੈ, ਜਿਵੇਂ ਉਹ ਜਿਊਣਾ ਚਾਹੁੰਦਾ ਹੈ। ਆਓ ਉਨ੍ਹਾਂ ਦੇ ਇਸ ਅਧਿਕਾਰ ਨੂੰ ਅਮਲੀ ਰੂਪ ਦੇਣ ਵਿਚ ਉਨ੍ਹਾਂ ਦੀ ਸਹਾਇਤਾ ਕਰੀਏ।

## ਚੜ੍ਹ ਗਿਆ ਸਾਉਣ (ਗੀਤ)

ਚੜ੍ਹ ਗਿਆ ਸਾਉਣ ,
ਲੱਗਾ ਮੀਂਹ ਵਰਸਾਉਣ,
ਆਣ ਕਮਲੀ ਨੂੰ ਦਰਸ ਦਿਖਾ,
ਅੱਖੀਆਂ ਵੇ ਵਰਸ ਰਹੀਆਂ,
ਹਾੜ੍ਹਾ ਛੇਤੀਂ ਛੇਤੀਂ ਚੰਨਾਂ ਘਰ ਆ।

ਵਾਂਗ ਪਪੀਹੇ ਜੀਅ ਪੀਹੂ ਪੀਹੂ ਕਰੇ ਵੇ,
ਲਿਸ਼ਕਦਾ ਏ ਮੇਘਾ ਚਿੱਤ ਚੰਦਰਾ ਡਰੇ ਵੇ,
ਠੰਢੀ ਪੱਛੋਂ ਵਲੋਂ ਵਗਦੀ ਏ 'ਵਾ।
ਅੱਖੀਆਂ ਵੇ ਵਰਸ ਰਹੀਆਂ,
ਹਾੜ੍ਹਾ ਛੇਤੀਂ ਛੇਤੀਂ ਚੰਨਾਂ.... .... ....।

ਚੜ੍ਹ ਚੜ੍ਹ ਆਉਂਦੀ ਦੇਖਾਂ ਘਟਾ ਘਨਘੋਰ ਵੇ,
ਮਚਦਾ ਏ ਸੀਨਾ ਦੇਖਾਂ ਨੱਚਦੇ ਜੇ ਮੋਰ ਵੇ,
ਢੋਲਾ ਬਣਕੇ ਛਰਾਟਾ ਵਰ੍ਹ ਜਾ,
ਅੱਖੀਆਂ ਵੇ.... .... ....,

ਹਾੜ੍ਹਾ ਛੇਤੀਂ ਛੇਤੀਂ ਚੰਨਾਂ। ...........
ਉਡੀਕਦੀਆਂ ਸਖੀਆਂ ਤੀਆਂ ਦਾ ਤਿਉਹਾਰ ਵੇ,
ਦੇਵੇ ਨ ਵਿਛੋੜਾ ਕਿਤੇ ਤੱਤੜੀ ਨੂੰ ਮਾਰ ਵੇ,
ਦਿਲ ਧੜਕਦੈ ਮਾਹੀਆ ਠਾਹ ਠਾਹ,
ਅੱਖੀਆਂ ਵੇ.... .... ....,
ਹਾੜ੍ਹਾ.... .... ....।

ਛੇੜਨ ਸੁਹੇਲੀਆਂ 'ਨੂਰਪੁਰੀ' ਲੈ ਕੇ ਤੇਰਾ ਨਾਂ ਵੇ,
ਤੀਰ ਵੱਜੇ ਸਿੱਧੇ ਛਾਤੀ ਮਾਰ ਛੱਡੇ ਥਾਂ ਵੇ,
ਘਟਾ ਕਾਲ਼ੀ ਬਣ ਚੰਦਰਿਆ ਛਾ,
ਅੱਖੀਆਂ ਵੇ.... .... ....,
ਹਾੜ੍ਹਾ.... .... ....।



-ਸੇਵਾ ਸਿੰਘ "ਨੂਰਪੁਰੀ"

ਪੰਜਾਬ ਮੇਲUSA

## ਗ਼ਜ਼ਲ

ਜਿੱਤ ਕੇ ਬਾਜ਼ੀ ਹਾਰਦੇ ਰਹੇ।
ਯਬਲ਼ੀਆਂ ਹੀ ਮਾਰਦੇ ਰਹੇ।

ਹੱਥ ਨਾ ਆਈਆਂ ਹੀਰਾਂ ਕਦੇ
ਉਂ ਰਾਂਝੇ ਮੱਝਾਂ ਚਾਰਦੇ ਰਹੇ।

ਕੁਝ ਨਾ ਲੱਭਾ ਜਾਗ ਕੇ ਰਾਤਾਂ
ਐਵੇਂ ਹੱਡ ਹੀ ਠਾਰਦੇ ਰਹੇ।

ਜੁੜ ਨਾ ਸਕਿਆ ਧੇਲਾ ਕਦੇ
ਬੱਸ ਬੁੱਤਾ ਹੀ ਸਾਰਦੇ ਰਹੇ।

ਮਹਿਰਮ ਦਿਲ ਦੇ ਨਾ ਬਣੇ
ਭਾਵੇਂ ਜ਼ਿੰਦਗੀ ਵਾਰਦੇ ਰਹੇ।

ਮਿਲੀ ਨਾ ਕਦੇ ਵੀ ਕਾਮਯਾਬੀ
ਮਨ 'ਚ ਜੋ ਵੀ ਧਾਰਦੇ ਰਹੇ।

ਪਾਰ ਨਾ ਹੋਏ ਇਸ਼ਕ ਝਨਾਂ
ਕਿਸ਼ਤੀਆਂ ਹੀ ਤਾਰਦੇ ਰਹੇ।



-ਪ੍ਰੋ. ਨਵ ਸੰਗੀਤ ਸਿੰਘ, ਪਟਿਆਲਾ
94176-92015

ਪੰਜਾਬ ਮੇਲUSA

## ਚਸਕਾ-ਏ-ਕੁਰਸੀ

ਪ੍ਰਧਾਨਗੀ ਵਾਲੀ ਭਾਵਨਾ, ਹਰ ਥਾਂ ਭਾਰੂ ਜਾਪੇ,
ਦਿਸ ਰਹੇ ਦੁਨੀਆਂ 'ਚ, ਇਸ ਦੇ ਬੜੇ ਸਿਆਪੇ।

ਪਰ ਅਧੀਨ ਹੋ ਕੇ ਨਾ, ਕੋਈ ਅੱਜ ਰਹਿਣਾ ਚਾਹੇ,
ਜਿੱਥੇ ਵੀ ਹੋਵੇ ਕੁਰਸੀ, ਉਸ ਵੱਲ ਨੱਠ ਨੱਠ ਜਾਵੇ।

ਕੀ ਲੇਖਕ ਕੀ ਨੇਤਾ, ਸਭ ਨੂੰ ਇੱਕੋ ਬੀਮਾਰੀ,
ਲਾਇਲਾਜ ਰੋਗ ਰਹੇ, ਚਿੰਬੜਿਆ ਉਮਰਾ ਸਾਰੀ।

ਧਰਮ ਦੇ ਕਰਮ ਵੀ ਕੁਰਸੀ, ਬਿਨਾ ਨਾ ਪੂਰਣ ਹੁੰਦੇ,
ਹਰ ਥਾਂ ਦੇਖੋ ਕਾਰੇ, ਕੁਰਸੀ ਦੇ ਬੜੇ ਹੀ ਗੁੰਡੇ।

ਸਿਆਣਪਾਂ ਛਿੱਕੇ ਟੰਗ ਕੇ, ਝੁੱਗੇ ਚੌੜ ਕਰਾ ਕੇ,
ਕਰਨ ਲਾਲਸਾਵਾਂ ਜ਼ਾਹਿਰ, ਵਿਚ ਚੌਰਾਹੇ ਆ ਕੇ।

ਪੱਗੋ ਹੱਥੀਂ ਹੁੰਦੇ, ਕਈ ਮੈਂ ਥਾਂ ਥਾਂ ਡਿੱਠੇ,
ਤਿੰਨ ਲੱਤੀਆਂ ਕੁਰਸੀਆਂ ਨੂੰ, ਮਾਰਨ ਘੁੱਟ-ਘੁੱਟ ਜੱਫੇ।

ਖੁਸ ਜਾਏ ਜੇ ਕੁਰਸੀ, ਲੈਂਦੇ ਹੋਕੇ 'ਤੇ ਹਾਵੇ,
ਜਾਨ ਜਾਵੇ ਤਾਂ ਜਾਵੇ, ਹਾਏ ਕੁਰਸੀ ਨਾ ਜਾਵੇ!

ਪੁੱਠਾ ਵਗਦਾ ਹੈ ਚਲਣ, ਜਿਸ ਵਿਚ ਕਈ ਜਾਂਦੇ ਰੁੜ੍ਹਦੇ,
ਜੇ ਹੱਥ ਨਾ ਆਵੇ ਕੁਰਸੀ, ਤੜਫਦੇ ਨਿੱਤ ਹੀ ਕੁੜ੍ਹਦੇ।

ਆਓ ਕਰੀਏ ਕਿਨਾਰਾ, ਇਨ੍ਹਾਂ ਤੋਂ ਬਚ ਕੇ ਰਹੀਏ,
ਐਸੇ ਪੁਰਸ਼ਾਂ ਨੂੰ ਸਿਆਣੇ, ਹੁਣ ਕਿਵੇਂ ਅਸੀਂ ਕਹੀਏ?



ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ ਯੂ.ਕੇ.

ਪੰਜਾਬ ਮੇਲUSA

## ਕੇਸ ਨੇ ਮੋਹਰ ਗੁਰੂ ਦੀ

### (ਭਾਈ ਤਾਰੂ ਸਿੰਘ)

ਲਾਹਦੇ ਖੋਪਰੀ ਕੱਟੀਂ ਨਾ ਕੇਸ ਮੇਰੇ
ਕੇਸ ਨੇ ਮੋਹਰ ਗੁਰੂ ਦੀ।
ਲਿਆਵੀਂ ਕੈਂਚੀ ਨਾ ਜਲਾਦਾ ਕੇਸਾਂ ਨੇੜੇ
ਕੇਸ ਨੇ ਮੋਹਰ ਗੁਰੂ ਦੀ।
ਕੰਘਾ,ਕੜਾ ਤੇ ਕਛਹਿਰਾ- ਕਿਰਪਾਨ ਓਏ,
ਦਾਹੜਾ,ਮੁੱਛ ਨੇ ਸਿੰਘਾਂ ਦੀ ਆਨ ਸ਼ਾਨ ਓਏ,
ਹੋਰ ਦੇਲੈ ਤੂੰ ਤਸੀਹੇ ਦੇਣੇ ਜੇਹੜੇ
ਕੇਸ ਨੇ ਮੋਹਰ ਗੁਰੂ ਦੀ।
ਮੈਨੂੰ ਸਿੱਖੀ ਹੈ ਪਿਆਰੀ ਜਿੰਦ ਜਾਨ ਤੋਂ,
ਅਸੀਂ ਡਰਦੇ ਨਾ ਜ਼ਕਰੀਆ ਖਾਨ ਤੋਂ,
ਲਾੜੀ ਮੌਤ ਨੂੰ ਵਿਆਹੁਣਾ ਬੰਨ੍ਹ ਸੇਹਰੇ
ਕੇਸ ਨੇ ਮੋਹਰ ਗੁਰੂ ਦੀ।
ਤਾਰੂ ਸਿੰਘ ਮੁੱਖੋਂ ਬਾਣੀ ਗਾਈ ਜਾਂਦਾ ਏ,
ਟੱਕ ਟੋਕੇ ਨਾ ਜਲਾਦ ਲਾਈ ਜਾਂਦਾ ਏ,
ਵੇਖ ਜੁਲਮ ਕੰਧਾਂ ਨੇ ਹੰਝੂ ਕੇਰੇ
ਕੇਸ ਨੇ ਮੋਹਰ ਗੁਰੂ ਦੀ।
ਲਹਿਗੀ ਖੋਪਰੀ ਸ਼ਹੀਦੀ ਸਿੰਘ ਪਾ ਗਿਆ,
ਤਾਰੂ ਸਿੰਘ ਜਿੰਦ ਕੌਮ ਲੇਖੇ ਲਾ ਗਿਆ,
ਧੰਨ ਪਿਤਾ ਦਸਮੇਸ਼ ਸਿੱਖ ਤੇਰੇ
ਕੇਸ ਨੇ ਮੋਹਰ ਗੁਰੂ ਦੀ।
ਲਾਹਦੇ ਖੋਪਰੀ ਕੱਟੀਂ ਨਾ ਕੇਸ ਮੇਰੇ
ਕੇਸ ਨੇ ਮੋਹਰ ਗੁਰੂ ਦੀ।



-ਮਲਕੀਤ ਸਿੰਘ ਗਿੱਲ, ਭੱਠਲਾਂ
79865-28225

ਪੰਜਾਬ ਮੇਲUSA

## ਬਾਪੂ ਫੌਜਾ ਸਿੰਘ ਦੌੜਾਕ



ਸਦਾ ਪੈਣੀਆਂ ਗੂੰਜਾਂ, ਸਿੰਘ ਦੇ ਕਰੇ ਖੜਾਕ ਦੀਆਂ
ਦੁਨੀਆਂ ਪਾਊ ਬਾਤਾਂ, ਫੌਜਾ ਸਿੰਘ ਦੌੜਾਕ ਦੀਆਂ

ਰੌਸ਼ਨ ਕਰ ਗਿਆ ਬਾਬਾ ਜੱਗ 'ਤੇ, ਨਾਮ ਪੰਜਾਬੀਆਂ ਦਾ
ਦੁਨੀਆਂ ਉੱਤੇ ਹੋਰ ਵਧਾ ਗਿਆ, ਮਾਣ ਪੰਜਾਬੀਆਂ ਦਾ
ਸਦਾ ਪੈਣਗੀਆਂ ਝਲਕਾਂ, ਉਹਦੀ ਬਾਲ਼ੀ, ਲਾਟ ਦੀਆਂ
ਸਦਾ ਹੋਣਗੀਆਂ ਗੱਲਾਂ, ਫੌਜਾ ਸਿੰਘ ਦੌੜਾਕ ਦੀਆਂ

ਫੌਜਾ ਸਿੰਘ ਨੇ ਵੱਖਰੇ ਸਾਨੂੰ, ਪਾਠ ਪੜਾ ਦਿੱਤੇ
ਕਦੇ ਨਾ ਤੋੜੇ ਜਾਣੇ ਜਿਹੜੇ, ਰਿਕਾਡ ਬਣਾ ਦਿੱਤੇ
ਕਿਆ ਸੀ ਬਾਤਾਂ ਮਿੱਤਰੋ ਉਹਦੀ, ਵੱਖਰੀ ਠਾਠ ਦੀਆਂ
ਸਦਾ ਹੋਣਗੀਆਂ ਗੱਲਾਂ, ਫੌਜਾਂ ਸਿੰਘ ਦੌੜਾਕ ਦੀਆਂ

ਜਿਹੜੀ ਉਮਰ 'ਚ ਸਾਡੇ ਗੋਡੇ ਗਿੱਟੇ ਖੜ ਜਾਂਦੇ
ਅਕਸਰ ਲੋਕੀ ਜਿਹੜੀ ਉਮਰ 'ਚ ਗੱਡੀ ਚੜ੍ਹ ਜਾਂਦੇ
ਓਸ ਉਮਰ ਵਿਚ ਉੱਦਮੀ ਬਾਪੂ, ਭੱਜਣ ਲੱਗਾ ਸੀ
ਢਲਦੀ ਉਮਰ 'ਚ ਸੂਰਜ ਅੱਗਾਂ, ਕੱਢਣ ਲੱਗਾ ਸੀ
ਭੱਜਦੇ ਸਿੰਘ ਨੂੰ ਦੇਖ ਗੋਰੀਆਂ, ਖੜ ਖੜ ਝਾਕਦੀਆਂ
ਸਦਾ ਹੋਣਗੀਆਂ ਗੱਲਾਂ, ਫੌਜਾ ਸਿੰਘ ਦੌੜਾਕ ਦੀਆਂ

ਸਾਨੂੰ ਗਿਆ ਸਿਖਾ ਕੇ ਅਸਲੀ, ਜੀਣਾ ਕੀ ਹੁੰਦਾ
ਵਿਚ ਮੁਸ਼ਕਲਾਂ ਸਬਰਾਂ ਦਾ ਘੁੱਟ, ਪੀਣਾ ਕੀ ਹੁੰਦਾ
ਮਾੜੇ ਵਕਤ ਨੂੰ ਗੋਡਿਆਂ ਥੱਲੇ, ਕਿੱਦਾਂ ਢਾਈਦਾ
ਨਾਲ ਹਿੰਮਤਾਂ ਇਸ ਦੁਨੀਆਂ ਨੂੰ, ਕਿਵੇਂ ਝੁਕਾਈਦਾ
ਡਾਣਸੀਵਾਲੀਆ ਉਮਰਾਂ ਨੂੰ ਕਿੰਝ ਜੱਫਾ ਪਾਈਦਾ
ਸਦਾ ਆਉਣੀਆ ਚੇਤੇ ਗੱਲਾਂ, ਬੁੱਢੇ ਬਾਪ ਦੀਆਂ
ਸਦਾ ਹੋਣਗੀਆਂ ਗੱਲਾਂ, ਫੌਜਾ ਸਿੰਘ ਦੌੜਾਕ ਦੀਆਂ



-ਕੁਲਵੀਰ ਸਿੰਘ ਡਾਨਸੀਵਲ,
ਸਰੀ, ਬੀ.ਸੀ. ਕੈਨੇਡਾ
778-863-2472

ਪੰਜਾਬ ਮੇਲUSA



RE/MAX
RE/MAX
Outstanding Agents
Outstanding Results
DRE Lic. # 01215931 (Broker)

Gurjatinder S. Randhawa
REALTOR CA DRE licence # 01490567



FOR SALE & PURCHASE OF
ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ
ਜਾਂ ਵੇਚਣ ਲਈ ਸੰਪਰਕ ਕਰੋ।

Gurjatinder S. Randhawa
916-320-9444

Gurjatinder S. Randhawa
REALTOR CA DRE licence # 01490567

web: www.RealtorRandhawa.com
garysingh123@yahoo.com